
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 19
August 17, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# 76ਵੇਂ ਸੁਤੰਤਰਤਾ ਦਿਵਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਲਹਿਰਾਇਆ ਤਿਰੰਗਾ

## ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ



**ਨਵੀਂ ਦਿੱਲੀ (ਬਿਊਰੋ)–** ਮੰਤਰੀ ਨਰਿੰਦਰ ਮੋਦੀ ਨੇ ਦਿੱਲੀ ਦੇ ਪ੍ਰਤੀਕ ਲਾਲ ਕਿਲ੍ਹੇ 'ਤੇ 9ਵੀਂ ਵਾਰ 'ਤਿਰੰਗਾ' ਲਹਿਰਾਇਆ। ਇਸ ਰਵਾਇਤ ਨੂੰ ਜਾਰੀ ਰੱਖਦੇ ਹੋਏ ਉਹਨਾਂ ਲਾਲ ਕਿਲ੍ਹੇ ਤੋਂ ਰਾਸ਼ਟਰ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਹੀ ਨਹੀਂ ਸਗੋਂ ਦੁਨੀਆ ਦੇ ਹਰ ਕੋਨੇ ਵਿੱਚ ਤਿਰੰਗਾ ਹੰਕਾਰ ਅਤੇ ਬੁਲੰਦੀਆਂ ਨਾਲ ਲਹਿਰਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਨਵਾਂ ਨਾਅਰਾ ਦਿੰਦਿਆਂ ਕਿਹਾ ਕਿ ਹੁਣ ਇਹ 'ਜੈ ਜਵਾਨ, ਜੈ ਕਿਸਾਨ, ਜੈ ਵਿਗਿਆਨ ਅਤੇ ਜੈ ਅਨੁਸੰਧਾਨ' ਹੋਵੇਗਾ। ਉਨ੍ਹਾਂ ਕਿਹਾ ਕਿ ਸਵੈ-ਨਿਰਭਰ ਭਾਰਤ ਕੋਈ ਸਰਕਾਰੀ ਏਜੰਡਾ ਜਾਂ ਪ੍ਰੋਗਰਾਮ ਨਹੀਂ ਹੈ, ਇਹ ਇੱਕ ਜਨ ਅੰਦੋਲਨ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1947 ਵਿਚ ਦੇਸ਼ ਦੀ ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਤਿਹਾਸ ਦੇ ਉਸ ਦੁਖਦਾਈ ਦੌਰ ਦੇ ਪੀੜਤਾਂ ਦੇ ਸਬਰ ਅਤੇ ਸਹਿਣਸ਼ੀਲਤਾ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ ਲੋਕਾਂ ਦੇ ਸੰਘਰਸ਼ ਅਤੇ ਕੁਰਬਾਨੀ ਦੀ ਯਾਦ ਵਿੱਚ 14 ਅਗਸਤ ਨੂੰ 'ਵੰਡ ਯਾਦਗਾਰੀ ਦਿਵਸ' ਵਜੋਂ ਮਨਾਇਆ ਜਾਵੇਗਾ। ਵੰਡ ਦੇ ਸੰਤਾਪ ਦੀ ਯਾਦਗਾਰ ਦਿਵਸ ਮੌਕੇ ਭਾਜਪਾ ਅਤੇ ਕਾਂਗਰਸ ਨੇ ਇਕ ਦੂਜੇ 'ਤੇ ਸ਼ਬਦੀ ਤੀਰ ਚਲਾਉਂਦਿਆਂ ਦੇਸ਼ ਦੀ ਵੰਡ ਲਈ

(ਬਾਕੀ ਸਫਾ 18 'ਤੇ)




# ਮਾਮਲਾ ਰਾਜਸਥਾਨ ਦੇ ਜਾਲੌਰ 'ਚ ਦਲਿਤ ਵਿਦਿਆਰਥੀ ਦੀ ਮੌਤ ਦਾ ਦਲਿਤ ਜੱਥੇਬੰਦੀਆਂ ਨੇ ਪੁਤਲਾ ਫੂਕ ਮੁਜਾਹਰਾ ਕਰਕੇ ਰਾਸ਼ਟਰਪਤੀ ਦੇ ਨਾਂ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਫਗਵਾੜਾ–** ਰਾਜਸਥਾਨ ਦੇ ਸ਼ਹਿਰ ਜਾਲੌਰ ਵਿਖੇ ਇਕ ਸਕੂਲ 'ਚ ਹੈਡ ਮਾਸਟਰ ਦੀ ਪੀਣ ਵਾਲੇ ਪਾਣੀ ਦੀ ਮਟਕੀ ਨੂੰ ਹੱਥ ਲਾਉਣ ਦੀ ਛੋਟੀ ਜਿਹੀ ਗਲਤੀ ਕਾਰਨ ਮਾਰ-ਕੁੱਟ ਕੀਤੇ ਜਾਣ ਨਾਲ ਬੁਰੀ ਤਰ੍ਹਾਂ ਜਖਮੀ ਹੋਏ ਦਲਿਤ ਵਿਦਿਆਰਥੀ ਦੀ ਮੌਤ ਹੋਣ ਜਾਣ ਨਾਲ ਰੋਹ 'ਚ ਆਏ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਨੇ ਅੱਜ ਸਾਂਝੇ ਤੌਰ ਤੇ ਫਗਵਾੜਾ ਦੇ ਜੀਟੀ ਰੋਡ ਸਥਿਤ ਲਾਲ ਬੱਤੀ ਚੌਕ ਵਿਖੇ ਹੈਡ ਮਾਸਟਰ ਦਾ ਪੁਤਲਾ ਫੂਕ ਕੇ ਜਬਰਦਸਤ ਰੋਸ ਮੁਜਾਹਰਾ ਕੀਤਾ। ਪੁਤਲਾ ਫੂਕਣ ਮੌਕੇ ਤਹਿਸੀਲਦਾਰ ਫਗਵਾੜਾ ਨੂੰ ਰਾਸ਼ਟਰਪਤੀ ਦੇ ਨਾਮ ਇਕ

(ਬਾਕੀ ਸਫਾ 18 'ਤੇ)

# ਸ਼ਹੀਦਾਂ ਦੀ ਸੋਚ 'ਤੇ ਖਰਾ ਉਤਰਨ ਦੀ ਲੋੜ- ਭਗਵੰਤ ਮਾਨ



**ਲੁਧਿਆਣਾ–** ਲੁਧਿਆਣਾ ਸ਼ਹਿਰ ਦੇ ਪ੍ਰਸਿੱਧ ਗੁਰੂ ਨਾਨਕ ਦੇਵ ਸਟੇਡੀਅਮ ਦੀਆਂ, ਜਿੱਥੇ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਝੰਡਾ ਲਹਿਰਾਇਆ ਅਤੇ ਪਰੇਡ ਨੂੰ ਸਲਾਮੀ ਦਿੱਤੀ। ਇਸ ਪ੍ਰੋਗਰਾਮ ਵਿੱਚ ਕੋਰੋਨਾ ਕਾਲ ਤੋਂ ਬਾਅਦ ਸੱਭਿਆਚਰਕ ਪ੍ਰੋਗਰਾਮ, ਪੀਟੀ ਸ਼ੋਅ, ਸੱਭਿਆਚਾਰਕ ਨਾਚ ਅਤੇ ਪਰੇਡ ਦਾ ਪ੍ਰਬੰਧ ਸੀ। ਪਰੇਡ ਦਾ ਨਿਰੀਖਣ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਅਤੇ ਜਿੱਥੇ ਉਨ੍ਹਾਂ ਨੇ ਆਪਣੀ ਸਰਕਾਰ ਦੇ ਕੀਤੇ ਵਾਅਦੇ ਅਤੇ ਗਾਰੰਟੀਆਂ ਦਾ ਜ਼ਿਕਰ ਕੀਤਾ, ਉੱਥੇ ਹੀ ਉਨ੍ਹਾਂ ਕਿਹਾ ਕਿ ਪੰਜਾਬ ਦੇ ਭਵਿੱਖ ਦੇ ਲਈ ਉਹ ਅਤੇ ਉਨ੍ਹਾਂ ਦੀ ਪਾਰਟੀ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਜਿੱਥੇ ਉਨ੍ਹਾਂ ਨੇ ਅੱਜ ਦੇਸ਼ ਭਗਤੀ ਦੇ ਗੀਤ ਗਾਏ, ਉੱਥੇ ਹੀ ਦੂਸਰੇ ਪਾਸੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਕਿਹਾ ਕਿ ਸਾਨੂੰ ਅੱਜ ਸ਼ਹੀਦਾਂ ਦੇ ਸੋਚ 'ਤੇ ਖਰੇ ਉਤਰਨ ਦੀ ਜ਼ਰੂਰਤ ਹੈ।ਮੁੱਖ ਮੰਤਰੀ ਮਾਨ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਿਰਫ 15 ਅਗਸਤ, 23 ਮਾਰਚ ਅਤੇ ਹੋਰ ਦਿਨਾਂ 'ਤੇ ਹੀ ਅਸੀਂ

(ਬਾਕੀ ਸਫਾ 7 'ਤੇ)


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja

SWEETS & CATERING

AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com


TOTAL ENTERTAINMENT & TIRE & WHEEL OUTLET
PROUDLY PRESENTS
Total ENTERTAINMENT
Tire & Wheel Outlet
Patriots TRUCK LINE
FREE ENTRY
TIME 7.00PM
Debi Live
USA TOUR 2022
SATURDAY, 20th AUGUST 2022
3158 TRANSWORLD DR, STOCKTON, CA 95206-4994
FOR MORE INFORMATION CALL:
AVTAR LAKHA 209 200-0818
REHAN 209 663 9560
ASHOK BHAURA 510 415 3315
POPPY SINGH 408 831 8596
Raman Moranwalia GRAPHIC DESIGNER
Gillson
HIRING NOW!
925-400-9094
DELTA TRUCK CENTER
Dhaliwal Bros. Trucking Inc
ਦੇਸ਼ ਦੁਆਬਾ
Raja SWEETS & CATERING
BHAURA
RUKUS AVENUE
Sakoon
WEST COAST
ASHWANI BHAKHRI LAW FIRM
Ambedkar Times
HIT MUSIC
PRIDE TRUCK SALES
RB TRUCK PARTS

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ) ਵੱਲੋਂ ਗੁਰੂ ਘਰ ਦੀ ਬਿਲਡਿੰਗ ਉਸਾਰੀ ਲਈ ਕੰਮ ਆਰੰਭ



ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ (ਕੈਲੋਫਰਨੀਆ) ਦੀ ਬਿਲਡਿੰਗ ਦਾ ਮਾਡਲ ਚਿੱਤਰ





**ਲਾਸ ਵੇਗਾਸ (ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸੰਗਤਾਂ ਵਿਚ ਅਥਾਹ ਉਤਸ਼ਾਹ ਹੈ ਅਤੇ ਵੱਧ ਤੋਂ ਵੱਧ ਗੁਰੂ ਘਰ ਦੀ ਉਸਾਰੀ ਜਾ ਰਹੀ ਬਿ-ਲਡਿੰਗ ਲਈ ਯੋਗਦਾਨ ਪਾ ਰਹੇ ਹਨ ਅਤੇ ਕਮੇਟੀ ਮੈਬਰ ਵੀ ਘਰ-ਘਰ ਤੇ ਦੂਰ-ਦੁਰਾਡੇ ਵਸਦੀਆਂ ਸੰਗਤਾਂ ਨੂੰ ਮਾਇਕ ਮਦਦ ਕਰਨ ਲਈ ਸਨਿਮਰ ਬੇਨਤੀ ਕਰ ਰਹੇ ਹਨ ਅਤੇ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਵੀ ਮਿਲ ਰਿਹਾ ਹੈ।

ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਅਤੇ ਖਜਾਨਚੀ ਸ੍ਰੀ ਸੋਹਣ ਸਿੰਘ ਢੰਡਾ ਅਤੇ ਗੁਰੂ ਘਰ ਦੀ ਸਲਾਹਕਾਰ ਕਮੇਟੀ ਦੇ ਚੇਅਰਮੈਨ ਮਾਣਯੋਗ ਸ੍ਰੀ ਸੁਖਰਾਜ ਚੋਪੜਾ ਜੀ ਆਦਿ ਨੇ ਨਵਾਡਾ ਪ੍ਰਾਂਤ ਦੇ ਵਿਉਪਾਰਕ ਕੇਂਦਰ ਲਾਸ ਵੇਗਾਸ ਸ਼ਹਿਰ ਵਿਚ ਵਸਦੀਆਂ ਸੰਗਤਾਂ ਕੋਲ ਜਾ ਕੇ ਹਾਜ਼ਰੀ ਭਰਦਿਆਂ ਗੁਰੂ ਘਰ ਦੀ ਉਸਾਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਪ੍ਰਤੀ ਜਾਣਕਾਰੀ ਦਿੱਤੀ ਤੇ ਆਰਥਿਕ ਸਹਾਇਤਾ ਲਈ ਸਨਿਮਰ ਬੇਨਤੀ ਕੀਤੀ ਤਾਂ ਲਾਸ ਵੇਗਾਸ ਸ਼ਹਿਰ ਦੀਆਂ ਸੰਗਤਾਂ, ਜਿਨ੍ਹਾਂ ਵਿਚ ਸਰਵਸ੍ਰੀ ਮਦਨ ਕੈਲੇ, ਟੋਨੀ ਸਰੋਆ, ਪਰਮਜੀਤ ਮਾਨ, ਹੁਸਨ ਲਾਲ ਤੇ ਹੋਰ ਪਰਿਵਾਰਾਂ ਆਦਿ ਨੇ ਕਮੇਟੀ ਮੈਂਬਰਾਂ ਨੂੰ ਜੀ ਆਇਆਂ ਆਖਿਆ ਤੇ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਨਤਮਸਤਕ ਹੁੰਦਿਆਂ ਗੁਰੂ ਘਰ ਦੀ ਉਸਾਰੀ ਲਈ ਮਾਇਆ ਦਾ ਸਹਿਯੋਗ ਪਾਇਆ ਤੇ ਅਗਾਂਹ ਵੀ ਸਹਿਯੋਗ ਦਿੰਦੇ ਰਹਿਣ ਲਈ ਵਚਨਬੱਧਤਾ ਦੁਹਰਾਈ।

ਇਸ ਮੌਕੇ ਦੀਆਂ ਕੁਝ ਯਾਦਗਾਰੀ ਤਸਵੀਰਾਂ ਖਿਚਵਾਈਆਂ, ਜੋ ਇਸ ਖਬਰ ਦੇ ਨਾਲ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ।








NOR CAL PUNJABI ASSOCIATION PRESENTS
NOR CAL PUNJABI GROUP CALIFORNIA
Debi Makhsoospuri
Debi Live NIGHT
Anchor Jaskaran
Saturday, August 27th at 6pm
City of Red Bluff (Community/Senior Center)
1500 S. Jackson St. Red Bluff, CA 96080
Dinner Included
ਇਹ ਇੱਕ ਪਰਿਵਾਰਕ ਅਤੇ ਸੱਭਿਆਚਾਰਕ ਸ਼ੋਅ ਹੋਵੇਗਾ।
ਸਕਉਰਟੀ ਦਾ ਖਾਸ ਪ੍ਰਬੰਧ ਹੋਵੇਗਾ। ਪਰਿਵਾਰਾਂ ਸਮੇਤ ਅਨੰਦ ਮਾਣੋਂ।
pizzatwist
AAA TRUCKWASH
WORLD FINANCIAL GROUP
Little Caesars
JKSD
Randhawa Group LLC.
Liquor Cabinet #1 Corning
7 ELEVEN DJ Corning
HARVEY'S MARKET
LUCKY NORTH
ਦੇਸ਼ ਦੁਆਬਾ
S.E.I CORNING, CA
Singh Thiara Farms
Shell 7Lucky Food Mart
MT LESSON TRANSPORTATION RED BLUFF
LIBERTY GAS AND FOOD ORLAND
MOUNTAIN MIKE'S PIZZA Red Bluff
FOR MORE INFO CONTACT
HARDEEP SINGH : - 530-736-8825 TIRATH SINGH :- 650-642-0697 BOB CHATHA :- 530-410-2111
Print & Designed : PrintLinkers.com 347-475-5555 (Dilpreet Singh)

ਦੇਸ਼ ਦੁਆਬਾ

# *75th Amrit Mahotsav of India's Independence*

Prem K. Chumber
Editor-in-Chief: www.ambedkartimes.com

India is one of the oldest and largest democracies in the world. It also has the honor of the land of struggle for social justice. Democracy and social justice are seamlessly interrelated social processes. The one is incomplete in the absence of the other. Democracy offers desired space for freedom to germinate that in turn creates conducive conditions for the emergence of the most fundamental values of equality and fraternity. Equality and fraternity are the foundations on which social justice is rises and reaches its to its full height with the support of the principle of liberty. Thus the trinity of liberty, equality and fraternity constitutes the essence of social justice and the institution of democracy provides the requisite realm for its realization. Though many scholars' boasts of ancient origins of democracy in India but it would be prudent to argue that democracy achieves its roots in the real sense of the term with the adoption of the constitution in independent India. Bodhisattva Baba Saheb Dr. Bhimrao Ramji Ambedkar, Chairman of Constitutional Drafting Committee, worked very hard to incorporate various provisions for the realization of social justice in the Indian society. He was of the firm views that if social and economic parity remains an elusive to the multitude of poor and historically socially excluded people in the country, then the very purpose of having parliamentary democracy would not be served efficiently. He reiterated the seminal point during his engaging discussions at various important forums within and outside the Indian parliament that for social justice to prevail in the country, India needs effective participation of the downtrodden in all the different spheres of the society.

The demand for social justice was also raised at various platforms during the freedom struggle movement in colonial India. Ad-Movements in North and South India, Justice Party in South India, Baba Babu Mangu Ram Mugowalia from Punjab, Swami Achhuta Nand Ji from Uttar Pradesh, Baba Ghasi Das Ji from Madhya Pradesh, Sri Narayana Guru from Kerala raised a consistent campaign for the prevalence of social justice in the Indian society. Baba Babu Mangu Ram Mugowalia presented a number of resolutions to the British Government for the removal of untouchability and special provisions for the inclusion of socially excluded sections of the society in the public realm of power and social domain.

Great Gadri Baba Babu Mangu Ram Mugowalia joined hands with Bodhisattva Babasaheb Dr. Bhimrao Ramji Ambedkar in his struggle for equal rights for the socially excluded people of India. When Dr. Ambedkar spreaded its movement into the political agile lands of Punjab with the formation of Punjab chapter of Scheduled Castes Federation, there was a tremendous response from the grassroots. That was precisely the contributions of Ad Dharm movement which laid the foundation stone of social justice campaign in the Punjab state in the mid-1920s. But the irony of the matter is that even after more than seven and half decades of India's independence, Dalits in the country are still subjected to various types of atrocities and social discriminations. Though the Indian state, while making the optimum use of various anti untouchability clauses of the constitution, is doing its best to bridle the monster of caste, but still is more needed to be done at the social level where the people should come forward to internalize the values of liberty, equality and fraternity in order to realize the true sense of democracy and social justice.

# ਬ੍ਰਾਹਮਣੀ ਤਿਉਹਾਰ ਰੱਖੜੀ ਔਰਤ ਲਈ, ਮਰਦ-ਗੁਲਾਮੀ ਦੀ ਪ੍ਰਤੀਕ



ਅਵਤਾਰ ਸਿੰਘ ਮਿਸ਼ਨਰੀ
510-432-5827

ਬ੍ਰਾਹਮਣੀ ਮੱਤ ਅਨੁਸਾਰ ਰੱਖੜੀ, ਰੱਖਿਆ ਕਰਨ ਵਾਲਾ ਡੋਰਾ, ਰਖਸ਼ਾਬੰਧਨ, ਰਕਸ਼ਾਸੂਤ੍ਰ ਜੋ ਸਾਵਣ ਸੁਦੀ 15 ਨੂੰ ਬੰਨ੍ਹਿਆਂ ਜਾਂਦੈ ਤੇ ਭੈਣ ਭਾਈ ਦੇ ਹੱਥ ਅਤੇ ਪਰੋਹਿਤ ਯਜਮਾਨ ਦੇ ਹੱਥ ਬਨ੍ਹ ਕੇ, ਧੰਨ ਪ੍ਰਾਪਤ ਕਰਦੇ ਹਨ। (ਮਹਾਨ ਕੋਸ਼) ਰੱਖੜੀ (ਰਕਸ਼ਾਬੰਧਨ) ਬ੍ਰਾਹਮਣੀ ਰੀਤ, ਹਿੰਦੂਆਂ ਖ਼ਾਸ ਕਰ, ਹਿੰਦੂ ਰਾਜਪੂਤਾਂ ਵਿੱਚ, ਇਹ ਰਸਮ ਪੁਰਾਣੀ ਚੱਲੀ ਆ ਰਹੀ ਹੈ। ਇਸ ਦਿਨ ਬ੍ਰਾਹਮਣ ਦੇ ਕਹੇ ਅਨੁਸਾਰ ਹਿੰਦੂ ਔਰਤਾਂ, ਮਰਦ ਭਰਾਵਾਂ ਦੇ ਹੱਥ 'ਤੇ ਰੱਖੜੀ ਬੰਨ੍ਹ ਕੇ, ਬਦਲੇ ਵਿੱਚ ਧੰਨ ਅਤੇ ਆਪਣੀ ਰੱਖਿਆ ਕਰਨ ਦਾ, ਉਨ੍ਹਾਂ ਤੋਂ ਪ੍ਰਣ ਲੈਂਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅਬਦਾਲੀ ਜਦੋਂ ਹਜ਼ਾਰਾਂ ਹਿੰਦੂ ਔਰਤਾਂ ਚੁੱਕ ਕੇ ਲੈ ਗਿਆ ਤਾਂ ਹਿੰਦੂ ਨੌ-ਜਵਾਨਾਂ ਦੇ ਹੱਥਾਂ ਤੇ ਬੰਨ੍ਹੀਆਂ ਰੱਖੜੀਆਂ ਨੇ, ਉਨ੍ਹਾਂ ਨੂੰ ਭੈਣਾਂ ਦੀ ਰੱਖਿਆ ਦਾ ਅਹਿਸਾਸ ਨਾਂ ਕਰਵਾਇਆ ਸਗੋਂ ਇਸ ਦੇ ਮੁਕਾਬਲੇ ਤੇ ਕੜੇ ਅਤੇ ਕ੍ਰਿਪਾਨਾਂ ਵਾਲੇ ਸਿੰਘਾਂ ਨੇ ਸੈਂਕੜੇ ਹਿੰਦੂ ਲੜਕੀਆਂ, ਦੁਸ਼ਮਣਾਂ ਦੇ ਹੱਥੋਂ ਬਚਾ ਕੇ, ਸੁਰੱਖਿਅਤ ਘਰੋ ਘਰੀ ਪਹੁੰਚਾਈਆਂ। ਉਧਰ ਰੱਖੜੀ ਬਨ੍ਹਾਉਣ ਵਾਲੇ ਹਿੰਦੂ ਭਰਾਵਾਂ ਦੀ ਕਰਤੂਤ ਦੇਖੋ! ਉਨ੍ਹਾਂ ਨੇ ਆਪਣੀਆਂ ਇਨ੍ਹਾਂ ਭੈਣਾਂ ਨੂੰ ਘਰੀਂ ਨਾਂ ਵੜਨ ਦਿੱਤਾ ਕਿ ਹੁਣ ਇਹ ਮੁਸਲਮਾਨਾਂ ਦਾ ਸੰਗ ਕਰਕੇ ਭਿੱਟੀਆਂ ਗਈਆਂ ਹਨ। ਕੀ ਅਖੌਤੀ ਰੱਖੜੀ ਦੀ ਰਸਮ ਇਹ ਹੀ ਸਿਖਾਉਂਦੀ ਹੈ ਕਿ ਜੇ ਕਿਤੇ ਬਦਕਿਸਮਤ ਨਾਲ ਤੁਹਾਡੀਆਂ ਭੈਣਾਂ ਦੁਸ਼ਮਣਾਂ ਦੇ ਹੱਥਾਂ ਵਿੱਚ ਆ ਜਾਣ ਤਾਂ, ਤੁਸੀਂ ਉਨ੍ਹਾਂ ਨੂੰ ਬਚਾਉਣਾ ਤਾਂ ਕੀ ਸਗੋਂ ਜੇ ਕੋਈ ਬਹਾਦਰ ਉਨ੍ਹਾਂ ਨੂੰ ਬਚਾ ਕੇ ਤੁਹਾਡੇ ਘਰ ਛੱਡਣ ਆਵੇ, ਤੇ ਤੁਸੀਂ ਭਿੱਟੀਆਂ ਗਈਆਂ ਕਹਿ ਕੇ, ਉਨ੍ਹਾਂ ਦੇਵੀਆਂ ਦੀ ਤੌਹੀਨ ਕਰਦੇ, ਉਨ੍ਹਾਂ ਨੂੰ ਘਰ ਨਾਂ ਵੜਨ ਦਿਉ?

ਬਾਬੇ ਨਾਨਕ ਜੀ ਨੇ ਅਜਿਹੇ ਅਨੇਕਾਂ ਫੋਕੇ ਅਤੇ ਕਰਮਕਾਂਡੀ ਰਸਮਾਂ ਰੀਤਾਂ ਅਤੇ ਤਿਉਹਾਰਾਂ ਦਾ ਭਰਵਾਂ ਖੰਡਨ ਕੀਤਾ-ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥(੫੯੦) ਇਸ ਲਈ ਸਿੱਖੀ (ਗੁਰ-ਮਤਿ) ਵਿੱਚ ਰੱਖੜੀ ਵਰਗੀ ਕੋਈ ਫੋਕੀ ਰਸਮ ਪ੍ਰਵਾਣ ਨਹੀਂ। ਗੁਰੂ ਸਹਿਬਾਨਾਂ ਅਤੇ ਰੱਬੀ ਭਗਤਾਂ ਨੇ ਆਪਣੇ ਗੁੱਟਾਂ ਤੇ ਭੈਣਾਂ ਤੋਂ ਕਦੀ ਰੱਖੜੀ ਨਹੀਂ ਬੰਨ੍ਹਵਾਈ ਫਿਰ ਅੱਜੋਕੇ ਬਹੁਤੇ ਅਖੌਤੀ ਸਿੱਖ ਬ੍ਰਾਹਮਣੀ ਰਸਮ ਵਾਲੀਆਂ ਰੱਖੜੀਆਂ ਕਿਉਂ ਬੰਨਵਾ ਰਹੇ ਹਨ? ਉੱਤਰ-ਇੱਕ ਤਾਂ ਅਜੋਕੇ ਬਹੁਤੇ ਸਿੱਖ ਗੁਰ ਸਿਧਾਂਤਾਂ (ਗੁਰਬਾਣੀ ਵੀਚਾਰ) ਤੋਂ ਟੁੱਟ ਚੁੱਕੇ ਤੇ ਦੂਜਾ ਬ੍ਰਾਹਮਣ ਟਾਈਪ ਲਿਖਾਰੀਆਂ ਅਤੇ ਆਰਟਿਸਟਾਂ ਨੇ, ਸਿੱਖ ਇਤਿਹਾਸ ਨੂੰ ਮਿਥਿਹਾਸ ਨਾਲ ਮਿਲਗੋਭਾ ਕਰ ਦਿੱਤਾ ਹੈ। ਜਿਵੇਂ ਕੁਝ ਹਿੰਦੂਵਾਦੀ ਕਰਮਕਾਂਡੀ ਲੇਖਕਾਂ ਨੇ, ਗੁਰੂ ਨਾਨਕ ਸਾਹਿਬ ਨੂੰ, ਭੈਣ ਨਾਨਕੀ ਤੋਂ ਰੱਖੜੀ ਬੰਨ੍ਹਵਾਉਣ ਦੀ ਝੂਠੀ ਕਹਾਣੀ ਘੜ ਕੇ, ਮਨੋ ਕਲਪਿਤ ਤਸਵੀਰਾਂ ਬਣਾ ਦਿੱਤੀਆਂ ਤਾਂ ਕਿ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਿੱਖਾਂ ਨੂੰ, ਇਸ ਫੋਕੀ ਅਤੇ ਬ੍ਰਾਹਮਣੀ ਰਸਮ ਰੱਖੜੀ ਰਾਹੀਂ, ਨੀਮ-ਹਿੰਦੂ ਕਰਮਕਾਂਡੀ ਬ੍ਰਾਹਮਣ ਬਣਾਇਆ ਜਾ ਸੱਕੇ। ਗੁਰੂਆਂ ਭਗਤਾਂ ਅਤੇ ਸਿੱਖ ਲੀਡਰਾਂ ਦੇ ਗੁੱਟਾਂ ਤੇ ਔਰਤ ਭੈਣਾਂ ਵੱਲੋਂ ਰੱਖੜੀ ਬੰਨ੍ਹਦੇ ਅਤੇ ਬੰਨ੍ਹਾਉਂਦਿਆਂ ਦੀਆਂ ਰੰਗ ਬਰੰਗੀਆਂ ਦਿਲ ਖਿਚਵੀਆਂ ਤਸਵੀਰਾਂ ਛਾਪਣਾ, ਇਸੇ ਹੀ ਬੇਈਮਾਨੀ ਅਤੇ ਕੁਟਲ-ਨੀਤੀ ਦੀ ਕੜੀ ਹੈ। ਗੁਰਮੱਤੀ ਸਿੱਖ ਤਾਂ ਅਜਿਹੀ ਕਰਮਕਾਂਡੀ, ਫੋਕੀ ਅਤੇ ਗੁਲਾਮੀ ਦਾ ਪ੍ਰਤੀਕ ਰੱਖੜੀ ਦੀ ਰਸਮੀ ਰੱਖਿਆ ਵਿੱਚ ਯਕੀਨ ਹੀ ਨਹੀਂ ਰੱਖਦਾ ਉਸ ਦਾ ਤਾਂ ਪੱਕਾ ਯਕੀਨ ਹੈ-ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥(੧੦੩) ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥੧॥(੮੧੬) ਸਿੱਖ ਸਮੁੱਚੇ ਸੰਸਾਰ ਦੀਆਂ ਔਰਤਾਂ ਨੂੰ ਵੱਡੀਆਂ ਨੂੰ ਮਾਵਾਂ, ਬਰਾਬਰ ਦੀਆਂ ਨੂੰ ਭੈਣਾਂ ਅਤੇ ਛੋਟੀਆਂ ਨੂੰ ਧੀਆਂ ਸਮਝਦਾ ਅਤੇ ਔਖੇ ਵੇਲੇ ਲੋੜ ਪੈਣ ਤੇ ਆਪਣੀ ਵਿਤ ਅਨੁਸਾਰ ਮਾਵਾਂ, ਧੀਆਂ ਤੇ ਭੈਣਾਂ ਦੀ ਪ੍ਰਤੱਖ ਰੱਖਿਆ ਵੀ ਕਰਦਾ ਹੈ।

ਪਰ ਅਜੋਕੇ ਬਹੁਤੇ ਡੇਰਾਵਾਦੀ, ਅਗਿਆਨੀ, ਭਰਮੀ ਅਤੇ ਗੁਰਮਤਿ ਸਿਧਾਤਾਂ ਜਾਂ ਗੁਰਬਾਣੀ ਭਾਵ ਅਰਥਾਂ ਤੋਂ ਕੋਰੇ ਸਿੱਖ ਬ੍ਰਾਹਮਣੀ ਰਸਮਾਂ ਰੀਤਾਂ ਅਤੇ ਕਰਮਕਾਂਡਾਂ ਵਿੱਚ ਦੇਖਾ ਦੇਖੀ ਏਨੇ ਫਸ ਚੁੱਕੇ ਹਨ ਕਿ ਉਨ੍ਹਾਂ ਨੂੰ ਅਸਲ ਤੇ ਨਕਲ ਜਾਂ ਘੋੜੇ ਅਤੇ ਗਧੇ ਦੀ ਪਛਾਣ ਹੀ ਨਹੀਂ ਰਹੀ, ਉਹ ਹਰੇਕ ਬ੍ਰਾਹਮਣੀ ਰਸਮ ਜਾਂ ਤਿਉਹਾਰ ਨੂੰ ਬੜੀ ਸਾਨੋ ਸ਼ੌਕਤ ਨਾਲ ਮਨ-ਾਉਂਦੇ ਹਨ। ਜਿਵੇਂ ਤਿਲਕ ਲਾਉਣੇ, ਸੰਧੂਰੀ ਧਾਗੇ ਡੋਰੀਆਂ ਗੁੱਟਾਂ ਤੇ ਬੰਨਣੀਆਂ, ਪਾਠਾਂ ਨਾਲ ਜੋਤਾਂ, ਨਰੇਲ ਅਤੇ ਕੁੰਭ ਘੜੇ ਕੈਨੀਆਂ ਰੱਖਣੀਆਂ, ਮੱਸਿਆ, ਪੁੰਨਿਆ, ਪੰਚਕਾਂ, ਸੰਗ੍ਰਾਂਦਾਂ ਆਦਿਕ ਬ੍ਰਾਹਮਣੀ ਰਸਮਾਂ ਤੇ ਤਿਉਹਾਰ ਘਰਾਂ ਵਿੱਚ ਕੀ ਸਗੋਂ ਗੁਰਦੁਆਰਿਆਂ ਵਿੱਚ ਵੀ ਗੱਜ ਵੱਜ ਕੇ ਮਨਾਉਣੇ, ਤੇਲ ਚੋਣਾਂ, ਗੁਰੂ ਗ੍ਰੰਥ ਸਹਿਬ ਦੇ ਪੀਹੜੇ, ਪਾਲਕੀ, ਚੌਰ ਤੇ ਨਿਸ਼ਾਨ ਸਾਹਿਬ ਨੂੰ ਵੀ ਰੱਖੜੀਆਂ, ਰੰਗ ਬਰੰਗੇ ਧਾਗੇ ਮੌਲੀਆਂ ਬੰਨਣਾਂ, ਦਿਵਾਲੀ ਵਾਲੇ ਦਿਨ, ਨਿਸ਼ਾਨ ਸਾਹਿਬ ਦੇ ਆਲੇ ਦੁਆਲੇ ਅਤੇ ਗੁਰਦੁਆਰੇ ਦੀ ਹਰ ਨੁਕਰ ਵਿਖੇ ਦੀਵੇ, ਮੋਮਬੱਤੀਆਂ ਜਗਾ-ਜਗਾ ਕੇ ਪੂਰਾ ਗੁਰਦੁਆਰਾ ਹੀ ਮੰਦਰਨੁਮਾ ਬਣਾ ਦੇਣਾ, ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੁਰਮਤਿ ਵਿਰੋਧੀ ਗ੍ਰੰਥਾਂ ਦਾ ਪ੍ਰਕਾਸ਼ ਕਰਨਾ, ਇਸੇ ਬ੍ਰਾਹਮਣੀਕਰਣ ਕੜੀ ਦਾ ਹੀ ਹਿੱਸਾ ਹਨ। ਦੱਸੋ! ਨਲਕਿਆਂ ਦੀਆਂ ਹੱਥੀਆਂ, ਕਾਰਾਂ ਦੇ ਸਟੇਰਿੰਗਾਂ, ਪਸ਼ੂਆਂ ਦੇ ਸਿੰਗਾਂ 'ਤੇ ਰੱਖੜੀਆਂ ਬੰਨ੍ਹੀ ਜਾਣਾ ਕਿਹੜੀ ਭੈਣ ਦੀ ਰੱਖਿਆ ਵਾਲਾ ਕਰਮ ਹੈ? ਰੱਖੜੀ ਜਿਸ ਦੇਸ਼ ਦੀ ਰਸਮ ਹੈ, ਅੱਜ ਉਸੇ ਦੇਸ਼ ਵਿੱਚ ਹੀ ਭੈਣਾਂ ਦੀ ਇਜ਼ਤ ਬਚਾਉਣੀ ਤੇ ਰੱਖਿਆ ਤਾਂ ਕੀ ਕਰਣੀ ਸਗੋਂ ਉਨ੍ਹਾਂ ਦੀ ਇਜ਼ਤ ਬਲਾਤਕਾਰਾਂ ਰਾਹੀਂ ਆਏ ਦਿਨ ਲੁੱਟੀ ਜਾ ਰਹੀ ਅਤੇ ਪਿਆਰ ਦੀ ਥਾਂ ਨਫਰਤਾਂ ਪਾਲੀਆਂ ਜਾ ਰਹੀਆਂ ਹਨ। ਗੁੱਟਾਂ ਤੇ ਰੱਖੜੀ ਬੰਨਾਉਣ ਵਾਲੇ ਦੇਸ਼ ਦੇ ਕੁਝ ਹਾਕਮ, ਪੁਲਿਸੀਏ, ਰੱਖਿਆ ਕਰਮੀ ਅਤੇ ਫੌਜੀ ਵੀ ਇਜ਼ਤਾਂ ਲੁੱਟਣ ਵਾਲੇ ਗੁੰਡਿਆਂ ਦਾ ਸਾਥ ਸ਼ਰੇਆਮ ਦੇ ਰਹੇ ਹਨ। ਘੱਟ ਗਿਣਤੀਆਂ ਨੂੰ ਆਪਣੇ ਦੇਸ਼ ਵਿੱਚ ਹੀ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਭਾਰਤ ਨੂੰ ਛੱਡ, ਬਾਕੀ ਬਹੁਤੇ ਹੋਰ ਦੇਸ਼ਾਂ ਵਿੱਚ ਰੱਖੜੀ ਵਾਲੀ ਫੋਕੀ ਰਸਮ ਨਹੀਂ, ਕੀ ਓਥੇ ਭਰਾ, ਭੈਣਾਂ ਦੀ ਰੱਖਿਆ ਨਹੀਂ ਕਰਦੇ? ਕੀ ਓਨ੍ਹਾਂ ਦੇਸ਼ਾਂ ਵਿੱਚ ਪਿਆਰ ਖਤਮ ਹੋ ਚੁੱਕਾ ਹੈ? ਨਹੀਂ ਸਗੋਂ ਓਥੇ ਭੈਣਾਂ ਆਪਣੇ ਆਪ ਨੂੰ ਭਾਰਤ ਤੋਂ ਵੱਧ ਸੁਰੱਖਿਅਤ ਸਮਝਦੀਆਂ ਹਨ।

ਸੋ ਭੈਣੋ-ਭਰਾਵੋ! ਧਿਆਨ ਨਾਲ ਸਮਝੋ ਅਜਿਹੀਆਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂ-ੜੀਵਾਦੀ ਰਸਮਾਂ ਪ੍ਰੋਹਿਤਾਂ, ਪੁਜਾਰੀਆਂ, ਬ੍ਰਾਹਮਣਾਂ ਅਤੇ ਕੁਟਲ ਨੀਤੀਵਾਨਾਂ ਦੀਆਂ ਚਲਾਈਆਂ ਹੋਈਆਂ ਹਨ, ਜਿਨ੍ਹਾਂ ਦੇ ਆਸਰੇ ਜਨਤਾ ਨੂੰ ਲੁੱਟਿਆ ਅਤੇ ਉਨ੍ਹਾਂ ਤੇ ਮਨ ਭਾਉਂਦਾ ਰਾਜ ਕੀਤਾ ਜਾ ਰਿਹਾ ਹੈ। ਜਨਤਾ ਧਰਮ ਪੁਜਾਰੀਆਂ ਅਤੇ ਰਾਜਨੀਤਕ ਠੱਗਾਂ ਦੇ ਭਰਮ ਜਾਲ ਵਿੱਚ ਫਸ ਕੇ ਅੰਧਵਿਸ਼ਵਾਸ਼ੀ ਬਣਦੀ ਜਾ ਰਹੀ ਹੈ। ਜਰਾ ਸੋਚੋ! ਵਿਦੇਸ਼ ਵਿੱਚ ਗਿਆ ਭਰਾ, ਦੇਸ਼ ਵਿੱਚ ਬੈਠੀ ਭੈਣ ਦੀ ਰੱਖਿਆ ਕਿਵੇਂ ਕਰ ਸਕਦਾ ਹੈ? ਚਲੋ ਜਿਨ੍ਹਾਂ ਦੀ ਇਹ ਰਸਮ ਹੈ ਉਹ ਖੁਸ਼ੀ ਨਾਲ ਨਿਭਾਉਣ ਪਰ ਸਿੱਖਾਂ ਨੂੰ ਤਾਂ ਅਜਿਹੀਆਂ ਬ੍ਰਾਹਮਣੀ ਫੋਕੀਆਂ ਰਸਮਾਂ ਦਾ ਤਿਆਗ ਕਰਨਾ ਚਾਹੀਦੈ ਜਿਨ੍ਹਾਂ ਤੋਂ ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਵਰਜਤ ਕਰਦੀ ਹੈ। "ਸਿੱਖ ਮੂਰਤੀ ਪੂਜਕ, ਅੰਧਵਿਸ਼ਵਾਸ਼ੀ ਅਤੇ ਲਾਈਲੱਗ ਨਹੀਂ ਹੋ ਸਕਦਾ ਸਗੋਂ ਗਿਆਨਵੇਤਾ ਅਤੇ ਬਿਬੇਕ ਬੁੱਧੀ ਨਾਲ ਖੋਟੇ ਖਰੇ ਦੀ ਪਰਖ ਕਰਨ ਵਾਲਾ ਹੁੰਦਾ ਹੈ"

ਗੁਰੂ ਸਾਹਿਬ ਨੇ ਸਾਨੂੰ ਭਰਮਾਂ ਤੋਂ ਸਦਾ ਬਚਣ ਦਾ ਪ੍ਰਤੀਕ ਕੜਾ ਪਹਿਨਾਇਆ, ਇਸ ਲਈ ਸਿੱਖ ਦਾ ਹੱਥ 'ਚ ਕੜਾ ਪਾ ਕੇ, ਨਾਲ ਹੀ ਰੱਖੜੀ ਬੰਨ੍ਹਣਾ, ਗੁਰੂ ਹੁਕਮ ਦੀ ਤੌਹੀਨ ਹੈ, ਅਜਿਹਾ ਕਰਨ ਵਾਲਾ ਸਿੱਖ ਨਕਲੀ, ਜਾਅਲੀ, ਦੰਭੀ, ਪਾਖੰਡੀ ਅਤੇ ਅੰਧਵਿਸ਼ਵਾਸ਼ੀ ਹੈ। ਸੋ ਧਿਆਨ ਨਾਲ ਸੋਚੋ ਅਤੇ ਵਿਚਾਰੋ ਕੀ ਰੱਖੜੀ ਬੰਨ੍ਹਣ ਵਾਲਾ ਕੇਸਾਧਾਰੀ ਸਿੱਖ ਬ੍ਰਾਹਮਣ ਦਾ ਪੈਰੋਕਾਰ ਹੋਇਆ ਜਾਂ ਰੱਬੀ ਭਗਤਾਂ ਤੇ ਸਿੱਖ ਗੁਰੂਆਂ ਦਾ? ਇਸ ਲਈ ਸਿੱਖ ਬੀਬੀਆਂ ਭੈਣਾਂ ਨੂੰ ਨਿਗੂਣੇ ਲਾਲਚ ਵਿੱਚ ਸਿੱਖ ਸਿਧਾਂਤਾਂ ਨੂੰ ਤੋੜ ਕੇ, ਬ੍ਰਾਹਮਣੀ ਰਸਮ ਰੱਖੜੀ ਜੋ ਮਰਦ-ਗੁਲਾਮੀ ਦੀ ਪ੍ਰਤੀਕ, ਦਾ ਤਿਆਗ ਕਰ ਦੇਣਾਂ ਚਾਹੀਦਾ ਅਤੇ ਸਿੱਖ ਭਰਾਵਾਂ ਨੂੰ ਵੀ ਗੁਰੂਆਂ ਭਗਤਾਂ ਤੇ ਸ਼ਹੀਦਾਂ ਦੇ ਪਵਿਤਰ ਦਿਹਾੜਿਆਂ 'ਤੇ, ਲੋੜਵੰਦ ਭੈਣਾਂ ਨੂੰ ਆਪਣੀ ਵਿਤ ਮੁਤਾਬਿਕ ਵੱਧ ਤੋਂ ਵੱਧ ਮਦਦ ਕਰਕੇ, ਹੌਂਸਲਾ ਅਫਜਾਈ ਕਰਨੀ ਚਾਹੀਦੀ ਹੈ। ਰਲ-ਮਿਲ ਕੇ ਸੰਗਤ ਰੂਪ ਵਿੱਚ ਗੁਰਬਾਣੀ ਵਿਚਾਰਦੇ ਅਤੇ ਧਾਰਦੇ ਹੋਏ-ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥ (੬੪੮) ਨੂੰ ਬਰਕਰਾਰ ਰੱਖਣਾ ਚਹੀਦਾ ਹੈ।

ਭੈਣੋਂ! ਆਪਣਾ ਰਾਖਾ ਸਦਾ ਕਰਤੇ ਨੂੰ ਸਮਝੋ ਜੋ ਸਭ ਦੀ ਰੱਖਿਆ ਕਰਦਾ ਹੈ-ਰਾਖਾ ਏਕੁ ਹਮਾਰਾ ਸੁਆਮੀ॥(੧੧੩੬) ਗੁਰੂ ਦੀ ਬਖਸ਼ੀ ਸਪ੍ਰਿਟ ਅਨੁਸਾਰ ਆਪਣੀ ਅਤੇ ਲੋੜਵੰਦਾਂ ਦੀ ਰੱਖਿਆ ਆਪ ਕਰੋ ਕਿਉਂਕਿ ਗੁਰੂ ਨੇ ਤੁਹਾਨੂੰ ਅਬਲਾ ਕਹਿ ਦਬਾ ਦਿੱਤੀਆਂ ਗਈਆਂ ਨੂੰ, ਗੁਰ ਸ਼ਬਦ ਗਿਆਨ ਦੀ ਸ਼ਕਤੀ ਬਖਸ਼, ਸਬਲਾ ਬਣਾ ਕੇ ਅਕਾਲ ਪੁਰਖ ਕੀ ਫੌਜ ਖਾਲਸਾ ਸਾਜ, ਔਰਤ ਅਤੇ ਮਰਦ ਨੂੰ ਬਰਾਬਰ ਦੇ ਅਧਿਕਾਰ ਬਖਸ਼ ਦਿੱਤੇ ਸਨ। ਇਸ ਲਈ ਗੁਰੂ ਦੀ ਸਾਜੀ ਨਿਵਾਜੀ ਖਾਲਸਾ ਫੌਜ ਵਿੱਚ ਸ਼ਾਮਲ ਹੋ ਕੇ, ਰੱਖੜੀ ਵਰਗੀਆਂ, ਫੋਕੇ ਪਿਆਰ ਅਤੇ ਕਰਮਕਾਂਡਾਂ ਦੇ ਭਰਮ ਜਾਲ ਵਿੱਚ ਫਸਾ ਕੇ ਗੁਲਾਮ ਬਿਰਤੀ ਪੈਦਾ ਕਰਨ ਵਾਲੀਆਂ ਬ੍ਰਾਹ-ਮਣੀ ਰਸਮਾਂ ਨੂੰ, ਗੁਰੂ ਗਿਆਨ ਦੇ ਨਸ਼ਤਰਾਂ ਨਾਲ ਕੱਟ-ਕੱਟ ਕੇ ਸਦਾ ਲਈ ਖਤਮ ਕਰ ਦਿਓ। ਸਿੱਖੀ ਦੇ ਸੁੰਦਰ-ਵਿਹੜੇ ਅਤੇ ਸੁਹਾਵਣੇ-ਬਾਗ ਵਿੱਚੋਂ ਫੋਕੀਆਂ-ਰਸਮਾਂ ਦਾ ਕੂੜਾ-ਕਰਕਟ ਗੁਰੂ-ਗਿਆਨ ਦੀ ਬੁਹਾਰੀ ਨਾਲ ਹਰ ਵੇਲੇ ਸਾਫ ਰੱਖੋ।

ਘੱਟੋ ਘੱਟ ਗੁਰਦੁਆਰਿਆਂ ਦੇ ਪ੍ਰਬੰਧਕਾਂ, ਰਾਗੀਆਂ, ਗ੍ਰੰਥੀਆਂ, ਢਾਡੀਆਂ, ਕਵੀਆਂ ਅਤੇ ਪ੍ਰਚਾਰਕਾਂ ਨੂੰ ਫੋਕੀਆਂ ਗੁਰਮਤਿ ਵਿਰੋਧੀ ਰਸਮਾਂ ਦਾ ਤਿਆਗ ਕਰਕੇ, ਸਿੱਖੀ ਪ੍ਰਚਾਰ ਦੇ ਸੋਮੇਂ ਗੁਰਦੁਆਰਿਆਂ ਨੂੰ ਸਦਾ ਬ੍ਰਾਹਮਣਵਾਦ ਦੇ ਫੈਲਾਏ ਕਰਮਕਾਂਡਾਂ ਅਤੇ ਫੋਕੀਆਂ ਰੀਤਾਂ, ਰਸਮਾਂ ਤੋਂ ਬਚਾ ਕੇ ਸਾਫ ਸੁਥਰਾ ਰੱਖਦੇ ਹੋਏ, ਵੱਧ ਤੋਂ ਵੱਧ ਸ਼ਬਦ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਚਾਰ ਵੰਡਣਾ ਚਾਹੀਦਾ ਹੈ। ਜੇ ਗੁਰਦੁਆਰਿਆਂ ਚੋਂ ਐਸੇ ਗੁਰੂ ਗਿਆਨ ਦੇ ਸੋਮੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦੇ ਰੂਪ ਵਿੱਚ ਫੁੱਟ ਪੈਣ ਤਾਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂੜੀਵਾਦੀ ਗੁਲਾਮੀ ਵਾਲੀਆਂ ਕਰਮਕਾਂਡੀ ਫੋਕੀਆਂ ਰਸਮਾਂ ਦੀ ਗਰਦਸ਼ ਤੋਂ ਸਿੱਖੀ ਦੇ ਵਿਹੜੇ ਨੂੰ ਸਾਫ ਰੱਖਿਆ ਜਾ ਸਕਦਾ ਹੈ। ਸੋ ਜੇ ਵਾਕਿਆ ਹੀ ਭੈਣਾਂ ਦੀ ਮਦਦ ਕਰਨੀ ਹੈ ਤਾਂ ਬ੍ਰਾਹਮਣੀ ਰਸਮ ਰੱਖੜੀ, ਜੋ ਔਰਤ ਲਈ ਗੁਲਾਮੀ ਦੀ ਨਿਸ਼ਾਨੀ ਹੈ ਨੂੰ ਛੱਡ ਕੇ, ਉਨ੍ਹਾਂ ਨੂੰ ਉੱਚ ਵਿਦਿਆ ਦੇਣ ਦੇ ਨਾਲ ਬਰਾਬਰ ਅਧਿਕਾਰ ਵੀ ਦਿਓ ਅਤੇ ਬਾਬਾ ਨਾਨਾਕ ਜਿਸ ਨੇ ਸਭ ਤੋਂ ਪਹਿਲਾਂ ਔਰਤ-ਮਰਦ ਦੀ ਬਰਬਰਤਾ ਦਾ ਡੰਕਾ ਵਜਾਇਆ, ਦੇ ਪ੍ਰਕਾਸ਼ ਦਿਵਸ 'ਤੇ ਲੋੜਵੰਦ ਭੈਣਾਂ ਨੂੰ ਵਿਤ ਅਨੁਸਾਰ ਲੀੜਾ ਕਪੜਾ, ਰੁਪਿਆ ਪੈਸਾ ਅਤੇ ਲੋੜੀਂਦੀ ਮਦਦ ਦੇ ਸਕਦੇ ਹੋ, ਜੋ ਸੰਸਾਰ ਰਹਿਬਰ ਬਾਬਾ ਗੁਰੂ ਨਾਨਕ ਸਾਹਿਬ ਦੀ ਦੇਣ ਅਤੇ ਬਖਸ਼ਿਸ਼ ਨੂੰ ਸਮਰਪਤ ਯਾਦਗਾਰੀ ਉਪਹਾਰ ਬਣਕੇ ਅਖੌਤੀ ਰੱਖੜੀ ਦਾ ਬ੍ਰਾਹਮਣੀ ਰਸਮ ਦੀ ਮਰਦ ਗੁਲਾਮੀ ਦਾ ਜੂਲਾ ਲਾਹ ਸੁੱਟੇਗਾ!

# ਬਿਹਾਰ: ਨਿਤੀਸ਼ ਵਜ਼ਾਰਤ ਵਿੱਚ 31 ਨਵੇਂ ਮੰਤਰੀ ਸ਼ਾਮਲ

**ਪਟਨਾ-** ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਅੱਜ ਆਪਣੀ ਨਵੀਂ ਵਜ਼ਾਰਤ ਦਾ ਵਿਸਥਾਰ ਕਰਦੇ ਹੋਏ 31 ਨਵੇਂ ਮੰਤਰੀਆਂ ਨੂੰ ਇਸ ਵਿੱਚ ਸ਼ਾਮਲ ਕੀਤਾ ਹੈ। ਇਨ੍ਹਾਂ ਵਿੱਚੋਂ 16 ਮੰਤਰੀ ਮਹਾਗੱਠਬੰਧਨ ਦੇ ਅਹਿਮ ਭਾਈਵਾਲ ਆਰਜੇਡੀ ਤੋਂ ਹਨ। ਨਵੀਂ ਵਜ਼ਾਰਤ ਵਿੱਚ ਘੱਟਗਿਣਤੀ ਸਣੇ ਸਮਾਜ ਦੇ ਸਾਰੇ ਵਰਗਾਂ ਨੂੰ ਲੋੜੀਂਦੀ ਨੁਮਾਇੰਦਗੀ ਦੇਣ ਦਾ ਦਾਅਵਾ ਕੀਤਾ ਗਿਆ ਹੈ। ਉਂਜ ਬਹੁਗਿਣਤੀ ਯਾਦਵ ਤੇ ਮੁਸਲਿਮ ਚਿਹਰਿਆਂ ਦੀ ਹੈ। ਵਜ਼ਾਰਤ ਵਿੱਚ 11 ਮੰਤਰੀ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਾਰਟੀ ਜੇਡੀਯੂ ਨਾਲ ਸਬੰਧਤ ਹਨ ਜਦੋਂਕਿ ਕਾਂਗਰਸ ਦੇ ਦੋ, ਇਕ ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਹਿੰਦੁਸਤਾਨ ਅਵਾਮ ਮੋਰਚਾ (ਐਚਏਐਮ) ਤੇ ਇਕ ਆਜ਼ਾਦ ਵਿਧਾਇਕ ਹੈ। ਰਾਜਪਾਲ ਫਾਗੂ ਚੌਹਾਨ ਨੇ ਨਵੇਂ ਮੰਤਰੀਆਂ ਨੂੰ ਇਥੇ ਰਾਜ ਭਵਨ ਵਿੱਚ ਹਲਫ਼ ਦਿਵ-ਾਇਆ। ਮੰਤਰੀਆਂ ਨੇ ਪੰਜ-ਪੰਜ ਤੇ ਛੇ-ਛੇ ਦੇ ਬੈਚਾਂ ਵਿੱਚ ਸਹੁੰ ਚੁੱਕੀ। ਹਲਫ਼ਦਾਰੀ ਸਮਾਗਮ ਵਿੱਚ ਨਿਤੀਸ਼ ਕੁਮਾਰ ਤੇ ਉਪ ਮੁੱਖ ਮੰਤਰੀ ਤੇਜਸਵੀ ਪ੍ਰਸਾਦ ਯਾਦਵ, ਜਿਨ੍ਹਾਂ 10 ਅਗਸਤ ਨੂੰ ਹਲਫ਼ ਲਿਆ, ਵੀ ਮੌਜੂਦ ਸਨ। ਅੱਜ ਹਲਫ਼ ਲੈਣ ਵਾਲਿਆਂ ਵਿੱਚ ਆਰਜੇਡੀ ਆਗੂ ਲਾਲੂ ਪ੍ਰਸਾਦ ਯਾਦਵ ਦੇ ਵੱਡੇ ਪੁੱਤਰ ਤੇ ਦੂਜੀ ਵਾਰ ਵਿਧਾਇਕ ਬਣੇ ਤੇਜ ਪ੍ਰਤਾਪ ਸਿੰਘ ਵੀ ਸ਼ਾਮਲ ਸਨ। ਤੇਜ ਪ੍ਰਤਾਪ ਦੇ ਨਾਲ ਪਹਿਲੇ ਗੇੜ ਵਿੱਚ ਪਾਰਟੀ ਦੇ ਬਜ਼ੁਰਗ ਆਗੂ ਆਲੋਕ ਮਹਿਤਾ, ਜੇਡੀਯੂ ਦੇ ਵਿਜੈ ਕੁਮਾਰ ਚੌਧਰੀ, ਬਿਜੇਂਦਰ ਯਾਦਵ ਤੇ ਕਾਂਗਰਸ ਦੇ ਮੁਹੰਮਦ ਅਫ਼ਾਕ ਆਲਮ ਨੇ ਵੀ ਸਹੁੰ ਚੁੱਕੀ। ਨਵੀਂ ਕੈਬਨਿਟ ਵਿੱਚ ਯਾਦਵਾਂ ਤੇ ਮੁਸਲਿਮਾਂ ਨੂੰ ਤਰਜੀਹ ਦਿੱਤੀ ਗਈ ਹੈ। ਹਲਫ਼ ਲੈਣ ਵਾਲੇ ਮੰਤਰੀਆਂ ਵਿੱਚ ਤਿੰਨ ਮਹਿਲਾਵਾਂ ਵੀ ਹਨ। ਇਨ੍ਹਾਂ ਵਿਚੋਂ ਸ਼ੀਲਾ ਕੁਮਾਰੀ ਤੇ ਲੈਸ਼ੀ ਸਿੰਘ ਜੇਡੀਯੂ ਤੋਂ ਜਦੋਂਕਿ ਅਨੀਤਾ ਦੇਵੀ ਆਰਜੇਡੀ ਤੋਂ ਹੈ। ਨਿਤੀਸ਼ ਵਜ਼ਾਰਤ ਵਿੱਚ ਲਾਲੂ ਪ੍ਰਸਾਦ ਦੇ ਦੋ ਪੁੱਤਰਾਂ ਤੇ ਜੇਡੀਯੂ ਦੇ ਬਿਜੇਂਦਰ ਯਾਦਵ ਸਣੇ ਕੁੱਲ ਸੱਤ 'ਯਾਦਵ' ਹਨ। ਪੰਜ ਮੁਸਲਿਮ ਚਿਹਰਿਆਂ ਵਿੱਚ ਜ਼ਮਾ ਖ਼ਾਨ (ਜੇਡੀਯੂ), ਮੁਹੰਮਦ ਅਫ਼ਾਕ ਆਲਮ (ਕਾਂਗਰਸ) ਤੇ ਮੁਹੰਮਦ ਸ਼ਮੀਮ, ਮੁਹੰਮਦ ਇਸਰਾਈਲ ਮਨਸੂਰੀ ਤੇ ਸ਼ਾਹਨਵਾਜ਼ ਆਲਮ ਸਾਰੇ (ਆਰਜੇਡੀ) ਸ਼ਾਮਲ ਹਨ। ਇਸੇ ਤਰ੍ਹਾਂ ਭੂਮੀਹਾਰ, ਰਾਜਪੂਤ ਤੇ ਬ੍ਰਾਹਮਣਾਂ ਨਾਲ ਸਬੰਧਤ ਵਿਧਾਇਕਾਂ ਨੂੰ ਵੀ ਨਵੀਂ ਵਜ਼ਾਰਤ ਵਿੱਚ ਮੌਕਾ ਦਿੱਤਾ ਗਿਆ ਹੈ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਜ਼ਾਦੀ ਦਿਵਸ 'ਤੇ ਭਗਵੰਤ ਮਾਨ ਨੇ ਤਿਰੰਗਾ ਲਹਿਰਾਇਆ, ਕਿਹਾ- ਸ਼ਹੀਦਾਂ ਦੀ ਸੋਚ 'ਤੇ ਖਰਾ ਉਤਰਨ ਦੀ ਜ਼ਰੂਰਤ

**ਵਿਸ਼ੇਸ਼ ਰਿਪੋਰਟ – ਜੇ ਸਿੰਘ 'ਭਡਿਆਰ'**

ਭਾਰਤ ਵਿਚ 75ਵਾਂ ਆਜ਼ਾਦੀ ਦਿਹਾੜਾ ਧੂਮ ਧਾਮ ਨਾਲ ਮਨਾਇਆ ਗਿਆ। ਲੁਧਿਆਣਾ ਸ਼ਹਿਰ ਦੇ ਪ੍ਰਸਿੱਧ ਗੁਰੂ ਨਾਨਕ ਦੇਵ ਸਟੇਡੀਅਮ ਦੀਆਂ, ਜਿੱਥੇ ਕਿ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੇ ਆਜ਼ਾਦੀ ਦਿਵਸ ਦੇ ਮੌਕੇ 'ਤੇ ਝੰਡਾ ਲਹਿਰਾਇਆ ਅਤੇ ਪਰੇਡ ਨੂੰ ਸਲਾਮੀ ਦਿੱਤੀ। ਇਸ ਪ੍ਰੋਗਰਾਮ ਵਿੱਚ ਕੋਰੋਨਾ ਕਾਲ ਤੋਂ ਬਾਅਦ ਸੱਭਿਆਚਰਕ ਪ੍ਰੋਗਰਾਮ, ਪੀਟੀ ਸ਼ੋਅ, ਸੱਭਿਆਚਾਰਕ ਨਾਚ ਅਤੇ ਪਰੇਡ ਦਾ ਪ੍ਰਬੰਧ ਸੀ। ਪਰੇਡ ਦਾ ਨਿਰੀਖਣ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤਾ ਅਤੇ ਜਿੱਥੇ ਉਨ੍ਹਾਂ ਨੇ ਆਪਣੀ ਸਰਕਾਰ ਦੇ ਕੀਤੇ ਵਾਅਦੇ ਅਤੇ ਗਾਰੰਟੀਆਂ ਦਾ ਜ਼ਿਕਰ ਕੀਤਾ, ਉੱਥੇ ਹੀ ਉਨ੍ਹਾਂ ਕਿਹਾ ਕਿ ਪੰਜਾਬ ਦੇ ਭਵਿੱਖ ਦੇ ਲਈ ਉਹ ਅਤੇ ਉਨ੍ਹਾਂ ਦੀ ਪਾਰਟੀ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਜਿੱਥੇ ਉਨ੍ਹਾਂ ਨੇ ਅੱਜ ਦੇਸ਼ ਭਗਤੀ ਦੇ ਗੀਤ ਗਾਏ, ਉੱਥੇ ਹੀ ਦੂਸਰੇ ਪਾਸੇ ਸ਼ਹੀਦਾਂ ਨੂੰ ਨਮਨ ਕੀਤਾ ਅਤੇ ਕਿਹਾ ਕਿ ਸਾਨੂੰ ਅੱਜ ਸ਼ਹੀਦਾਂ ਦੇ ਸੋਚ 'ਤੇ ਖਰੇ ਉਤਰਨ ਦੀ ਜ਼ਰੂਰਤ ਹੈ।ਮੁੱਖ ਮੰਤਰੀ ਮਾਨ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਸਿਰਫ 15 ਅਗਸਤ, 23 ਮਾਰਚ ਅਤੇ ਹੋਰ ਦਿਨਾਂ 'ਤੇ ਹੀ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ ਪਰ ਉਹ ਸਾਡੇ ਦਿਲਾਂ 'ਚੋਂ ਨਿਕਲਣੇ ਨਹੀਂ ਚਾਹੀਦੇ।ਉਨ੍ਹਾਂ ਕਿਹਾ ਕਿ ਜੇਕਰ ਸ਼ਹੀਦਾਂ ਦੇ ਨਕਸ਼ੇ-ਕਦਮਾਂ 'ਤੇ ਇਕ ਫ਼ੀਸਦੀ ਵੀ ਚੱਲ ਲਈਏ ਤਾਂ ਦੇਸ਼ ਦਾ ਸੁਧਾਰ ਹੋ ਸਕਦਾ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਅੱਜ 75 ਮੁਹੱਲਾ ਕਲੀਨਿਕ ਪੰਜਾਬ ਨੂੰ ਸਮਰਪਿਤ ਕੀਤੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਫਰਵਰੀ 2023 'ਚ ਸੰਤ ਅਤਰ ਸਿੰਘ ਇੰਸਟੀਚਿਊਟ ਆਫ ਮੈਡੀਕਲ ਸਾਇੰਸ, ਮਸਤੂਆਣਾ ਸਾਹਿਬ ਸੰਗਰੂਰ ਵਿਖੇ ਸ਼ੁਰੂ ਹੋ ਜਾਵੇਗਾ।ਮੁੱਖ ਮੰਤਰੀ ਨੇ ਲੁਧਿਆਣਾ 'ਚ ਮੁਹੱਲਾ ਕਲੀਨਿਕ ਦਾ ਉਦਘਾਟਨ ਕੀਤਾ। ਇਹ ਮੁੱਹਲਾ ਕਲੀਨਿਕ ਹਲਕਾ ਉੱਤਰੀ 'ਚ ਵਿਧਾਇਕ ਮਦਨ ਲਾਲ ਬੱਗਾ ਦੇ ਖੇਤਰ 'ਚ ਹੈ, ਜਿਸ ਦਾ ਉਦਘਾਟਨ ਮੁੱਖ ਮੰਤਰੀ ਵੱਲੋਂ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਲੀਨਿਕ 'ਚ ਪਹੁੰਚ ਕੇ ਲੋਕਾਂ ਨਾਲ ਗੱਲ ਕੀਤੀ ਅਤੇ ਕਲੀਨਿਕ ਦੇ ਸਟਾਫ਼ ਤੋਂ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਮੁਹੱਲਾ ਕਲੀਨਿਕ 'ਚ ਖ਼ੁਦ ਵੀ ਬੀ। ਪੀ। ਚੈੱਕ ਕਰਵਾਇਆ। ਮੁੱਖ ਮੰਤਰੀ ਨੇ ਮੁਹੱਲਾ ਕਲੀਨਿਕ 'ਚ ਹੋਣ ਵਾਲੇ ਟੈਸਟਾਂ ਅਤੇ ਮਰੀਜ਼ਾਂ ਨੂੰ ਦਿੱਤੀ ਜਾਣ ਵਾਲੀ ਦਵਾਈ ਬਾਰੇ ਵੀ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਬੀਮਾਰੀ ਹੋ ਗਈ ਤਾਂ ਉਹ ਪੈਸੇ ਅਤੇ ਇਲਾਜ ਵੱਲੋਂ ਹੁਣ ਨਹੀਂ ਖੁੰਝੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਹੱਲਾ ਕਲੀਨਿਕਾਂ 'ਚ 41 ਤਰ੍ਹਾਂ ਦੇ ਟੈਸਟ ਕੀਤੇ ਜਾਣਗੇ ਅਤੇ ਲੋਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਦੱਸਿਆ ਕਿ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਇਹ ਕਲੀਨਿਕ ਖੋਲ੍ਹੇ ਜਾਣਗੇ। ਇਨ੍ਹਾਂ ਮੁਹੱਲਾ ਕਲੀਨਿਕਾਂ 'ਚ 4 ਮੈਂਬਰਾਂ ਦੇ ਸਟਾਫ਼ ਨਾਲ ਇਕ ਐਮ। ਬੀ। ਬੀ। ਐਸ। ਡਾਕਟਰ ਮੌਜੂਦ ਰਹੇਗਾ।ਮੁੱਖ ਮੰਤਰੀ ਨੇ ਕਿਹਾ ਕਿ ਬੁਢਾਪਾ ਪੈਨਸ਼ਨ ਲਈ ਵੀ ਬਜ਼ੁਰਗਾਂ ਨੂੰ ਧੱਕੇ ਨਹੀਂ ਖਾਣੇ ਪੈਣਗੇ। ਉਨ੍ਹਾਂ ਕਿਹਾ ਕਿ ਬੁਢਾਪਾ ਪੈਨਸ਼ਨ ਅਤੇ ਵਿਧਵਾ ਪੈਨਸ਼ਨ ਘਰਾਂ ਤੱਕ ਪਹੁੰਚਾਈ ਜਾਵੇਗੀ।ਉਨ੍ਹਾਂ ਕਿਹਾ ਕਿ ਮਾਲੇਰਕੋਟਲਾ ਵਿਖੇ ਕਮਿਊਨਿਟੀ ਕਾਲਜ ਦਾ ਕੇਂਦਰ ਨਾਲ ਮਿਲ ਕੇ ਕੰਮ ਚੱਲਣ ਲੱਗ ਜਾਵੇਗਾ ਅਤੇ ਕਪੂਰਥਲਾ 'ਚ ਵੀ ਮੈਡੀਕਲ ਕਾਲਜ ਬਣੇਗਾ। ਉਨ੍ਹਾਂ ਕਿਹਾ ਕਿ ਕਲਾਨੌਰ 'ਚ ਖੇਤੀਬਾੜੀ ਕਾਲਜ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਪੰਜਾਬ ਨੂੰ ਮੈਡੀਕਲ ਹੱਬ ਬਣਾਉਣਾ ਚਾਹੁੰਦੇ ਹਾਂ ਤਾਂ ਜੋ ਸਾਡੇ ਧੀਆਂ-ਪੁੱਤ ਇੱਥੇ ਹੀ ਐਮ ਬੀ ਬੀ ਐੱਸ ਕਰਕੇ ਇੱਥੇ ਹੀ ਨੌਕਰੀਆਂ ਕਰਨ।

**ਰਾਜਪਾਲ ਨੇ ਚੰਡੀਗੜ੍ਹ 'ਚ ਲਹਿਰਾਇਆ ਤਿਰੰਗਾ**

75ਵੇਂ ਆਜ਼ਾਦੀ ਦਿਹਾੜੇ ਤਹਿਤ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਸੋਮਵਾਰ ਨੂੰ ਸੈਕਟਰ-17 ਸਥਿਤ ਪਰੇਡ ਗਰਾਊਂਡ 'ਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਸਨ। ਆਜ਼ਾਦੀ ਦਿਹਾੜੇ ਮੌਕੇ ਪਹਿਲੀ ਵਾਰ ਚੰਡੀਗੜ੍ਹ 'ਚ ਇੰਡੀਅਨ ਏਅਰਫੋਰਸ ਦੇ ਜਵਾਨਾਂ ਨੇ ਹਵਾ 'ਚ ਕਲਾਬਾਜ਼ੀਆਂ ਦਿਖਾਈਆਂ। ਏਅਰਫੋਰਸ ਦੇ ਇਹ ਜਵਾਨ ਆਪਣੀ ਬਹਾਦਰੀ ਦਾ ਵੀ ਪਰਿਚੈ ਦਿੰਦੇ ਹੋਏ ਨਜ਼ਰ ਆਏ। ਰਾਜਪਾਲ ਵੱਲੋਂ ਤਿਰੰਗਾ ਲਹਿਰਾਇਆ ਗਿਆ ਅਤੇ ਪਰੇਡ ਦਾ ਨਿਰੀਖਣ ਕਰਕੇ ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਲੋਕਾਂ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਵਧੀਆ ਕੰਮ ਕੀਤਾ। ਰਾਜਪਾਲ ਨੇ ਦੱਸਿਆ ਕਿ ਚੰਡੀਗੜ੍ਹ ਨੂੰ ਨਵੀਂ ਦਿੱਲੀ 'ਚ ਜ਼ਿਲ੍ਹਾ ਹੁਨਰ ਵਿਕਾਸ ਯੋਜਨਾ ਦੇ ਤਹਿਤ 'ਦਿ ਸਰਟੀਫਿਕੇਟ ਆਫ ਐਕਸੀਲੈਂਸ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

**ਅਸਿਸਟੈਂਟ ਪ੍ਰੋਫੈਸਰਾਂ ਨੇ ਭਗਵੰਤ ਮਾਨ ਦਾ ਕੀਤਾ ਘਿਰਾਓ**

ਲੁਧਿਆਣਾ 'ਚ 75ਵੇਂ ਆਜ਼ਾਦੀ ਦਿਹਾੜੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤਿਰੰਗਾ ਲਹਿਰਾਇਆ ਗਿਆ। ਇਸ ਮੌਕੇ 1158 ਅਸਿਸਟੈਂਟ ਪ੍ਰੋਫੈਸਰ ਅਤੇ ਲਾਈਬ੍ਰੇਰੀਅਨ ਫਰੰਟ ਪੰਜਾਬ ਦੇ ਮੈਂਬਰ ਮੁੱਖ ਮੰਤਰੀ ਦਾ ਘਿਰਾਓ ਲਈ ਪਹੁੰਚੇ। ਅਸਿਸਟੈਂਟ ਪ੍ਰੋਫੈਸਰਾਂ ਵੱਲੋਂ ਭਰਤੀਆਂ ਨੂੰ ਲੈ ਕੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਗਿਆ।ਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਭਰਤੀ ਸਰਕਾਰ ਦੇ ਇਸ਼ਾਰਿਆਂ 'ਤੇ ਅਦਾਲਤ ਵੱਲੋਂ ਰੱਦ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਵੀ ਕੀਮਤ 'ਤੇ ਇਹ ਭਰਤੀ ਰੱਦ ਨਹੀਂ ਹੋਣ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨਾਲ ਲਗਾਤਾਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਜਿਵੇਂ ਹੀ ਮੁੱਖ ਮੰਤਰੀ ਨੂੰ ਘੇਰਨ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਅਤੇ ਆਪਣੇ ਨਾਲ ਥਾਣੇ ਲੈ ਗਈ।

**ਜਲੰਧਰ 'ਚ 'ਵਾਕ ਵਿਦ ਪ੍ਰਾਈਡ' ਦਾ ਆਯੋਜਨ**

75ਵੇਂ ਆਜ਼ਾਦੀ ਦਿਹਾੜੇ ਮੌਕੇ 'ਅਭੀ ਕੰਸਲਟੈਂਟਸ ਟਰਾਂਸਪੋਰਟ ਸਪਲਾਈਰਜ਼' ਵੱਲੋਂ ਇਕ ਵਿਸ਼ੇਸ਼ ਪ੍ਰੋਗਰਾਮ 'ਵਾਕ ਵਿਦ ਪ੍ਰਾਈਡ' ਦਾ ਆਯੋਜਨ ਕੀਤਾ ਗਿਆ। ਇਹ ਪ੍ਰੋ-ਗਰਾਮ ਜਲੰਧਰ ਕੈਂਟ ਵਿਖੇ ਕਰਵਾਇਆ ਗਿਆ, ਜਿਸ 'ਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਨੇ ਮਾਣ ਨਾਲ ਵਾਕ ਕੀਤੀ। ਇਸ 'ਚ ਬਾਕਸਿੰਗ ਸਿੱਖਣ ਵਾਲੇ ਬੱਚਿਆਂ ਨੇ ਵੀ ਹਿੱਸਾ ਲਿਆ। ਸਾਰਿਆਂ ਨੇ 'ਵੰਦੇ ਮਾਤਰਮ', 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਲਗਾ ਕੇ ਵਾਕ ਨੂੰ ਹੋਰ ਖ਼ਾਸ ਬਣਾਇਆ। ਉਥੇ ਹੀ ਦੂਜੇ ਪਾਸੇ ਇਕ ਖ਼ਾਸ ਪਰਫਾਰਮੈਂਸ ਵੀ ਰੱਖੀ ਗਈ ਸੀ, ਜੋਕਿ ਸੋਲ ਸ਼ਕੈਰਜ਼ ਅਕੈਡਮੀ ਵੱਲੋਂ ਪੇਸ਼ ਕੀਤੀ ਗਈ ਅਤੇ ਲੋਕ ਮਸਤੀ 'ਚ ਦੇਸ਼ ਭਗਤੀ ਦੇ ਗੀਤਾਂ 'ਤੇ ਝੂਮੇ। ਇਸ ਮੌਕੇ ਸੰਤ ਗੁਰਵਿੰਦਰ ਸਿੰਘ ਮਹਾਰਾਜ, ਅਮਰਜੀਤ ਸਿੰਘ ਅਮਰੀ, ਸੰਜੀਵ ਕਸ਼ਯਪ ਸ਼ਾਮਲ ਹੋਏ। ਅਭੀ ਕੰਸਟੰਟਸ ਟਰਾਂਸਪੋਰਟ ਸਪਲਾਈਰਜ਼ ਅਤੇ ਇਵੈਂਟਸ ਜਸਟ ਅਭੀ ਦੇ ਡਾਇਰੈਕਟਰਸ ਤਿਲਕ ਰਾਜ ਸ਼ਰਮਾ, ਮਧੂ ਸ਼ਰਮਾ, ਅਭਿਸ਼ੇਕ ਸ਼ਰਮਾ, ਸਵਾਤੀ ਸਭਰਵਾਲ ਸ਼ਰਮਾ, ਸਚਿਨ ਆਦਿ ਨੇ ਇਵੈਂਟ ਨੂੰ ਯਾਦਗਾਰ ਬਣਾਇਆ।


**ਤਰੁਣ ਚੁੱਘ ਨੇ ਦੇਸ਼ ਵਾਸੀਆਂ ਨੂੰ ਦਿੱਤੀਆਂ ਵਧਾਈਆਂ**

ਭਾਜਪਾ ਦੇ ਜਨਰਲ ਸਕੱਤਰ ਨੇ ਸਭ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਤੋਂ ਇਲਾਵਾ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲਾਲ ਕਿਲ੍ਹੇ 'ਤੇ ਕੀਤੇ ਸੰਬੋਧਨ 'ਚ ਕਹੀਆਂ ਗੱਲਾਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਅੱਜ ਦੁਨੀਆਂ ਦੇ ਹਰ ਕੋਨੇ-ਕੋਨੇ 'ਚ ਸਾਡਾ ਤਿਰੰਗਾ ਆਣ-ਬਾਣ-ਸ਼ਾਨ ਨਾਲ ਲਹਿਰਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਇੰਨੇ ਦਹਾਕਿਆਂ ਬਾਅਦ ਪੂਰਾ ਦੁਨਿਆ ਦਾ ਭਾਰਤ ਨੂੰ ਲੈ ਕੇ ਨਜ਼ਰਿਆ ਬਦਲ ਗਿਆ ਹੈ। ਕਿਸੇ ਵੀ ਮੁਸ਼ਕਲ ਦਾ ਹੱਲ ਹੁਣ ਭਾਰਤ ਦੀ ਧਰਤੀ 'ਤੇ ਖੋਜਿਆ ਜਾਣ ਲੱਗਾ ਹੈ। ਉਨ੍ਹਾਂ ਕਿਹਾ ਕਿ ਦੁਨੀਆਂ 'ਚ ਅਤੇ ਉਨ੍ਹਾਂ ਦੀ ਸੋਚ 'ਚ ਆਇਆ ਬਦਲਾਅ ਸਾਡੇ 75 ਸਾਲਾਂ ਦੇ ਸਫ਼ਰ ਦਾ ਨਤੀਜਾ ਹੈ। ਉਨ੍ਹਾਂ ਸਾਰੇ ਕ੍ਰਾਂਤੀਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੰਗਲ ਪਾਂਡੇ, ਤਾਤਿਆ ਟੋਪੇ ਤੋਂ ਇਲਾਵਾ ਭਗਤ ਸਿੰਘ ਅਤੇ ਹੋਰ ਵੀ ਕ੍ਰਾਂਤੀਕਾਰੀਆਂ ਨੇ ਅੰਗਰੇਜ਼ਾਂ ਦੇ ਰਾਜ ਦੀ ਨੀਂਹ ਹਿਲਾ ਦਿੱਤੀ ਸੀ। 75ਵੀਂ ਆਜ਼ਾਦੀ ਦਿਹਾੜੇ 'ਤੇ ਉਨ੍ਹਾਂ ਨੇ ਸਾਰੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਹਨ।

**ਕੈਪਟਨ ਨੇ ਸਮੂਹ ਦੇਸ਼ ਵਾਸੀਆਂ ਨੂੰ ਸ਼ੁਭਕਾਮਨਾਵਾਂ**

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਜ਼ਾਦੀ ਦਿਹਾੜੇ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਹਨ।ਉਨ੍ਹਾਂ ਟਵਿੱਟਰ 'ਤੇ ਲਿਖਿਆ ਕਿ ਭਾਰਤ ਦੇ 76ਵੇਂ ਆਜ਼ਾਦੀ ਦਿਹਾੜੇ 'ਤੇ ਸਮੂਹ ਦੇਸ਼ ਵਾਸੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ। ਉਨ੍ਹਾਂ ਅੱਗੇ ਲਿਖਿਆ ਕਿ ਅੱਜ ਜਦ ਅਸੀਂ ਆਜ਼ਾਦੀ ਦੇ 75 ਸਾਲਾਂ ਦਾ ਜਸ਼ਨ ਮਨਾ ਰਹੇ ਹਾਂ ਤਾਂ ਆਓ ਆਪਣੇ ਨਾਇਕਾਂ, ਮਹਾਨ ਆਜ਼ਾਦੀ ਘੁਲਾਟੀਆਂ ਨੂੰ ਵੀ ਯਾਦ ਕਰੀਏ ਅਤੇ ਸਲਾਮ ਕਰੀਏ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਬਹੁਤ ਸਾਰੀਆਂ ਕੁਰਬਾਨੀਆਂ ਦਿੱਤੀਆਂ ਹਨ। ਜੈ ਹਿੰਦ।

## ਲਾਜ ਨੀਲਮ ਸੈਣੀ ਦਾ ਕਹਾਣੀ ਸੰਗ੍ਰਹਿ 'ਲਟ ਲਟ ਬਲ਼ਦਾ ਦੀਵਾ'-21 ਅਗਸਤ 2022 ਨੂੰ ਲੋਕ ਅਰਪਣ ਹੋਵੇਗਾ




ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਸਾਹਿਤਕ ਮਲਿਣੀ ਡਾ. ਸੁਖਵਿੰਦਰ ਕੰਬੋਜ ਦੀ ਅਗਵਾਈ ਹੇਠ, 21 ਅਗਸਤ ਦਿਨ ਐਤਵਾਰ ਨੂੰ (11:30 AM) Mehran Restaurant, 5774 Mowry School Rd, Newark CA ਵਿਖੇ ਹੋ ਰਹੀ ਹੈ। ਇਸ ਮੌਕੇ ਲਾਜ ਨੀਲਮ ਸੈਣੀ ਦਾ ਕਹਾਣੀ ਸੰਗ੍ਰਹਿ 'ਲਟ ਲਟ ਬਲ਼ਦਾ ਦੀਵਾ' ਲੋਕ ਅਰਪਣ ਕੀਤਾ ਜਾਵੇਗਾ। ਪ੍ਰੋਗਰਾਮ ਦਾ ਅਰੰਭ ਸੰਗੀਤ ਦੇ ਧਨੀ ਸੁਖਦੇਵ ਸਾਹਿਲ ਵਲੋਂ ਸ਼ਬਦ ਗਾਇਨ ਨਾਲ਼ ਹੋਵੇਗਾ। ਇੰਡੀਆ ਤੋਂ ਸੁਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦਾ ਰਿਕਾਰਡ ਕੀਤਾ ਸੁਨੇਹਾ ਪੜ੍ਹ ਕੇ ਸੁਣਾਇਆ ਜਾਵੇਗਾ। ਡਾ. ਹਰਿੰਦਰ ਸਿੰਘ ਤੁੜ (ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ) ਦਾ ਲਿਖਿਆ ਪੇਪਰ ਜਗਜੀਤ ਨੌਸ਼ਹਿਰਵੀ ਵਲੋਂ ਪੇਸ਼ ਕੀਤਾ ਜਾਵੇਗਾ। ਹਾਜ਼ਰ ਲੇਖਕ ਅਤੇ ਪਾਠਕ ਵਿਚਾਰ-ਚਰਚਾ ਵਿੱਚ ਭਾਗ ਲੈਣਗੇ। ਪੁਸਤਕ ਲੋਕ ਅਰਪਣ ਤੋਂ ਬਾਅਦ ਦੁਪਹਿਰ ਦਾ ਖਾਣਾ ਹੋਵੇਗਾ। ਸੱਦਾ-ਪੱਤਰ ਭੇਜੇ ਜਾ ਚੁੱਕੇ ਹਨ। ਜੇਕਰ ਤੁਸੀਂ ਇਸ ਸਮਾਗਮ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਤਾਂ ਸੰਪਰਕ ਕਰੋ ਸਕਦੇ ਹੋ:

ਡਾ. ਸੁਖਵਿੰਦਰ ਕੰਬੋਜ (ਪ੍ਰਧਾਨ) ਫੋਨ: 925-308-3000
ਕੁਲਵਿੰਦਰ (ਜਨਰਲ ਸਕੱਤਰ) 510-267-2090
ਲਾਜ ਨੀਲਮ ਸੈਣੀ (ਸਹਾਇਕ ਸਕੱਤਰ) 510-502-0551



75ਵੇਂ ਸੁਤੰਤਰਤਾ ਦਿਵਸ 15.08.2022 ਨੂੰ ਗੁਰੂ ਗੋਬਿੰਦ ਸਿੰਘ ਸਟੇਡੀਅਮ, ਜਲੰਧਰ ਵਿਖੇ ਹੋਏ ਸਮਾਰੋਹ ਵਿੱਚ ਡਾ. ਇੰਦਰਬੀਰ ਸਿੰਘ ਨਿੱਜਰ, ਮਾਨਯੋਗ ਸਥਾਨਕ ਸਰਕਾਰਾਂ ਮੰਤਰੀ, ਪੰਜਾਬ ਜੀ, ਡਵੀਜਨਲ ਕਮਿਸ਼ਨਰ ਜਲੰਧਰ ਮੰਡਲ, ਜਲੰਧਰ ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਆਈ.ਏ.ਐਸ., ਸ੍ਰੀ ਜਸਪ੍ਰੀਤ ਸਿੰਘ, ਆਈ.ਏ.ਐਸ. ਡਿਪਟੀ ਕਮਿਸ਼ਨਰ, ਜਲੰਧਰ, ਪੁਲਿਸ ਕਮਿਸ਼ਨਰ, ਜਲੰਧਰ, ਐਸ.ਐਸ.ਪੀ., ਜਲੰਧਰ ਦਿਹਾਤੀ ਸ੍ਰੀ ਸ਼ੀਤਲ ਅੰਗੁਰਾਲ, ਐਮ.ਐਲ.ਏ., ਸ੍ਰੀ ਰਮਨ ਅਰੋੜਾ, ਐਮ.ਐਲ.ਏ. ਵਲੋਂ ਵਿਨੋਦ ਕੁਮਾਰ ਫ਼ਕੀਰਾ ਨੂੰ ਸਨਮਾਨਿਤ ਕਰਦੇ ਹੋਏ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਮਿਸ ਬਿਊਟੀਫੁੱਲ ਫੇਸ ਦਾ ਖਿਤਾਬ ਭਾਰਤੀ ਤਨੀਸ਼ਾ ਕੁੰਡੂ ਦੇ ਨਾਂ




**ਨਿਊਜਰਸੀ-** ਮਿਸ ਇੰਡੀਆ ਯੂਐਸਏ ਦੇ 40ਵੇਂ ਐਡੀਸ਼ਨ ਵਿੱਚ 'ਮਿਸ ਬਿਊ-ਟੀਫੁੱਲ ਫੇਸ' ਦਾ ਖਿਤਾਬ ਭਾਰਤੀ ਮਲਿਆਲੀ ਮਹਿਲਾ ਤਨੀਸ਼ਾ ਕੁੰਡੂ ਨੇ ਜਿੱਤਿਆ।ਅਮਰੀਕਾ ਦੇ ਨਿਊਜਰਸੀ ਸੂਬੇ ਦੇ ਫੋਰਡ ਟਾਊਨ ਵਿਚ ਸਥਿੱਤ ਭਾਰਤੀ ਨਾਮਵਰ ਹੋਟਲ ਜਿਸ ਦਾ ਨਾਂ ਰਾਇਲ ਅਲਬਰਟ ਪੈਲੇਸ ਹੈ, ਦੇ ਵਿੱਚ ਆਯੋਜਿਤ ਕੀਤੇ ਗਏ ਸਲਾਨਾ ਮੁਕਾਬਲੇ ਵਿੱਚ ਉਸ ਨੇ ਇਹ ਖਿਤਾਬ ਜਿੱਤਿਆ।

ਦੱਸਣਯੋਗ ਹੈ ਉਸ ਨੂੰ ਜਿਊਰੀ ਨੇ 30 ਰਾਜਾਂ ਦੇ 74 ਪ੍ਰਤੀਯੋਗੀਆਂ ਵਿੱਚੋਂ ਚੁਣਿਆ ਹੈ। ਉਸ ਦਾ ਭਾਰਤ ਤੋਂ ਪਿਛੋਕੜ ਕੋਟਾਯਮ ਦੇ ਏਤੂਮਨੂਰ ਹੈ। ਉਹ ਮਰਹੂਮ ਐਨ।ਐਨ। ਨਰਾਇਣ ਸ਼ਰਮਾ ਅਤੇ ਮੰਜੀਮਾ ਕੌਸ਼ਿਕ ਦੀ ਧੀ ਹੈ, ਜੋ ਹੁਣ ਅਮਰੀਕਾ ਦੇ ਰਾਜ ਟੈਕਸਾਸ ਦੇ ਵਿੱਚ ਰਹਿੰਦੀ ਹੈ।ਉਸਨੇ ਪਹਿਲਾਂ ਟੈਕਸਾਸ ਰਾਜ ਵਿੱਚ ਮਿਸ ਟੈਲੇਂਟ ਅਤੇ ਫਸਟ ਰਨਰ-ਅੱਪ ਦੇ ਖਿਤਾਬ ਜਿੱਤੇ ਸਨ। ਤਨੀਸ਼ਾ ਨੇ ਮਿਸ ਟੈਲੇਂਟ ਸ਼੍ਰੇਣੀ ਦੇ ਤਹਿਤ ਮਾਰਸ਼ਲ ਆਰਟ ਤੋਂ ਕਰਾਟੇ 'ਤੇ ਆਧਾਰਿਤ ਸਵੈ-ਕੋਰੀਓਗ੍ਰਾਫਡ ਡਾਂਸ ਨਾਲ ਦਾ ਖਿਤਾਬ ਵੀ ਹਾਸਲ ਕੀਤਾ ਹੈ।

# ਨਵਾਂ ਸ਼ਹਿਰ ਵਿਖੇ 76ਵੇਂ ਆਜ਼ਾਦੀ ਦਿਵਸ ਮੌਕੇ ਲਹਿਰਾਇਆ ਤਿਰੰਗਾ

## ਇੱਕ ਵਿਧਾਇਕ ਇੱਕ ਪੈਨਸ਼ਨ, ਆਮ ਆਦਮੀ ਕਲੀਨਿਕ ਤੇ 600 ਯੂਨਿਟ ਤੱਕ ਮੁਫ਼ਤ ਬਿਜਲੀ ਜਿਹੇ ਅਹਿਮ ਵਾਅਦੇ ਪੰਜ ਮਹੀਨਿਆਂ 'ਚ ਹੀ ਪੂਰੇ ਹੋਏ















**ਨਵਾਂਸ਼ਹਿਰ (ਸੰਤੋਖ ਜੱਸੀ)–** ਪੰਜਾਬ ਦੇ ਕਿਰਤ, ਯਾਤਰਾ, ਸਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ ਤੇ ਸ਼ਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਨਵਾਂਸ਼ਹਿਰ ਵਿਖੇ ਕੌਮੀ ਝੰਡਾ ਲਹਿਰਾਇਆ। ਉਨ੍ਹਾਂ ਇਸ ਮੌਕੇ ਡੀ ਸੀ ਐਨ ਪੀ ਐਸ ਰੰਧਾਵਾ ਅਤੇ ਐਸ ਐਸ ਪੀ ਭਾਗੀਰਥ ਸਿੰਘ ਮੀਣਾ ਨਾਲ ਪਰੇਡ ਦਾ ਨਿਰੀਖਣ ਵੀ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਵੀ ਲਈ।

ਉਨ੍ਹਾਂ ਇਸ ਮੌਕੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਦੇ ਲਾ-ਮਿਸਾਲ ਯੋਗਦਾਨ ਅਤੇ ਸਭ ਤੋਂ ਵੱਧ ਕੁਰਬਾਨੀਆਂ ਨੂੰ ਯਾਦ ਕਰਦਿਆਂ ਕਿਹਾ ਕਿ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਸਰਦਾਰ ਕਰਤਾਰ ਸਿੰਘ ਸਰਾਭਾ, ਮਦਨ ਲਾਲ ਢੀਂਗਰਾ, ਲਾਲਾ ਲਾਜਪਤ ਰਾਏ, ਦੀਵਾਨ ਸਿੰਘ ਕਾਲੇਪਾਣੀ, ਸ਼ਹੀਦ ਊਧਮ ਸਿੰਘ ਅਤੇ ਪੰਜਾਬ ਨਾਲ ਸਬੰਧਤ ਅਜਿਹੇ ਹੋਰ ਆਜ਼ਾਦੀ ਘੁਲਾਟੀਆਂ ਵੱਲੋਂ ਸਮੇਂ-ਸਮੇਂ 'ਤੇ ਆਰੰਭੇ ਗਏ ਸੰਘਰਸ਼ਾਂ ਕਾਰਨ ਹੀ ਅੱਜ ਅਸੀਂ ਆਜ਼ਾਦ ਮੁਲਕ ਦੇ ਵਾਸੀ ਹਾਂ।

ਅਨਮੋਲ ਗਗਨ ਮਾਨ ਨੇ ਆਖਿਆ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਦੀ ਮਿੱਟੀ 'ਚੋਂ ਅੱਜ ਵੀ ਸ਼ਹਾਦਤ ਦੀ ਖੁਸ਼ਬੋ ਆਉਂਦੀ ਹੈ ਅਤੇ ਦੇਸ਼ ਲਈ ਮਰ ਮਿਟਣ ਦੀ ਪ੍ਰੇਰਨਾ ਮਿਲਦੀ ਹੈ।

ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਸ਼ਹੀਦਾਂ ਦੇ ਸੁਫ਼ਨਿਆਂ ਦਾ ਪੰਜਾਬ ਸਿਰਜਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕੀਤੇ ਅਹਿਮ ਵਾਅਦੇ ਜਿਵੇਂ ਕਿ ਇੱਕ ਵਿਧਾਇਕ ਇੱਕ ਪੈਨਸ਼ਨ, ਆਮ ਆਦਮੀ ਕਲੀਨਿਕ ਅਤੇ 600 ਯੂਨਿਟ ਤੱਕ ਘਰੇਲੂ ਬਿਜਲੀ ਸਪਲਾਈ ਮੁਫ਼ਤ ਪਹਿਲੇ ਪੰਜ ਮਹੀਨਿਆਂ 'ਚ ਹੀ ਲਾਗੂ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਦਫ਼ਤਰਾਂ ਵਿੱਚੋਂ ਰਾਜਨੀਤਕ ਤਸਵੀਰਾਂ ਲਾਉਣ ਦੀ ਪ੍ਰਥਾ ਨੂੰ ਖਤਮ ਕਰਦਿਆਂ ਸ਼ਹੀਦ-ਏ-ਆਜ਼ਮ ਸ। ਭਗਤ ਸਿੰਘ ਅਤੇ ਡਾ। ਬੀ ਆਰ ਅੰਬੇਦਕਰ ਦੀਆਂ ਤਸਵੀਰਾਂ ਲਾਈਆਂ ਗਈਆਂ ਹਨ ਤਾਂ ਜੋ ਉਹ ਸਾਨੂੰ ਲੋਕਾਂ ਪ੍ਰਤੀ ਆਪਣੀ ਜ਼ਿੰਮੇਂਵਾਰੀ ਨੂੰ ਸਮਝਣ ਦੀ ਸੇਧ ਅਤੇ ਪ੍ਰੇਰਨਾ ਦੇ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਅੱਜ ਪੰਜਾਬ ਬਿਜਲੀ, ਖੇਤੀਬਾੜੀ, ਸਿੱਖਿਆ, ਲਾਅ ਐਂਡ ਆਡਰ, ਨਾਗਰਿਕ ਸੇਵਾਵਾਂ, ਬੁਨਿਆਦੀ ਢਾਂਚੇ, ਸ਼ਹਿਰੀ ਵਿਕਾਸ, ਪਿੰਡਾਂ ਦੇ ਸਰਵਪੱਖੀ ਵਿਕਾਸ, ਪੰਚਾਇਤੀ ਜ਼ਮੀਨਾਂ 'ਤੋਂ ਨਾਜਾਇਜ਼ ਕਬਜੇ ਛੁਡਾਉਣ, ਸਿਹਤ, ਨਿਵੇਸ਼ ਪੱਖੀ ਮਾਹੌਲ ਸਿਰਜਣ ਅਤੇ ਉਦਯੋਗ ਦੇ ਖੇਤਰ ਵਿੱਚ ਨਾਮਣਾ ਖੱਟ ਰਿਹਾ ਹੈ। ਉਨ੍ਹਾਂ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ਨੂੰ ਪੰਜਾਬ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਦਾ ਸਭ ਤੋਂ ਵੱਡਾ ਨਾਗਰਿਕ ਅਧਿਕਾਰ ਕਰਾਰ ਦਿੱਤਾ।

ਨਸ਼ਿਆਂ ਖ਼ਿਲਾਫ਼ ਜੰਗ, ਐਂਟੀ-ਗੈਂਗਸਟਰ ਟਾਸਕ ਫ਼ੋਰਸ, ਨੌਜੁਆਨਾਂ ਲਈ ਤਕਨੀਕੀ ਸਿਖਲਾਈ ਸੰਸਥਾਂਵਾਂ ਦੀ ਸਥਾਪਤੀ, ਕਾਗਜ਼ੀ ਸਟੈਂਪ ਪੇਪਰਾਂ ਦੀ ਥਾਂ 'ਤੇ ਈ-ਸਟੈਂਪ ਦੀ ਸ਼ੁਰੂਆਤ, ਕਿਸਾਨਾਂ ਨੂੰ ਬਦਲਵੀਂਆਂ ਫ਼ਸਲਾਂ ਲਈ ਉਤਸ਼ਾਹਿਤ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ ਨੂੰ ਬਚਾਉਣ ਲਈ ਮੂੰਗੀ ਦਾ ਐਮ ਐਸ ਪੀ ਦੇਣ ਅਤੇ ਝੋਨੇ ਦੀ ਸਿੱਧੀ ਬਿਜਾਈ ਲਈ ਉਤਸ਼ਾਹ ਦੇਣ ਲਈ 1500 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਨੂੰ ਪੰਜਾਬ ਸਰਕਾਰ ਦੀ ਰਾਜ ਅਤੇ ਲੋਕਾਂ ਪ੍ਰਤੀ ਸੰਜੀਦਗੀ ਅਤੇ ਸੁਹਿਰਦਤਾ ਆਖਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਵਚਨਬੱਧ ਹੈ। ਕਿਰਤ ਮੰਤਰੀ ਨੇ ਅੱਗੇ ਕਿਹਾ ਕਿ ਕੌਮੀ ਅੰਨ ਸੁਰੱਖਿਆ ਮਿਸ਼ਨ ਦੇ ਲਾਭਪਾਤਰੀਆਂ ਨੂੰ ਕਣਕ ਦੀ ਥਾਂ ਆਟਾ ਸਪਲਾਈ ਕਰਨ, ਦੇਸ਼ ਲਈ ਸ਼ਹੀਦ ਹੋਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ ਦਿੱਤਾ ਜਾਂਦਾ ਮਾਣ ਭੱਤਾ ਵਧਾ ਕੇ ਇੱਕ ਕਰੋੜ ਕਰਨ, ਰਾਜ ਦੇ ਨੌਜੁਆਨਾਂ ਨੂੰ ਰੋਜ਼ਗਾਰ ਦੇ ਵਾਅਦੇ ਤਹਿਤ 26 ਹਜ਼ਾਰ ਸਰਕਾਰੀ ਅਸਾਮੀਆਂ 'ਤੇ ਭਰਤੀ, ਨੌਜੁਆਨਾਂ ਨੂੰ ਖੇਡਾਂ 'ਚ ਉਤਸ਼ਾਹ ਦੇਣ ਲਈ ਰਾਜ ਭਰ 'ਚ 29 ਜੁਲਾਈ ਤੋਂ ਖੇਡ ਮੁਕਾ-ਬਲਿਆਂ ਦੀ ਆਰੰਭਤਾ ਭਗਵੰਤ ਮਾਨ ਸਰਕਾਰ ਦੀ ਰਾਜ ਦੇ ਲੋਕਾਂ ਪ੍ਰਤੀ ਸੁਹਿਰਦ ਸੋਚ ਦਾ ਪ੍ਰਗਟਾਵਾ ਹੈ। ਰਾਜ ਦੇ ਲੋਕਾਂ ਨੂੰ ਵਾਜਬ ਦਰਾਂ 'ਤੇ ਨਿਰਮਾਣ ਸਮੱਗਰੀ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਰੇਤ ਤੇ ਬਜਰੀ ਦੀ ਮਾਈਨਿੰਗ ਨੀਤੀ, 2021 ਵਿੱਚ ਸੋਧ ਨੂੰ ਆਮ ਆਦਮੀ ਲਈ ਉਨ੍ਹਾਂ ਵੱਡੀ ਰਾਹਤ ਕਰਾਰ ਦਿੱਤਾ। ਸਮਾਗਮ ਦੌਰਾਨ ਉਨ੍ਹਾਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਅਤੇ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। ਇਸ ਤੋਂ ਇਲਾਵਾ ਪਰੇਡ ਕਮਾਂਡਰ ਡੀ ਐਸ ਪੀ ਹਰਸ਼ਪ੍ਰੀਤ ਸਿੰਘ ਅਤੇ ਨੇਚਰ ਫ਼ੋਟੋਗ੍ਰਾਫ਼ਰ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਸਮੇਤ 51 ਸਖਸ਼ੀਅਤਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਲਈ ਸਨਮਾਨਿਤ ਵੀ ਕੀਤਾ ਗਿਆ। ਦੇਸ਼ ਦੀ ਆਜ਼ਾਦੀ ਦੀ 75 ਵੀਂ ਵਰ੍ਹੇਗੰਢ ਦੇ ਸਮਾਗਮਾਂ ਨੂੰ ਯਾਦਗਾਰੀ ਬਣਾਉਣ ਲਈ 28 ਸਕੂਲਾਂ ਦੇ 2000 ਤੋਂ ਵਧੇਰੇ ਵਿਦਿਆਰਥੀਆਂ ਨੇ ਇਸ ਮੌਕੇ ਪਰੇਡ, ਪੀ ਟੀ ਸ਼ੋਅ ਤੇ ਸਭਿਆਚਾਰਕ ਪ੍ਰੋਗਰਾਮ 'ਚ ਸ਼ਮੂਲੀਅਤ ਕੀਤੀ। ਇਸ ਤੋਂ ਇਲਾਵਾ ਵਿਭਾਗਾਂ ਵੱਲੋਂ ਲੋਕ ਜਾਗਰੂਕਤਾ ਲਈ ਕੱਢੀਆਂ ਗਈਆਂ ਝਾਕੀਆਂ ਵੀ ਮਾਰਚ ਪਾਸਟ ਦਾ ਹਿੱਸਾ ਸਨ। ਸਮਾਗਮ ਦੌਰਾਨ ਐਮ ਐਲ ਏ ਸੰਤੋਸ਼ ਕੁਮਾਰੀ ਕਟਾਰੀਆ, ਐਮ ਐਲ ਏ ਡਾ। ਨਛੱਤਰ ਪਾਲ, ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਆਪ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਜ਼ਿਲ੍ਹਾ ਪ੍ਰਧਾਨ ਸ਼ਿਵ ਕਰਨ ਚੇਚੀ ਸਮੇਤ ਵੱਡੀ ਗਿਣਤੀ 'ਚ ਜ਼ਿਲ੍ਹੇ ਦੇ ਅਧਿਕਾਰੀ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਮੰਚ 'ਤੇ ਮੌਜੂਦ ਸਨ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਰਤ, ਯਾਤਰਾ ਤੇ ਸਭਿਆਚਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਦੀ ਸਿਫ਼ਾਰਸ਼ 'ਤੇ ਸਕੂਲਾਂ 'ਚ 16 ਅਗਸਤ ਦੀ ਛੁੱਟੀ ਦਾ ਐਲਾਨ ਵੀ ਕੀਤਾ ਗਿਆ।

**ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ**

# ਡੋਨਲਡ ਟਰੰਪ ਦੀ ਰਿਹਾਇਸ਼ ਤੇ ਕਲੱਬ ਤੋਂ ਗੁਪਤ ਤੇ ਅੱਤ ਗੁਪਤ ਦਸਤਾਵੇਜ ਬਰਾਮਦ ਹੋਏ

## ਸਾਬਕਾ ਰਾਸ਼ਟਰਪਤੀ ਦੇ ਹਥਿਆਰਬੰਦ ਸਮਰਥਕ ਵੱਲੋਂ ਐਫ ਬੀ ਆਈ ਦੇ ਦਫਤਰ ਵਿਚ ਦਾਖਲ ਹੋਣ ਦਾ ਯਤਨ ਨਾਕਾਮ, ਮਾਰਿਆ ਗਿਆ

**ਸੈਕਰਾਮੈਂਟੋ 13 ਅਗਸਤ –** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਮੁਸ਼ਕਿਲਾਂ ਵਧਦੀਆਂ ਹੋਈਆਂ ਨਜਰ ਆ ਰਹੀਆਂ ਹਨ। ਐਫ ਬੀ ਆਈ ਵੱਲੋਂ ਸਾਬਕਾ ਰਾਸ਼ਟਰਪਤੀ ਦੀ ਫਲੋਰਿਡਾ ਸਥਿੱਤ ਨਿੱਜੀ ਕਲੱਬ ਤੇ ਰਿਹਾਇਸ਼ 'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਅਮਰੀਕੀ ਸਰਕਾਰ ਨੇ ਅਹਿਮ ਦਸਤਾਵੇਜ਼ ਬਰਾਮਦ ਹੋਣ ਦਾ ਦਾਅਵਾ ਕੀਤਾ ਹੈ। ਸਰਕਾਰੀ ਸੂਤਰਾਂ ਨੇ ਕਿਹਾ ਹੈ ਕਿ ਬਰਾਮਦ ਦਸਤਾਵੇਜ਼ਾਂ ਵਿਚ ਗੁਪਤ ਤੇ ਅੱਤ ਗੁਪਤ ਦਸਤਾਵੇਜ਼ ਸ਼ਾਮਿਲ ਹਨ ਹਾਲਾਂ ਕਿ ਇਸ ਸਬੰਧੀ ਕੋਈ ਸਪੱਸ਼ਟ ਵੇਰਵਾ ਨਹੀਂ ਦਿੱਤਾ ਹੈ। ਇਸੇ ਦੌਰਾਨ ਟਰੰਪ ਸਮਰਥਕ ਸੋਸ਼ਲ ਮੀਡੀਆ ਉਪਰ ਜਾਂਚ ਏਜੰਸੀ ਐਫ ਬੀ ਆਈ ਵਿਰੁੱਧ ਮਾਹੌਲ ਬਣਾਉਣ ਦਾ ਯਤਨ ਕਰ ਰਹੇ ਹਨ ਤੇ ਲੋਕਾਂ ਨੂੰ ਉਸ ਵਿਰੁੱਧ ਹਿੰਸਾ ਲਈ ਉਕਸਾ ਰਹੇ ਹਨ।

ਐਫ ਬੀ ਆਈ ਦੇ ਦਫਤਰ ਵਿਚ ਦਾਖਲ ਹੋਣ ਦਾ ਯਤਨ ਨਾਕਾਮ- ਟਰੰਪ ਸਮਰਥਕ ਇਕ ਹਥਿਆਰਬੰਦ ਸ਼ੱਕੀ ਵਿਅਕਤੀ ਨੇ ਐਫ ਬੀ ਆਈ ਦੇ ਓਹੀਓ ਦੇ ਸਿਨਸੀਨਾਟੀ ਖੇਤਰੀ ਦਫਤਰ ਵਿਚ ਦਾਖਲ ਹੋਣ ਦਾ ਨਾਕਾਮ ਯਤਨ ਕੀਤਾ। ਐਫ ਬੀ ਆਈ ਦੇ ਸਿਨਸੀਨਾਟੀ ਦਫਤਰ ਵੱਲੋਂ ਜਾਰੀ ਇਕ



ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ੱਕ ਪੈਣ 'ਤੇ ਜਦ ਖਤਰੇ ਦਾ ਅਲਾਰਮ ਵਜਾਇਆ ਗਿਆ ਤਾਂ ਸ਼ੱਕੀ ਵਿਅਕਤੀ ਕਾਰ ਵਿਚ ਫਰਾਰ ਹੋ ਗਿਆ। ਪੁਲਿਸ ਤੇ ਲਾਅ ਇਨਫੋਰਸਮੈਂਟ ਅਫਸਰਾਂ ਨੇ ਉਸ ਦੀ ਕਾਰ ਦਾ ਪਿੱਛਾ ਕਰਕੇ ਉਸ ਨੂੰ ਗੋਲੀ ਮਾਰ ਦਿੱਤੀ ਜਿਸ ਉਪੰਰਤ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਓਹੀਓ ਸਟੇਟ ਹਾਈਵੇਅ ਗਸ਼ਤੀ ਦਲ ਦੇ ਬੁਲਾਰੇ ਲੈਫਟੀਨੈਂਟ ਨਾਥਨ ਡੈਨਿਸ ਨੇ ਕਿਹਾ ਹੈ ਕਿ ਇਕ ਟਰੈਫਿਕ ਸਟਾਪ 'ਤੇ ਸ਼ੱਕੀ ਨੂੰ ਰੋਕਣ ਦਾ ਯਤਨ ਕੀਤਾ ਗਿਆ ਪਰੰਤੂ ਉਹ ਨਹੀਂ ਰੁਕਿਆ ਜਿਸ ਉਪਰੰਤ ਉਸ ਦਾ ਪਿੱਛਾ ਕੀਤਾ ਗਿਆ ਜਿਸ ਦੌਰਾਨ ਸ਼ੱਕੀ ਨੇ ਆਪਣੀ ਕਾਰ ਵਿਚੋਂ ਪਿੱਛਾ ਕਰ ਰਹੇ ਪੁਲਿਸ ਅਫਸਰਾਂ ਉਪਰ ਗੋਲੀਆਂ ਚਲਾਈਆਂ। ਅੰਤ ਵਿਚ ਉਸ ਨੂੰ ਰੋਕ ਲਿਆ ਗਿਆ ਤੇ ਇਸ ਉਪਰੰਤ ਸ਼ੱਕੀ ਨੇ ਆਪਣੀ ਕਾਰ ਦੀ ਓਟ ਲੈ ਕੇ ਪੁਲਿਸ ਅਫਸਰਾਂ 'ਤੇ ਗੋਲੀਆਂ ਚਲਾਈਆਂ।

ਪੁਲਿਸ ਅਫਸਰਾਂ ਦੀ ਜਵਾਬੀ ਕਾਰਵਾਈ ਵਿਚ ਉਹ ਮਾਰਿਆ ਗਿਆ। ਬੁਲਾਰੇ ਅਨੁਸਾਰ ਇਹ ਕਰਾਵਾਈ ਕਈ ਘੰਟੇ ਚੱਲੀ ਜਿਸ ਦੌਰਾਨ ਸ਼ੱਕੀ ਵਿਅਕਤੀ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ ਪਰ ਉਹ ਟੱਸ ਤੋਂ ਮੱਸ ਨਾ ਹੋਇਆ।ਉਸ ਕੋਲ ਇਕ ਏ ਆਰ 15 ਰਾਈਫਲ ਤੇ ਇਕ ਨੇਲ ਗੰਨ ਸੀ। ਉਸ ਦੀ ਪਛਾਣ ਰਿਕੀ ਡਬਲਯੂ ਸ਼ਿਫਰ (42) ਵਜੋਂ ਹੋਈ ਹੈ ਜੋ ਕੋਲੰਬਸ ਦਾ ਰਹਿਣ ਵਾਲਾ ਹੈ। ਹਾਲਾਂ ਕਿ ਅਧਿਕਾਰੀਆਂ ਨੇ ਸ਼ਿਫਰ ਵੱਲੋਂ ਐਫ ਬੀ ਆਈ ਦੇ ਦਫਤਰ ਵਿਚ ਦਾਖਲ ਹੋਣ ਪਿੱਛੇ ਮੰਤਵ ਦਾ ਖੁਲਾਸਾ ਨਹੀਂ ਕੀਤਾ ਹੈ ਪਰੰਤੂ ਸੂਤਰਾਂ ਅਨੁਸਾਰ ਸ਼ੱਕੀ ਵਿਅਕਤੀ ਦਾ ਸਬੰਧ ਸੱਜੇ ਪੱਖੀ ਅੱਤਵਾਦੀ ਗਰੁੱਪ ਨਾਲ ਹੈ।

ਸ਼ਿਫਰ ਦਾ ਇਕ ਸੋਸ਼ਲ ਮੀਡੀਆ ਖਾਤਾ ਹੈ ਜਿਸ ਵਿਚ ਐਫ ਬੀ ਆਈ ਵਿਰੁੱਧ ਹਥਿਆਰ ਚੁੱਕਣ ਤੇ ਹਿੰਸਾ ਫੈਲਾਉਣ ਦਾ ਸੱਦਾ ਦਿੱਤਾ ਗਿਆ ਹੈ।

# ਪ੍ਰਸਿਧ ਲੇਖਕ ਸਲਮਾਨ ਰਸ਼ਦੀ ’ਤੇ ਨਿਊਯਾਰਕ ’ਚ ਇਕ ਸਮਾਗਮ ਦੌਰਾਨ ਸਟੇਜ ’ਤੇ ਹਮਲਾ

**ਸੈਕਰਾਮੈਂਟੋ 13 ਅਗਸਤ –**ਪੱਛਮੀ ਨਿਊਯਾਰਕ ਚ ਇੱਕ ਸਮਾਗਮ ਦੌਰਾਨ ਪ੍ਰਸਿਧ ਲੇਖਕ ਸਲਮਾਨ ਰਸ਼ਦੀ 'ਤੇ ਸਟੇਜ 'ਤੇ ਹੀ ਹਮਲਾ ਕੀਤਾ ਗਿਆ। ਪੁਲਿਸ ਮੁਤਾਬਕ ਰਸ਼ਦੀ ਦੀ ਗਰਦਨ 'ਤੇ ਚਾਕੂ ਦਾ ਜ਼ਖਮ ਸੀ ਅਤੇ ਉਸ ਨੂੰ ਹੈਲੀਕਾਪਟਰ ਰਾਹੀਂ ਇਲਾਕੇ ਦੇ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਬਾਕੀ ਜਾਣਕਾਰੀ ਆਉਣੀ ਬਾਕੀ ਹੈ। ਸਲਮਾਨ ਰਸ਼ਦੀ ਨੇ ਅਤਿਆਚਾਰ ਦੀ ਧਮਕੀ ਦੇ ਤਹਿਤ ਦੇਸ਼ ਨਿਕਾਲਾ ਦਿੱਤੇ ਲੇਖਕਾਂ 'ਤੇ ਇੱਕ ਲੈਕਚਰ ਲੜੀ ਦੇ ਹਿੱਸੇ ਵਜੋਂ ਚੌਟਾਉਕਾ ਇੰਸਟੀਚਿਊਟ ਵਿੱਚ ਬੋਲਣਾ ਸੀ। ਇਸਹ ਹਮਲਾ ਉਦੋਂ ਹੋਇਆ ਜਦੋਂ ਉਹ ਇਸ ਸਮਾਗਮ ਵਿੱਚ ਬੋਲ ਰਹੇ ਸਨ, ਰਸ਼ਦੀ ਉੱਤੇ ਚਾਕੂ ਨਾਲ ਵਾਰ ਕਰਨ ਵਾਲਾ ਵਿਅਕਤੀ ਸਟੇਜ ਉੱਤੇ ਜਾ ਚੜ੍ਹਿਆ ਤੇ ਉਸ ਉੱਤੇ ਅਟੈਕ ਕਰ ਦਿੱਤਾ ਤੇ ਉਸ ਆਦਮੀ ਨੇ






ਰਸ਼ਦੀ ਨੂੰ ਚਾਕੂ ਤੇ ਮੁੱਕਾ ਮਾਰਨਾ ਸ਼ੁਰੂ ਕਰ ਦਿੱਤਾ, ਤੇ ਰਸ਼ਦੀ ਫਰਸ਼ 'ਤੇ ਡਿੱਗ ਪਿਆ। ਫਿਰ ਉਸ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਅਤੇ ਪੁਲਿਸ ਨੇ ਉਸ ਨੂੰ ਹਿਰਾਸਤ ਵਿਚ ਲੈ ਲਿਆ। ਇਸ ਮੌਕੇ ਦੀਆਂ ਫੋਟੋਆਂ ਅਤੇ ਵੀਡੀਓ ਵਿੱਚ ਕਰਮਚਾਰੀ ਰਸ਼ਦੀ ਵੱਲ ਭੱਜੇ ਆਉਂਦੇ ਹੋਏ ਦਿਖਾਉਂਦੇ ਹਨ, ਜਿਸਨੂੰ ਬਾਅਦ ਵਿੱਚ ਸਟੇਜ ਤੋਂ ਬਾਹਰ ਲਿਜਾਣ ਵਿੱਚ ਮਦਦ ਕੀਤੀ ਗਈ। ਹੈਨਰੀ ਰੀਸ, ਇੱਕ ਸਾਹਿਤਕ ਗੈਰ-ਲਾਭਕਾਰੀ ਸੰਸਥਾ ਦੇ ਸੰਸਥਾਪਕ ਜੋ ਰਸ਼ਦੀ ਦੇ ਨਾਲ ਸਟੇਜ 'ਤੇ ਦਿਖਾਈ ਦੇ ਰਿਹਾ ਸੀ, ਨੂੰ ਵੀ ਸਿਰ 'ਤੇ ਮਾਮੂਲੀ ਸੱਟ ਲੱਗੀ। 75 ਸਾਲਾ ਭਾਰਤੀ ਮੂਲ ਸਲਮਾਨ ਰਸ਼ਦੀ ਦੇ ਨਾਵਲ 1988 ਵਿੱਚ "ਦ ਸੈਟੇਨਿਕ ਵਰਸਿਜ" ਦੇ ਪ੍ਰਕਾਸ਼ਨ ਤੋਂ ਬਾਅਦ ਮੌਤ ਦੀਆਂ ਧਮਕੀਆਂ ਅਤੇ ਹੱਤਿਆ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ, ਇੱਸ ਕਿਤਾਬ ਜਿਸ ਨੂੰ ਕੁਝ ਮੁਸਲਮਾਨ ਇਸਲਾਮ ਦੇ ਗਲਤ ਚਿੱਤਰਣ ਕਾਰਨ ਅਪਮਾਨਜਨਕ ਮੰਨਦੇ ਹਨ। ਇਸ ਕਿਤਾਬ 'ਤੇ ਈਰਾਨ 'ਚ ਪਾਬੰਦੀ ਲਗਾ ਦਿੱਤੀ ਗਈ ਸੀ। ਅਗਲੇ ਸਾਲ, ਈਰਾਨ ਦੇ ਨੇਤਾ ਆਯਤੁੱਲਾ ਰੂਹੁੱਲਾ ਖੋਮੇਨੀ ਨੇ ਰਸ਼ਦੀ ਦੀ ਮੌਤ ਦੀ ਮੰਗ ਕਰਦੇ ਹੋਏ ਇੱਕ ਫਤਵਾ, ਜਾਂ ਹੁਕਮਨਾਮਾ ਜਾਰੀ ਕੀਤਾ ਸੀ। ਇਸ ਦੌਰਾਨ $3 ਮਿਲੀਅਨ ਤੋਂ ਵੱਧ ਦੇ ਇਨਾਮ ਦੀ ਪੇਸ਼ਕਸ਼ ਕੀਤੀ ਗਈ ਸੀ, ਅਤੇ ਸਲਮਾਨ ਰਸ਼ਦੀ ਲਗਭਗ ਇੱਕ ਦਹਾਕੇ ਤੱਕ ਲੁਕਿਆ ਰਿਹਾ।

# ਟਰੰਪ ਦੇ ਕਲੱਬ ਤੇ ਘਰ ਉਪਰ ਛਾਪਮਾਰੀ ਲਈ ਮੈ ਨਿਰਨਾ ਲਿਆ- ਅਟਾਰਨੀ ਜਨਰਲ

**ਸੈਕਰਾਮੈਂਟੋ 12 ਅਗਸਤ –**ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਪਾਮ ਬੀਚ, ਫਲੋਰਿਡਾ ਵਿਚਲੀ ਨਿੱਜੀ ਕਲੱਬ ਤੇ ਘਰ 'ਤੇ ਮਾਰੇ ਗਏ ਛਾਪੇ ਬਾਰੇ ਨਿਰਨਾ ਮੈ ਨਿੱਜੀ ਤੌਰ 'ਤੇ ਲਿਆ ਸੀ। ਇਹ ਪ੍ਰਗਟਾਵਾ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕੀਤਾ ਹੈ। ਉਨਾਂ ਕਿਹਾ ਕਿ ਤਲਾਸ਼ੀ ਵਾਰੰਟ ਲੈਣ ਦੇ ਨਿਰਨੇ ਨੂੰ ਮੈ ਪ੍ਰਵਾਨਗੀ ਦਿੱਤੀ ਸੀ ਕਿਉਂਕਿ ਇਸ ਦੇ ਸੰਭਾਵੀ ਕਾਰਨ ਸਨ। ਉਨਾਂ ਕਿਹਾ ਕਿ ਅਪਰਾਧ ਹੋਇਆ ਹੈ। ਇਸ ਸਮੇ ਟਰੰਪ ਆਪਣੇ ਆਪ ਨੂੰ ਫੱਸਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨਾਂ ਉਪਰ ਦੋਸ਼ ਹੈ ਕਿ ਵਾਈਟ ਹਾਊਸ ਛੱਡਣ ਸਮੇ ਉਹ ਆਪਣੇ ਨਾਲ ਕਈ ਅਹਿਮ ਗੁਪਤ



ਦਸਤਾਵੇਜ ਲੈ ਗਏ ਸਨ ਜਿਨਾਂ ਦੀ ਬਰਾਮਦਗੀ ਲਈ ਐਫ ਬੀ ਆਈ ਨੇ ਲੰਘੇ ਸੋਮਵਾਰ ਛਾਪੇਮਾਰੀ ਕੀਤੀ ਸੀ। ਇਸ ਛਾਪੇਮਾਰੀ ਉਪਰੰਤ ਸਾਬਕਾ ਰਾਸ਼ਟਰਪਤੀ ਨੂੰ ਸਰਕਾਰੀ ਹਲਕਿਆਂ ਵਿਚ ਹਰ ਪੱਧਰ ਉਪਰ ਸ਼ੱਕ ਦੀ ਨਜਰ ਨਾਲ ਵੇਖਿਆ ਜਾ ਰਿਹਾ ਹੈ।

ਐਫ ਬੀ ਆਈ ਦੇ ਡਾਇਰੈਕਟਰ ਕ੍ਰਿਸਟੋਫਰ ਵਰੇਅ ਜਿਸ ਦੀ ਅਗਵਾਈ ਵਿਚ ਛਾਪੇਮਾਰੀ ਹੋਈ ਉਸ ਦੀ ਨਿਯੁਕਤੀ ਟਰੰਪ ਨੇ ਆਪਣੇ ਕਾਰਜਕਾਲ ਸਮੇ ਕੀਤੀ ਸੀ। ਇਸ ਛਾਪੇਮਾਰੀ ਉਪਰੰਤ ਕ੍ਰਿਸਟੋਫਰ ਵਰੇਅ ਨੂੰ ਧਮਕੀਆਂ ਮਿਲ ਰਹੀਆਂ ਹਨ ਹਾਲਾਂ ਕਿ ਉਨਾਂ ਨੇ ਧਮਕੀਆਂ ਮਿਲਣ ਬਾਰੇ ਜਨਤਿਕ ਤੌਰ 'ਤੇ ਅਜੇ ਕੁਝ ਨਹੀਂ ਕਿਹਾ ਹੈ।

# ਅਮਰੀਕਾ ਦੇ ਇੰਡਿਆਨਾ ਰਾਜ ਵਿਚ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਕਾਰਨ 3 ਮੌਤਾਂ ਤੇ ਨਾਲ ਲੱਗਦੇ 39 ਘਰਾਂ ਨੂੰ ਪੁੱਜਾ ਨੁਕਸਾਨ

**ਸੈਕਰਾਮੈਂਟੋ 12 ਅਗਸਤ –**ਅਮਰੀਕਾ ਦੇ ਇੰਡਿਆਨਾ ਰਾਜ ਵਿਚ ਇਵਾਨਸਵਿਲੇ ਵਿਖੇ ਇਕ ਘਰ ਵਿਚ ਹੋਏ ਜਬਰਦਸਤ ਧਮਾਕੇ ਵਿੱਚ ਪਤੀ-ਪਤਨੀ ਸਮੇਤ 3 ਜਣਿਆਂ



ਦੀ ਮੌਤ ਹੋ ਗਈ ਤੇ ਨਾਲ ਲੱਗਦੇ 39 ਘਰਾਂ ਨੂੰ ਨੁਕਸਾਨ ਪੁੱਜਾ। ਕਈ ਘਰ ਪੂਰੀ ਤਰਾਂ ਤਬਾਹ ਹੋ ਗਏ ਹਨ ਤੇ ਕਈਆਂ ਨੂੰ ਘੱਟ ਨੁਕਸਾਨ ਪੁੱਜਾ ਹੈ। ਇਵਾਨਸਵਿਲੇ ਦੇ ਅੱਗ ਬੁਝਾਊ ਵਿਭਾਗੇ ਦੇ ਮੁੱਖੀ ਮੀਸ਼ੈਲ ਕੋਨੈਲੀ ਨੇ ਦਸਿਆ ਕਿ ਧਮਾਕਾ ਅਚਨਚੇਤ ਹੋਇਆ । ਉਨਾਂ ਕਿਹਾ ਕਿ ਬਹੁਤ ਸਾਰੀਆਂ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ ਤੇ ਇਸ ਸਬੰਧੀ ਛੇਤੀ ਹੀ ਕਿਸੇ ਸਿੱਟੇ ਉਪਰ ਪੁੱਜਿਆ ਜਾਵੇਗਾ। ਮ੍ਰਿਤਕਾਂ ਦੀ ਪਛਾਣ ਪਤੀ-ਪਤਨੀ 43 ਸਾਲਾ ਚਾਰਲਸ ਹਾਈਟ ਤੇ 37 ਸਾਲਾ ਮਾਰਟੀਨਾ ਹਾਈਟ ਅਤੇ 29 ਸਾਲਾ ਜੈਸਿਕਾ ਟੀਗੂ ਵਜੋਂ ਹੋਈ ਹੈ। ਕੋਨੈਲੀ ਨੇ ਕਿਹਾ ਹੈ ਕਿ ਪ੍ਰਭਾਵਿਤ ਪਰਿਵਾਰਾਂ ਦੀ ਰੈਡ ਕਰਾਸ ਮੱਦਦ ਕਰ ਰਹੀ ਹੈ।

# ਡਿਟਰੋਇਟ ਵਿਖੇ ਅੰਤਰਰਾਸ਼ਟਰੀ ਸਿੱਖ ਯੂਥ ਸਿਮਪੋਜ਼ੀਅਮ 2022 ਦਾ ਆਯੋਜਨ

**ਸੈਕਰਾਮੈਂਟੋ–** ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਦਿਨਾਂ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2022 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਡਿਟਰੋਇਟ ਵਿਖੇ ਆਯੋਜਿਤ ਕੀਤੇ ਗਏ। ਸਿੱਖ ਗੁਰਦੁਆਰਾ ਆਫ਼ ਰੋਚੈਸਟਰ ਹਿਲਜ਼ ਵਿਖੇ ਹੋਏ ਪ੍ਰੋਗਰਾਮਾਂ ਵਿਚ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 51 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਸਿਮਪੋਜ਼ੀਅਮ ਅਤੇ ਸੰਸਥਾ ਦੇ ਨੈਸ਼ਨਲ ਕਨਵੀਨਰ ਸ। ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ। ਭਾਗ ਲੈਣ ਵਾਲੇ ਬੱਚਿਆ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਜਸਵੰਤ ਸਿੰਘ ਖਾਲੜਾ” ਕਿਤਾਬ ਦਿੱਤੀ ਗਈ ਜਿਸ ਵਿੱਚੋਂ ਉਹਨਾਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿੱਚ ਭਾਸ਼ਨ ਦਿੱਤੇ। ਪਹਿਲੇ ਦਿਨ ਚਾਰ ਗਰੁੱਪਾਂ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ ਪੰਜਵੇਂ ਗਰੁੱਪ ਵਿਚ




ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ ਨੌਜਵਾਨਾਂ ਨੇ “ਸਰਬੱਤ ਦਾ ਭਲਾ” ਸੰਬੰਧੀ ਡਿਬੇਟ ਵਿਚ ਭਾਗ ਲਿਆ ਅਤੇ ਲਗਭਗ 2 ਘੰਟਿਆਂ ਲਈ ਪ੍ਰਸ਼ਨਾਂ ਅਤੇ ਜੁਆਬਾਂ ਨਾਲ ਸੰਬੰਧਤ ਮੁੱਦਿਆਂ ਤੇ ਵਿਚਾਰ ਵਟਾਂਦਰੇ ਕੀਤੇ। ਡਿਬੇਟ ਦੇ ਸੰਚਾਲਕ ਬੱਫਲੋ ਤੋਂ ਡਾ। ਸ਼ਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜਿਆ। ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ ਦਾ ਇਕ ਹੋਰ ਮੁੱਖ ਆਕਰਸ਼ਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦੇ ਖਾਣੇ ਦਾ ਇਕ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਡੈਲਸ ਤੋਂ ਜਸਕੀਰਤ ਸਿੰਘ, ਦੂਜੇ ਵਿਚ ਅਟਲਾਂਟਾ ਤੋਂ ਬਿਸਮਾਦ ਕੌਰ, ਤੀਜੇ ਵਿਚ ਸਿਨਸਿਨਾਟੀ ਤੋਂ ਬਨਜੋਤ ਕੌਰ, ਚੌਥੇ ਵਿਚ ਸ਼ਿਕਾਗੋ ਤੋਂ ਮੁਸਕਾਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਨਿਊਯਾਰਕ ਤੋਂ ਗੁਰਪ੍ਰਤਾਪ ਸਿੰਘ ਪਹਿਲੇ ਸਥਾਨ ‘ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ “ਡਿਸਟਿਗਯੂਟਿਸ਼ਡ ਸਪੀਕਰ ਅਵਾਰਡ” ਦਿੱਤਾ ਗਿਆ। ਸਿਆਨਾ ਸੰਸਥਾ ਦੇ ਕਨਵੀਨਰ ਸ। ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲਗਦਾ ਹੈ।

ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਯੂਕਰੇਨੀ ਸ਼ਰਨਾਰਥੀਆਂ ਨੂੰ ਸਮੁੰਦਰੀ ਜਹਾਜ਼ 'ਚ ਦਿੱਤੀ ਜਾਵੇਗੀ ਰਿਹਾਇਸ਼

## ਹੁਣ ਤੱਕ 10056 ਸ਼ਰਨਾਰਥੀਆਂ ਨੂੰ ਦਿੱਤੀ ਜਾ ਚੁੱਕੀ ਹੈ ਰਿਹਾਇਸ਼




**ਗਲਾਸਗੋ–** ਰੂਸ ਨਾਲ ਜੰਗ ਲੱਗਣ ਤੋਂ ਬਾਅਦ ਸੈਂਕੜੇ ਯੂਕਰੇਨੀ ਲੋਕਾਂ ਨੇ ਯੂਕੇ ਵਿੱਚ ਪਨਾਹ ਲਈ ਹੈ। ਇਸ ਦੌਰਾਨ ਹੀ ਸਕਾਟਲੈਂਡ ਨੇ ਵੀ ਆਪਣੇ ਦਰਵਾਜ਼ੇ ਯੂਕਰੇਨੀ ਸ਼ਰਨਾਰਥੀਆਂ ਲਈ ਖੋਲ੍ਹੇ ਹਨ। ਸਕਾਟਿਸ਼ ਸਰਕਾਰ ਦੁਆਰਾ ਯੂਕਰੇਨੀ ਸ਼ਰਨਾਰਥੀਆਂ ਦੀ ਰਿਹਾਇਸ਼ ਦੇ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਜਿਸ ਤਹਿਤ ਸਰਕਾਰ ਦੁਆਰਾ ਇਹਨਾਂ ਲੋਕਾਂ ਨੂੰ ਰਿਹਾਇਸ਼ ਪ੍ਰਦਾਨ ਕਰਨ ਲਈ ਇੱਕ ਦੂਜੇ ਸਮੁੰਦਰੀ ਜਹਾਜ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਜਹਾਜ਼ ਐਮ ਐਸ ਐਬੀਸ਼ਨ ਗਲਾਸਗੋ ਵਿੱਚ ਸਥਿਤ ਹੋਵੇਗਾ ਅਤੇ ਸਤੰਬਰ ਤੱਕ ਇਸਦੇ ਪੂਰੀ ਤਰ੍ਹਾਂ ਚਾਲੂ ਹੋਣ ਦੀ ਉਮੀਦ ਹੈ। ਇਹ ਜਹਾਜ਼ ਤਕਰੀਬਨ 1,750 ਲੋਕਾਂ ਦੀ ਮੇਜ਼ਬਾਨੀ ਕਰਨ ਦੇ ਯੋਗ ਹੋਵੇਗਾ ਜਿਨ੍ਹਾਂ ਨੂੰ ਸੁਪਰ ਸਪਾਂਸਰ ਸਕੀਮ ਅਤੇ ਯੂਕੇ ਸਰਕਾਰ ਹੋਮਜ਼ ਫਾਰ ਯੂਕਰੇਨ ਸਕੀਮ ਦੁਆਰਾ ਸਕਾਟਲੈਂਡ ਵਿੱਚ ਜਗ੍ਹਾ ਦੀ ਪੇਸ਼ਕਸ਼ ਕੀਤੀ ਗਈ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾ ਵੀ 1,600 ਤੋਂ ਵੱਧ ਯੂਕਰੇਨੀਅਨ ਇੱਕ ਹੋਰ ਸਮੁੰਦਰੀ ਜਹਾਜ਼ ਐਮ ਐਸ ਵਿਕਟੋਰੀਆ 'ਚ ਰੱਖੇ ਗਏ ਹਨ, ਜੋ ਕਿ ਐਡਿਨਬਰਾ ਦੇ ਲੀਥ ਵਿਖੇ ਹੈ। ਸਕਾਟਿਸ਼ ਸਰਕਾਰ ਦੀ ਸੁਪਰ ਸਪਾਂਸਰ ਸਕੀਮ ਦੇ ਤਹਿਤ ਤਕਰੀਬਨ 10,056 ਯੂਕਰੇਨੀ ਸ਼ਰਨਾਰਥੀਆਂ ਨੂੰ ਪਨਾਹ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਬਾਰੇ ਬੋਲਦਿਆਂ ਯੂਕਰੇਨ ਦੇ ਸ਼ਰਨਾਰਥੀਆਂ ਲਈ ਵਿਸ਼ੇਸ਼ ਜ਼ਿੰਮੇਵਾਰੀ ਵਾਲੇ ਮੰਤਰੀ ਨੀਲ ਗ੍ਰੇ ਕਿਹਾ ਕਿ ਗਲਾਸਗੋ ਵਿੱਚ ਦੂਜਾ ਜਹਾਜ਼ ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਨ ਦੀ ਸਰਕਾਰ ਦੀ ਯੋਗਤਾ ਨੂੰ ਵਧਾਏਗਾ। ਉਹਨਾਂ ਕਿਹਾ ਕਿ ਇਸ ਸਮੇਂ ਜੰਗ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ ਹੈ ਤੇ ਸਰਕਾਰ ਯੂਕਰੇਨੀ ਲੋਕਾਂ ਦਾ ਸਮਰਥਨ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ।

# ਬਾਡੀ ਬਿਲਡਿੰਗ ਮੁਕਾਬਲਿਆਂ 'ਚ ਇਟਲੀ ਦੇ ਨੌਜਵਾਨ ਸੰਦੀਪ ਕੁਮਾਰ ਭੂਤਾਂ ਨੇ ਦਿਖਾਏ ਜੌਹਰ




**ਗਲਾਸਗੋ–** ਕਹਿੰਦੇ ਹਨ ਕਿ ਹਿੰਮਤ ਤੇ ਹੌਸਲਾ ਪਰਬਤਾਂ ਨੂੰ ਵੀ ਮੈਦਾਨ ਕਰ ਦਿੰਦੇ ਹਨ। ਲਗਭਗ ਇੱਕ ਦਹਾਕਾ ਪਹਿਲਾਂ ਸੁਨਹਿਰੇ ਭਵਿੱਖ ਲਈ ਇਟਲੀ ਆਇਆ ਨੌਜਵਾਨ ਸੰਦੀਪ ਕੁਮਾਰ ਭੂਤਾਂ ਦੇ ਜਜ਼ਬੇ ਨੇ ਅਜਿਹਾ ਜ਼ੋਰ ਦਿਖਾਇਆ ਕਿ ਉਹ 2021 ਵਿੱਚ ਸਲੋਵੇਨੀਆ ਵਿਖੇ ਹੋਈ ਵਿਸ਼ਵ ਬਾਡੀ ਬਿਲਡਿੰਗ ਚੈਂਪੀਅਨਸ਼ਿਪ ਵਿੱਚ ਆਪਣੀ ਝੋਲੀ ਸੋਨੇ ਦਾ ਮੈਡਲ ਪੁਆ ਕੇ ਮੁੜਿਆ। ਬੀਤੇ ਦਿਨੀਂ ਯੂਕੇ ਦੀ ਧਰਤੀ 'ਤੇ ਹੋਏ ਆਈ ਐੱਫ ਬੀ ਬੀ ਬਾਡੀ ਬਿਲਡਿੰਗ ਮੁਕਾਬਲਿਆਂ ਵਿੱਚ ਵੀ ਸੰਦੀਪ ਕੁਮਾਰ ਵੱਲੋਂ ਹਾਜਰੀ ਲਗਵਾਈ ਗਈ। ਵੱਖ ਵੱਖ ਦੇਸ਼ਾਂ ਵਿੱਚੋਂ ਵੱਡੀ ਗਿਣਤੀ ਵਿੱਚ ਪਹੁੰਚੇ ਸੈਂਕੜੇ ਪ੍ਰਤੀਯੋਗੀਆਂ ਵਿੱਚੋਂ ਨਿੱਤਰ ਕੇ ਕਦਮ ਦਰ ਕਦਮ ਅੱਗੇ ਵਧ ਕੇ ਸੰਦੀਪ ਕੁਮਾਰ ਵੱਲੋਂ ਬੇਹੱਦ ਸਖਤ ਮੁਕਾਬਲੇ ਵਿੱਚ ਚੌਥਾ ਸਥਾਨ ਹਾਸਲ ਕੀਤਾ। ਇਸ ਜਿੱਤ ਨਾਲ ਸੰਦੀਪ ਕੁਮਾਰ ਨੇ ਅਕਤੂਬਰ ਮਹੀਨੇ ਮੁੰਬਈ ਵਿਖੇ ਹੋਣ ਜਾ ਰਹੇ ਬਾਡੀ ਬਿਲਡਿੰਗ ਮੁਕਾਬਲਿਆਂ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ। ਜੀਅ ਜਾਨ ਲਾ ਕੇ ਦਿਨ ਰਾਤ ਮਿਹਨਤ ਕਰ ਰਹੇ ਸੰਦੀਪ ਕੁਮਾਰ ਭੂਤਾਂ 'ਤੇ ਸਮੁੱਚਾ ਭਾਈਚਾਰਾ ਮਾਣ ਕਰ ਰਿਹਾ ਹੈ। ਮੇਡਨਹੈੱਡ ਵਿਖੇ ਹੋਏ ਇਹਨਾਂ ਮੁਕਾਬਲਿਆਂ 'ਚ ਆਪਣੀ ਕਲਾ ਤੇ ਗੁੰਦਵੇਂ ਸਰੀਰ ਦਾ ਪ੍ਰਦਰਸ਼ਨ ਕਰਨ ਉਪਰੰਤ ਮਿਲੇ ਸਨਮਾਨ ਦੀ ਖੁਸ਼ੀ ਜਾਹਿਰ ਕਰਦਿਆਂ ਸੰਦੀਪ ਕੁਮਾਰ ਨੇ ਕਿਹਾ ਕਿ ਸੱਚੇ ਦਿਲੋਂ ਕੀਤੀ ਮਿਹਨਤ ਦਾ ਫਲ ਜ਼ਰੂਰ ਮਿਲਦਾ ਹੈ। ਇਸੇ ਤਰ੍ਹਾਂ ਦੀ ਲਗਨ ਨਾਲ ਪ੍ਰਾਪਤ ਕੀਤੀ ਮੰਜ਼ਿਲ ਹੋਰਨਾਂ ਲਈ ਵੀ ਸਬਕ ਬਣ ਜਾਂਦੀ ਹੈ। ਉਹਨਾਂ ਕਿਹਾ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਆਪਣੇ ਸਰੀਰਾਂ ਨੂੰ ਸਾਂਭਣ, ਨਸ਼ਿਆਂ ਤੋਂ ਦੂਰ ਰਹਿਣ ਤੇ ਦੂਜਿਆਂ ਨਾਲੋਂ ਵੱਖਰੀਆਂ ਲੀਹਾਂ ਪਾਉਣ ਦਾ ਟੀਚਾ ਮਿਥ ਕੇ ਅੱਗੇ ਵਧਣ।

# 2022 'ਚ 20,000 ਤੋਂ ਵੱਧ ਲੋਕਾਂ ਨੇ ਗੈਰ ਕਾਨੂੰਨੀ ਢੰਗ ਨਾਲ ਕੀਤਾ ਚੈਨਲ ਨੂੰ ਪਾਰ



**ਗਲਾਸਗੋ/ਲੰਡਨ –** ਯੂਕੇ ਵਿੱਚ ਦਾਖਲ ਹੋਣ ਲਈ ਹਜ਼ਾਰਾਂ ਲੋਕ ਹਰ ਸਾਲ ਗੈਰ ਕਾਨੂੰਨੀ ਢੰਗ ਅਪਣਾਉਂਦੇ ਹਨ, ਜਿਸ ਵਿੱਚ ਕਿਸ਼ਤੀਆਂ ਰਾਹੀ ਇੰਗਲਿਸ਼ ਚੈਂਨਲ ਨੂੰ ਪਾਰ ਕਰਨਾ ਵੀ ਸ਼ਾਮਲ ਹੈ। ਇਸ ਸੰਬੰਧੀ ਰੱਖਿਆ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਇਸ ਸਾਲ 20,000 ਤੋਂ ਵੱਧ ਲੋਕ ਛੋਟੀਆਂ ਕਿਸ਼ਤੀਆਂ ਵਿੱਚ ਇੰਗਲਿਸ਼ ਚੈਨਲ ਨੂੰ ਪਾਰ ਕਰ ਚੁੱਕੇ ਹਨ। ਜਾਣਕਾਰੀ ਅਨੁਸਾਰ ਸ਼ਨੀਵਾਰ ਨੂੰ 607 ਪ੍ਰਵਾਸੀਆਂ ਨੇ 14 ਕਿਸ਼ਤੀਆਂ ਵਿੱਚ ਕਰਾਸਿੰਗ ਕੀਤੀ। 2021 ਵਿੱਚ 28,526 ਗੈਰ ਕਾਨੂੰਨੀ ਕ੍ਰਾਸਿੰਗਾਂ ਦਾ ਰਿਕਾਰਡ ਸੀ ਅਤੇ ਪਿਛਲੇ ਸਾਲ ਇਸ ਤੱਕ ਸਿਰਫ 11,300 ਤੋਂ ਵੱਧ ਲੋਕ ਦਾਖਲ ਹੋਏ ਸਨ। ਅਪ੍ਰੈਲ ਵਿੱਚ, ਯੂਕੇ ਸਰਕਾਰ ਨੇ ਇਹਨਾਂ ਪ੍ਰਵਾਸੀਆਂ ਨੂੰ ਰੋਕਣ ਲਈ ਅਤੇ ਸ਼ਰਣ ਮੰਗਣ ਵਾਲਿਆਂ ਨੂੰ ਰਵਾਂਡਾ ਭੇਜਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ ਅਤੇ ਇਸ ਸਾਲ ਦੇ ਸ਼ੁਰੂ ਵਿੱਚ ਕੁੱਝ ਲੋਕਾਂ ਨੂੰ ਰਵਾਂਡਾ ਲਈ 4,000 ਮੀਲ (6,500 ਕਿਲੋਮੀਟਰ) ਲਈ 14 ਜੂਨ ਦੀ ਇੱਕ ਫਲਾਈਟ ਬੁੱਕ ਕੀਤੀ ਗਈ ਸੀ। ਹਾਲਾਂਕਿ, ਕਈ ਕਾਨੂੰਨੀ ਚੁਣੌਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਯੂਰਪੀਅਨ ਅਦਾਲਤ ਦੇ ਫੈਸਲੇ ਤੋਂ ਬਾਅਦ, ਫਲਾਈਟ ਨੂੰ ਰੱਦ ਕਰ ਦਿੱਤਾ ਗਿਆ ਸੀ। ਐਮ ਓ ਡੀ ਦੇ ਅਨੁਸਾਰ, ਪਿਛਲੇ ਹਫ਼ਤੇ ਵਿੱਚ 1,694 ਦੇ ਨਾਲ ਇਸ ਮਹੀਨੇ ਹੁਣ ਤੱਕ ਦੀਆਂ 3,618 ਗੈਰ ਕਾਨੂੰਨੀ ਕ੍ਰਾਸਿੰਗਾਂ ਦਾ ਪਤਾ ਲਗਾਇਆ ਗਿਆ ਹੈ ਅਤੇ ਇਸ ਸਾਲ ਸਭ ਤੋਂ ਵੱਧ ਰੋਜ਼ਾਨਾ ਦਾ ਅੰਕੜਾ 1 ਅਗਸਤ ਨੂੰ ਰਿਕਾਰਡ ਕੀਤਾ ਗਿਆ ਸੀ, ਜਦੋਂ 14 ਕਿਸ਼ਤੀਆਂ ਵਿੱਚ 696 ਲੋਕਾਂ ਨੇ ਚੈਨਲ ਨੂੰ ਪਾਰ ਕੀਤਾ ਸੀ।

# ਭਾਰਤੀ-ਅਮਰੀਕੀ ਫੌਕਸ ਨਿਊਜ਼ ਐਂਕਰ ਉਮਾ ਪੇਮਾਰਾਜੂ ਦੀ 64 ਸਾਲ ਦੀ ਉਮਰ ਵਿੱਚ ਮੌਤ




**ਵਾਸ਼ਿੰਗਟਨ (ਰਾਜ ਗੋਗਨਾ)–** ਬੀਤੇਂ ਦਿਨ ਭਾਰਤੀ ਮੂਲ ਦੀ ਫੌਕਸ ਨਿਊਜ਼ ਦੀ ਨਾਮਵਰ ਐਂਕਰ ਭਾਰਤੀ-ਅਮਰੀਕੀ ਪੱਤਰਕਾਰ ਉਮਾ ਪੇਮਰਾਜੂ ਦੀ ਅਚਾਨਕ ਮੌਤ ਹੋ ਗਈ ਹੈ ਜਿਸ ਦੀ ਉਮਰ 64 ਸਾਲ ਦੇ ਕਰੀਬ ਸੀ।ਇਹ ਰਿਪੋਰਟ ਚੈਨਲ ਨੇ ਦਿੱਤੀ। ਫੋਕਸ ਨਿਊਜ ਚੈਨਲ ਨੇ ਲਿਖਿਆ ਹੈ ਕਿ "ਸਾਨੂੰ ਉਮਾ ਪੇਮਰਾਜੂ ਦੀ ਮੌਤ ਤੋਂ ਬਹੁਤ ਜ਼ਿਆਦਾ ਦੁੱਖ ਹੋਇਆ ਹੈ, ਜੋ ਫੌਕਸ ਨਿਊਜ਼ ਚੈਨਲ ਦੇ ਸੰਸਥਾਪਕ ਐਂਕਰਾਂ ਵਿੱਚੋਂ ਇੱਕ ਸੀ ਅਤੇ ਜਿਸ ਦਿਨ ਅਸੀਂ ਲਾਂਚ ਕੀਤਾ ਸੀ, ਉਸੇ ਦਿਨ ਉਹ ਸਾਡੇ ਨਾਲ ਪ੍ਰਸਾਰਣ ਵਿੱਚ ਸੀ। ਇਸ ਗੱਲ ਦਾ ਪ੍ਰਗਟਾਵਾ ਫੌਕਸ ਨਿਊਜ਼ ਮੀਡੀਆ ਦੀ ਸੀਈਓ ਸੁਜ਼ੈਨ ਸਕਾਟ ਨੇ ਕੀਤਾ। ਉਸ ਨੇ ਕਿਹਾ ਕਿ "ਉਮਾ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਪੱਤਰਕਾਰ ਹੋਣ ਦੇ ਨਾਲ-ਨਾਲ ਇੱਕ ਨਿੱਘੀ ਅਤੇ ਪਿਆਰੀ ਮਿਲਣਸਾਰ ਵਾਲੀ ਔਰਤ ਸੀ, ਜਿਸਦੇ ਨਾਲ ਵੀ ਉਸਨੇ ਕੰਮ ਕੀਤਾ ਹਰ ਇੱਕ ਲਈ ਉਸਦੀ ਦਿਆਲਤਾ ਲਈ ਸਭ ਤੋਂ ਵੱਧ ਜਾਣਿਆ ਜਾਂਦਾ ਸੀਸੀਈਓ ਸੂਜ਼ੈਨ ਸਕਾਟ ਨੇ ਕਿਹਾ ਕਿ ਪੇਮਮਾਰਾਜੂ ਨੇ ਪਹਿਲਾਂ "ਫੌਕਸ ਨਿਊਜ਼ ਤੇ ਨਾਓ" ਅਤੇ "ਫੌਕਸ ਆਨ ਟ੍ਰੈਂਡਸ" ਨੂੰ ਐਂਕਰ ਕੀਤਾ ਸੀ। ਅਤੇ ਸੰਨ 2003 ਵਿੱਚ ਇੱਕ ਐਂਕਰ ਅਤੇ ਬਦਲਵੇਂ ਹੋਸਟ ਦੇ ਤੌਰ 'ਤੇ ਪੂਰੇ ਨੈੱਟਵਰਕ ਵਿੱਚ ਸ਼ਾਮਲ ਹੋ ਗਈ ਸੀ। ਅਤੇ ਉਸ ਨੇ ਫੋਕਸ ਨਿਊਜ ਲਾਈਵ ਦੇ ਸੰਡੇ ਐਡੀਸ਼ਨ ਦੀ ਮੇਜ਼ਬਾਨੀ ਵੀ ਕੀਤੀ, ਅਤੇ ਦਿ ਫੋਕਸ ਰਿਪੋਰਟ ਦੀ " ਐਂਕਰ ਕੀਤੀ ਅਤੇ ਨਿਊਜ਼ਮੇਕਰਾਂ, ਮਸ਼ਹੂਰ ਹਸਤੀਆਂ ਅਤੇ ਰਾਜਨੀਤਿਕ ਹਸਤੀਆਂ ਦੀ ਇੰਟਰਵਿਊ ਲਈਆ ਆਪਣੇ ਜੀਵਨ ਦੇ ਸਾਰੇ ਖੇਤਰਾਂ ਵਿੱਚ, ਉਸ ਨੇ ਦਲਾਈ ਲਾਮਾ ਨਾਲ ਇੱਕ ਯਾਦਗਾਰ ਬੈਠਕ ਵੀ ਸ਼ਾਮਲ ਹੈ। ਪੇਮਾਰਾਜੂ ਨੇ ਫੌਕਸ ਨਿਊਜ਼ ਲਈ ਕਈ ਤਰ੍ਹਾਂ ਦੇ ਸਪੈਸ਼ਲ ਪ੍ਰੋਗਰਾਮਾਂ ਦੀ ਮੇਜ਼ਬਾਨੀ ਵੀ ਕੀਤੀ, ਜਿਵੇਂ ਕਿ "ਨੌਜਵਾਨਾਂ ਲਈ ਇੱਕ ਵਿਸ਼ੇਸ਼", ਜਿਸ ਵਿੱਚ ਨੌਜਵਾਨਾਂ ਨੂੰ ਜੀਵਨ ਦੀਆਂ ਚੁਣੌਤੀਆਂ ਬਾਰੇ ਸਲਾਹ ਦੇਣ ਵਾਲੇ ਚੋਟੀ ਦੇ ਨਿਊਜ਼ਮੇਕਰ ਸ਼ਾਮਲ ਹੋਏ ਹਨ।ਬੋਸਟਨ ਮੈਗਜ਼ੀਨ ਦੁਆਰਾ ਪੇਮਾਰਾਜੂ ਨੂੰ 1996 ਅਤੇ 1997 ਵਿੱਚ "ਬੋਸਟਨ ਦੀ ਸਰਵੋਤਮ ਐਂਕਰ" ਦਾ ਨਾਮ ਦਿੱਤਾ ਗਿਆ ਸੀ ਅਤੇ ਰਿਪੋਰਟਿੰਗ ਅਤੇ ਖੋਜੀ ਪੱਤਰਕਾਰੀ ਲਈ ਉਸਦੇ ਪੂਰੇ ਕਰੀਅਰ ਦੌਰਾਨ ਇਸ ਭਾਰਤੀ ਨੇ ਕਈ ਐਮੀ ਅਵਾਰਡ ਪ੍ਰਾਪਤ ਕੀਤੇ ਸਨ।

ਉਸ ਨੂੰ ਸਪੌਟਲਾਈਟ ਮੈਗਜ਼ੀਨ ਦੀ "1998 ਦੀਆਂ 20 ਦਿਲਚਸਪ ਔਰਤਾਂ" ਵਿੱਚੋਂ ਇੱਕ ਨਾਮ ਦਿੱਤਾ ਗਿਆ ਸੀ। ਪੇਮਮਾਰਾਜੂ ਨੇ 2002 ਵਿੱਚ ਰਿਪੋਰਟਿੰਗ ਲਈ ਟੈਕਸਾਸ ਤੋ ਏਪੀ ਅਵਾਰਡ, ਬਿਗ ਸਿਸਟਰਜ਼ ਆਰਗੇਨਾਈਜ਼ੇਸ਼ਨ ਆਫ ਅਮਰੀਕਾ ਤੋਂ ਵੂਮੈਨ ਆਫ ਅਚੀਵਮੈਂਟ ਅਵਾਰਡ, ਅਤੇ ਵੂਮੈਨ ਇਨ ਕਮਿਊਨੀਕੇਸ਼ਨਜ਼ ਤੋਂ ਮੈਟਰਿਕਸ ਅਵਾਰਡ ਵੀ ਜਿੱਤਿਆ।ਉਸ ਨੇ ਅਮਰੀਕਾ ਦੇ ਟੈਕਸਾਸ ਰਾਜ ਦੇ ਸਿਟੀ ਸੈਨ ਐਂਟੋਨੀਓ ਅਤੇ ਐਮਰਸਨ ਕਾਲਜ ਅਤੇ ਹਾਰਵਰਡ ਯੂਨੀਵਰਸਿਟੀ ਵਿੱਚ ਪੜਾਈ ਕੀਤੀ ਸੀ।

# ਗੁਰਦੂਆਰਾ ਸਿੱਖ ਸੋਸਾਇਟੀ ਡੇਟਨ ਵੱਲੋਂ ਓਕ ਕਰੀਕ ਗੁਰਦੁਆਰਾ ਸਾਹਿਬ ਵਿਖੇ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਸਮਾਗਮ ਆਯੋਜਿਤ





**ਡੇਟਨ (ਓਹਾਇਹੋ)** :ਸਿੱਖ ਸੋਸਾਇਟੀ ਆਫ ਡੇਟਨ ਓਹਾਇਓ ਵੱਲੋਂ ਵਿਸਕਾਨਸਿਨ ਦੇ ਓਕ ਕਰੀਕ ਗੁਰਦੁਆਰਾ ਸਾਹਿਬ ਵਿਖੇ 10 ਸਾਲ ਪਹਿਲਾਂ ਇੱਕ ਗੋਰੇ ਕੱਟੜਪੰਥੀ ਬੰਦੂਕਧਾਰੀ ਵੱਲੋਂ ਮਾਰੇ ਗਏ 6 ਸਿੱਖਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਇਸ ਵਿੱਚ ਡੇਟਨ, ਸਿਨਸਿਨਾਟੀ ਅਤੇ ਨਾਲ ਲੱਗਦੇ ਸ਼ਹਿਰਾਂ ਦੇ ਨਗਰਵਾਸੀਆਂ ਨੇ ਸਮੂਲੀਅਤ ਕੀਤੀ। ਇਸ ਖੂਨੀ ਘਟਨਾ ਦੇ ਪੀੜਤਾਂ ਨਮਿੱਤ ਸ਼ਰਧਾਂਜਲੀ ਸਮਾਗਮ ਵਿੱਚ ਸਿੱਖ ਆਗੂਆਂ ਤੋਂ ਇਲਾਵਾ ਹੋਰਨਾਂ ਧਰਮਾਂ ਦੇ ਆਗੂ ਗ੍ਰੇਟਰ ਡੇਟਨ ਕ੍ਰਿਸ਼ਚੀਅਨ ਕਨੈਕਸ਼ਨ, ਇੰਟਰ-ਫੇਥ ਫੋਰਮ ਆਫ ਗ੍ਰੇਟਰ ਡੇਟਨ, ਮੈਕਕਿਨਲੇ ਯੂਨਾਈਟਿਡ ਮੈਥੋਡਿਸਟ ਚਰਚ, ਮਿਆਮੀ ਵੈਲੀ ਯੂਨੀਟੇਰੀਅਨ ਯੂਨੀਵਰ-ਸਲਿਸਟ ਫੈਲੋਸ਼ਿਪ ਡੇਟਨ, ਡੇਟਨ ਹਿੰਦੂ ਟੈਂਪਲ ਅਤੇ ਸਰਕਾਰੀ ਅਧਿਕਾਰੀ ਡੇਟਨ ਸਿਟੀ ਕਮਿਸ਼ਨਰ, ਰਿਵਰਸਾਈਡ ਪੁਲਿਸ ਵਿਭਾਗ ਵੀ ਸਿੱਖ ਭਾਈਚਾਰੇ ਨਾਲ ਆਪਣੀ ਇਕਜੁੱਟਤਾ ਅਤੇ ਸਮਰਥਨ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ਤੇ ਉਨ੍ਹਾਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਸਿੱਖ ਸੋਸਾਇਟੀ ਆਫ ਡੇਟਨ ਦੇ ਡਾ। ਦਰਸ਼ਨ ਸਿੰਘ ਸਹਿਬੀ ਤੇ ਇੰਟਰਫੇਥ ਦੇ ਡਾ। ਰੈਵ ਕਰਿਸਟਲ ਵਾਲਕਰ ਇਸ ਸਮਾਗਮ ਦੇ ਪ੍ਰਬੰਧਕ ਸਨ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਹੇਮ ਸਿੰਘ ਨੇ ਸਾਰਿਆਂ ਨੂੰ 'ਵਾਹਿਗੁਰੂ ਵਾਹਿਗੁਰੂ' ਦਾ ਜਾਪ ਕਰਨ ਲਈ ਅਗਵਾਈ ਕੀਤੀ। ਇਹਨਾਂ ਸਭਨਾਂ ਨੇ ਗੁਰਦੁਆਰਾ ਸਾਹਿਬ ਦੇ ਬਾਹਰ ਨਿਸ਼ਾਨ ਸਾਹਿਬ ਦੇ ਦੁਆਲੇ ਮੋਮਬੱਤੀਆਂ ਜਗਾ ਕੇ ਵਾਹਿਗੁਰੂ ਦਾ ਜਾਪ ਅਤੇ ਅਰਦਾਸ ਕੀਤੀ। ਸਿੱਖ ਸੋਸਾਇਟੀ ਆਫ ਡੇਟਨ ਦੇ ਸੈਕਟਰੀ ਪਿਆਰਾ ਸਿੰਘ ਸਹਿੰਬੀ ਨੇ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।

# ਜੀਐਚਜੀ ਅਕੈਡਮੀ ਵੱਲੋਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀਐਚਜੀ ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਬਾਰਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" (ਲਿਲਿਅਮ ਅਰੋਅਨ ਠਹਏ-ਅਟਏਰ) ਵਿੱਚ ਕਰਵਾਇਆ ਗਿਆ। ਕੋਵਿੰਡ-19 ਦੀ ਮਹਾਂਮਾਰੀ ਤੋਂ ਬਾਅਦ ਸੰਸਥਾ ਵੱਲੋਂ ਕਰਵਾਇਆ ਜਾਣ ਵਾਲਾ ਇਹ ਸਭ ਤੋਂ ਵੱਡਾ ਪ੍ਰੋਗਰਾਮ ਸੀ। ਜਿਸ ਦੀ ਸੁ-ਰੂਆਤ ਜੀ। ਐਚ। ਜੀ। ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਧੰਨ-ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਤਸਵੀਰ ਨੂੰ ਨਤਮਸਤਕ ਹੋਏ।

ਇਸ ਬਾਅਦ ਸਥਾਨਿਕ ਗਾਇਕ ਪੱਪੀ ਭਦੌੜ ਨੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰੀ। ਉਸ ਉਪਰੰਤ ਸਟੇਜ਼ ਸੰਚਾਲਨ ਦੀ ਕਮਾਂਡ ਸੰਭਾਲਦੇ ਹੋਏ ਸਟੇਜ਼ਾ ਦੀ ਮਲਕਾ ਬੀਬੀ ਆਸ਼ਾ ਸ਼ਰਮਾਂ ਨੇ ਸਭ ਨੂੰ "ਜੀ ਆਇਆ ਕਿਹਾ"। ਇਸ ਬਾਅਦ ਚੱਲਿਆ ਪੰਜਾਬੀ ਸੱਭਿਆਚਾਰ ਨੂੰ ਸਿਜਦਾ ਕਰਦੇ ਹੋਏ ਗਿੱਧੇ ਅਤੇ ਭੰਗੜੇ ਦਾ ਦੌਰ। ਜਿਸ ਵਿੱਚ ਪਹਿਲਾ ਜੀ। ਐਚ। ਜੀ। ਅਕੈਡਮੀਂ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਚੱਲੇ ਭੰਗੜਾ ਮੁਕਾਬਲੇ ਦੇ ਮਹਾਂ ਯੁੱਧ ਵਿੱਚ ਕੈਲੇਫੋਰ-ਨੀਆਂ ਤੋਂ ਮਨਟੀਕਾ ਸ਼ਹਿਰ ਦੀਆਂ ਦੋ ਟੀਮਾਂ ਨੇ ਵੱਖੋ-ਵੱਖ ਪਹਿਲਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜਦ ਕਿ ਦੂਸਰੇ ਸਥਾਨ 'ਤੇ ਸਰੀਂ, ਕਨੇਡਾ ਦੀ ਟੀਮ ਰਹੀ। ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਭੰਗੜੇ ਦੇ ਮੁਕਾਬਲੇ ਦਾ ਪਹਿਲੇ ਇਨਾਮ ਦੀ ਸਪਾਂਸਰਸਿਪ ਹਮੇਸਾ ਦੀ ਤਰਾਂ 'ਸ਼ਾਨੇ-ਏ-ਪੰਜਾਬ' ਇੰਡੀਅਨ ਗਰੋਸਰੀ ਸਟੋਰ ਦੇ ਮਾਲਕ ਸ ਸੁਖਦੇਵ ਸਿੰਘ ਵੱਲੋਂ ਦਿੱਤਾ ਗਿਆ। ਜਦ ਕਿ ਬਾਕੀ ਇਨਾਮ ਹੋਰਨਾਂ ਵੱਲੋ ਸਪਾਂਸਰ ਸਨ। ਜੀ ਐਚ ਜੀ ਅਕੈਡਮੀ ਵੱਲੋਂ ਕੁੜੀਆਂ ਦੇ ਭੰਗੜੇ ਦੀ ਟੀਮ ਨੇ ਵੀ ਬਾ-ਕਮਾਲ ਪੇਸ਼ਕਾਰੀ ਕੀਤੀ। ਇਸੇ ਤਰਾਂ ਕਈ ਟੀਮਾਂ ਵੱਲੋਂ ਲਾਈਵ ਬੋਲੀਆਂ ਨਾਲ ਭੰਗੜੇ ਦੀ ਪੇਸ਼ਕਾਰੀ ਵੀ ਦਰਸ਼ਕਾਂ ਦੇ ਮਨ ਨੂੰ ਭਾਅ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਬਾਬਿਆਂ ਦਾ "ਮਲਵਈ ਗਿੱਧਾ" ਅਤੇ "ਮਾਂਵਾਂ ਦਾ ਗਿੱਧਾ" ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ।



ਪ੍ਰੋਗਰਾਮ ਦੌਰਾਨ ਫਰਿਜ਼ਨੋ ਸਿਟੀ ਕੌਸ਼ਲ ਮੈਂਬਰ ਸੋਰੀਆਂ ਇਸਮਲਾਡਾ ਨੇ ਵੀ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦਿੱਤੀ। ਪੰਜਾਬੀ ਗੀਤਕਾਰੀ ਵਿੱਚ ਆਪਣਾ ਨਾਂ ਬਣਾ ਚੁੱਕੇ ਗੀਤਕਾਰ ਗਿੱਲ ਰੌਤਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੰਸਥਾ ਦੇ ਮੈਂਬਰ ਸ। ਕੁਲਵੰਤ ਸਿੰਘ ਖੈਹਰਾ ਨੇ ਵੀ ਹਾਜ਼ਰੀਨ ਨੂੰ ਸੰਬੋਧਨ ਹੋਏ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸੇ ਤਰਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ ਅਤੇ ਗੁਰਦੀਪ ਸ਼ੇਰਗਿੱਲ ਨੇ ਨਾ-ਖੂਬੀ ਨਿਭਾਈ।

ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾ ਦਾ ਬਹੁਤ ਵੱਡਾ ਉਪਰਾਲਾ ਹੈ। ਜਿਸ ਦੀ ਹਾਜ਼ਰੀਨ ਪਰਿਵਾਰਾ ਨੇ ਰੱਜ ਕੇ ਤਾਰੀਫ਼ ਵੀ ਕੀਤੀ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰ ਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨ੍ਹਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨ੍ਹਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਵੱਲੋਂ ਸਮੂੰਹ ਟੀਮ ਨੂੰ ਮੁਬਾਰਕਾਂ।

ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ।


NSB Insurance
for Insurance Call:
NIRMAL SINGH BADHAN
707-228-2020



Lic #0144676

NIRMAL SINGH BADHAN

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com
1519 Gary CT., Rohnert Park, CA 94928



RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

# ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਹੁਣ ਗਲੋਬਲ ਸਾਂਝ ਦਾ ਪ੍ਰਤੀਕ- ਡਾ ਸ ਪ ਸਿੰਘ

## ਪਰਵਾਸੀ ਮਾਮਲਿਆਂ ਦੇ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਸੰਦੇਸ਼ ਭੇਜਿਆ

**ਲੁਧਿਆਣਾ–** ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬ ਭਵਨ ਸਰੀ ਕੈਨੇਡਾ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਪੰਜਾਬੀ ਸੱਥ ਯੂਕੇ ਦੇ ਸਹਿਯੋਗ ਨਾਲ ਪਰਵਾਸੀ ਸਾਹਿਤ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਉੱਘੇ ਸਮਾਜ ਸੇਵੀ ਅਤੇ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਵੱਲੋਂ ਕੀਤੀ ਗਈ। ਉੱਘੇ ਲੇਖਕ ਡਾ ਦਲਵੀਰ ਸਿੰਘ ਪੰਨੂ (ਕੈਲੇਫੋਰਨੀਆ) ਅਮਰੀਕਾ, ਡਾ ਲਖਵਿੰਦਰ ਸਿੰਘ ਜੌਹਲ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਪ੍ਰੋ ਗੁਰਭਜਨ ਸਿੰਘ ਗਿੱਲ ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਮਾਗਮ ਦੇ ਆਰੰਭ ਵਿਚ ਡਾ ਸ ਪ ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਮੌਜੂਦਾ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਸਭ ਨੂੰ ਰਸਮੀ ਤੌਰ ’ਤੇ ਜੀ ਆਇਆਂ ਕਹਿੰਦਿਆਂ ਕਿਹਾ ਕਿ ਪਰਵਾਸੀ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਦੇ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਾਲਜ ਵਿਚ 08 ਦਸੰਬਰ 2011 ਸ਼ੁਰੂ ਕੀਤਾ ਗਿਆ ਸੀ। ਇੱਕ ਦਹਾਕੇ ਦੇ ਸਫ਼ਰ ਦੌਰਾਨ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਆਪਣੀਆਂ ਨਿਰੰਤਰ ਸਾਹਿਤਕ ਸਰਗਰਮੀਆਂ ਨਾਲ ਵਿਸ਼ਵ ਭਰ ਵਿੱਚ ਆਪਣੀ ਅਲੱਗ ਪਛਾਣ ਕਾਇਮ ਕੀਤੀ ਹੈ ਅਤੇ ਗਲੋਬਲ ਸਾਂਝ ਦਾ ਪ੍ਰਤੀਕ ਬਣ ਗਿਆ ਹੈ।

ਸ੍ਰੀ ਸੁੱਖੀ ਬਾਠ ਨੇ ਆਪਣਾ ਪ੍ਰਧਾਨਗੀ ਭਾਸ਼ਣ ਕਰਦਿਆਂ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਅਤੇ ਪੰਜਾਬ ਭਵਨ ਸਰੀ ਕੈਨੇਡਾ 2017 ਤੋਂ ਆਪਸ ਵਿਚ ਸਹਿਯੋਗੀ ਸੰਸਥਾਵਾਂ ਹਨ ਅਤੇ ਹੁਣ ਤੱਕ ਅਨੇਕਾਂ ਹੀ ਸੈਮੀਨਾਰ, ਕਾਨਫ਼ਰੰਸਾਂ ਅਤੇ ਵਿਚਾਰ ਗੋਸ਼ਟੀਆਂ ਦੋਵਾਂ ਸੰਸਥਾਵਾਂ ਵੱਲੋਂ ਸਾਂਝੇ ਰੂਪ ਵਿੱਚ ਕਰਵਾਈਆਂ ਗਈਆਂ ਹਨ ਉਨ੍ਹਾਂ ਕਿਹਾ ਕਿ ਪੰਜਾਬ ਭਵਨ ਸਰੀ, ਕੈਨੇਡਾ, ਪਰਵਾਸੀ ਸਾਹਿਤ ਅਧਿਐਨ ਕੇਂਦਰ ਨਾਲ ਮਿਲ ਕੇ ਕੰਮ ਕਰਨ ਵਿੱਚ ਮਾਣ ਮਹਿਸੂਸ ਕਰਦਾ ਹੈ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ ਲਖਵਿੰਦਰ ਸਿੰਘ ਜੌਹਲ ਨੇ ਅਜੋਕੇ ਪਰਵਾਸੀ ਪੰਜਾਬੀ ਸਾਹਿਤ ਦੀ ਸਥਿਤੀ ਤੇ ਸੰਭਾਵਨਾਵਾਂ ਬਾਰੇ ਵਿਚਾਰ ਚਰਚਾ ਕਰਦੇ ਹੋਏ ਕਿਹਾ ਕਿ ਹੁਣ ਪਰਵਾਸੀ ਪੰਜਾਬੀ ਸਾਹਿਤ ਆਪਣੇ ਚੁਣੀਦਾ ਸਰੋਕਾਰਾਂ ਨੂੰ ਛੱਡ ਕੇ ਵਿਸ਼ਵੀ ਸਰੋਕਾਰਾਂ ਦਾ ਹਾਣੀ ਹੋ ਗਿਆ ਹੈ ਅਤੇ ਇਸ ਦਾ ਘੇਰਾ ਵੀ ਪਹਿਲਾਂ ਨਾਲੋਂ ਵਸੀਹ ਹੋ ਚੁੱਕਾ ਹੈ ਹੁਣ ਪਰਵਾਸੀ ਪੰਜਾਬੀ ਸਾਹਿਤ ਅਰਬ ਮੁਲਕਾਂ ਅਤੇ ਯੌਰਪ ਦੇ ਅਨੇਕਾਂ ਦੇਸ਼ਾਂ ਵਿੱਚ ਵੀ ਰਚਿਆ ਜਾਣ ਲੱਗ ਪਿਆ ਹੈ। ਪ੍ਰੋ ਗੁਰਭਜਨ ਸਿੰਘ ਗਿੱਲ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਸ਼ਵ ਭਰ ‘ਚ ਲਿਖੇ ਜਾ ਰਹੇ ਸਾਹਿੱਤ ਅਤੇ ਇਸ ਦੇ ਲੇਖਕਾ ਨਾਲ ਤਾਲਮੇਲ ਦਾ ਜਿੰਨਾ ਕੰਮ ਕਰ ਰਿਹਾ ਹੈ ਉਸ ਪੱਧਰ ਦਾ ਕੰਮ ਯੂਨੀਵਰਸਿਟੀਆਂ ਵਿਚ ਵੀ ਨਹੀਂ ਹੋ ਰਿਹਾ। ਉਨ੍ਹਾਂ ਨੇ ਕਿਹਾ ਕਿ ਵਿਦੇਸ਼ਾਂ ਵਿਚ ਵੱਸਦਾ ਹਰ ਪੰਜਾਬੀ ਸਾਹਿਤ ਇਸ ਕੇਂਦਰ ਨਾਲ ਜੁੜਨ ਵਿੱਚ ਮਾਣ ਮਹਿਸੂਸ ਕਰਦਾ ਹੈ। ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਦੇ ਪਰਵਾਸੀ ਮਾਮਲਿਆਂ ਤੇ ਪੇਂਡੂ ਵਿਕਾਸ ਮੰਤਰੀ ਸ। ਕੁਲਦੀਪ ਸਿੰਘ ਧਾਲੀਵਾਲ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਨਾਲ ਸਬੰਧਿਤ ਰਾਜਪੱਧਰੀ ਸਮਾਗਮ ਵਿੱਚ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਫੇਰੀ ਕਾਰਨ ਅੱਜ ਦੇ ਸਮਾਗਮ ਵਿੱਚ ਨਹੀਂ ਪਹੁੰਚ ਸਕੇ। ਉਨ੍ਹਾਂ ਨੇ ਆਪਣਾ ਉਨ੍ਹਾਂ ਵੱਲੋਂ ਭੇਜਿਆ ਹੋਇਆ ਸੰਦੇਸ਼ ਸਰੋਤਿਆਂ ਨਾਲ ਸਾਂਝਾ ਕਰਦਿਆ ਉਨ੍ਹਾਂ ਕਿਹਾ ਕਿ ਉਹ ਬਹੁਤ ਹੀ ਜਲਦੀ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵਿਖੇ ਆਉਣਗੇ ਅਤੇ ਡਾਃ ਸ ਪ ਸਿੰਘ ਜੀ ਪਾਸੋਂ ਪੰਜਾਬ ਦੇ ਵਿਕਾਸ ਲਈ ਅਗਵਾਈ ਵੀ ਹਾਸਲ ਕਰਨਗੇ।

ਪ੍ਰੋ ਗਿੱਲ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਵਿਸ਼ਵ ਭਰ ਵਿੱਚ ਵਸਦੇ ਪੰਜਾਬੀ ਸਾਹਿਤਕਾਰਾਂ ਨੂੰ ਇਕ ਮੰਚ ਤੇ ਇਕੱਠਾ ਕਰਨ ਲਈ ਜਿਹੜਾ ਕੰਮ ਕੀਤਾ ਜਾ ਰਿਹਾ ਹੈ ਉਹ ਸ਼ਲਾਘਾਯੋਗ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਕੇਂਦਰ ਬਠਿੰਡਾ ਦੇ ਸੇਵਾ ਮੁਕਤ ਡਾਇਰੈਕਟਰ ਡਾ ਪਰਮਜੀਤ ਸਿੰਘ ਰੋਮਾਣਾ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰਚਿਆ ਜਾ ਰਿਹਾ ਪਰਵਾਸੀ ਪੰਜਾਬੀ ਸਾਹਿਤ ਹੁਣ ਅੰਗਰੇਜ਼ੀ ਵਿਚ ਅਨੁਵਾਦ ਹੋ ਕੇ ਅੰਗਰੇਜ਼ੀ ਪਾਠਕਾਂ ਤੱਕ ਵੀ ਪਹੁੰਚ ਰਿਹਾ ਹੈ ਇਹ ਪਰਵਾਸੀ ਪੰਜਾਬੀ ਸਾਹਿਤ ਦੀ ਵੱਡੀ ਪ੍ਰਾਪਤੀ ਹੈ ਅਤੇ ਇਸ ਪਹਿਲਕਦਮੀ ਵਿਚ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਨੇ ਕਿਹਾ ਕਿ ਪਰਵਾਸੀ ਪੰਜਾਬੀ ਸਾਹਿਤ ਅੰਗਰੇਜ਼ੀ ਵਿੱਚ ਅਨੁਵਾਦ ਹੋਣ ਤੋਂ ਬਾਅਦ ਅੰਗਰੇਜ਼ੀ ਆਲੋਚਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚ ਰਿਹਾ ਹੈ।

ਉੱਘੇ ਹਿੰਦੀ ਵਿਦਵਾਨ ਡਾ ਰਾਕੇਸ਼ ਕੁਮਾਰ ਨੇ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬੀ ਤੋਂ ਹਿੰਦੀ ਵਿੱਚ ਅਨੁਵਾਦ ਹੋਏ ਪਰਵਾਸੀ ਸਾਹਿਤ ਤੇ ਅਧਾਰਤ ਅੱਜ ਹਿੰਦੀ ਦੀ ਦੂਸਰੀ ਆਲੋਚਨਾਤਮਕ ਪੁਸਤਕ ਰਿਲੀਜ਼ ਹੋਣਾ ਸ਼ੁਭ ਸ਼ਗਨ ਹੈ। ਉਨ੍ਹਾਂ ਨੇ ਹਿੰਦੀ ਦੀ ਪੁਸਤਕ ਵਿੱਚ ਸ਼ਾਮਲ ਆਲੋਚਨਾਤਮਕ ਪੇਪਰਾਂ ਬਾਰੇ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ।

ਪ੍ਰੋਗਰਾਮ ਦੇ ਅਖੀਰ ਤੇ ਕਾਲਜ ਦੇ ਪ੍ਰਿੰਸੀਪਲ ਡਾ। ਅਰਵਿੰਦਰ ਸਿੰਘ ਭੱਲਾ ਨੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਕਾਸ਼ਿਤ ਹੁੰਦੀ ਤ੍ਰੈਮਾਸਿਕ ਪੱਤਰਿਕਾ ਪਰਵਾਸ ਬਾਰੇ ਵੀ ਸਰੋਤਿਆਂ ਨੂੰ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਡਾ ਸ ਪ ਸਿੰਘ ਦੀ ਸੁਯੋਗ ਅਗਵਾਈ ਅਧੀਨ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਸਮਾਗਮ ਉਲੀਕੇ ਜਾਣਗੇ। ਇਸ ਸਮਾਗਮ ਵਿਚ ਪਰਵਾਸੀ ਸਾਹਿਤਕਾਰ ਸ। ਤਰਲੋਕਬੀਰ ਨਿਊਯਾਰਕ (ਅਮਰੀਕਾ), ਸ ਪਰਗਟ ਸਿੰਘ ਰੰਧਾਵਾ (ਆਸਟਰੇਲੀਆ), ਮੋਹਨ ਸਿੰਘ ਕੁੱਕੜ ਪਿੰਡੀਆ (ਬਰਤਾਨੀਆ), ਹਰਦੀਪ ਸਿੰਘ ਕੰਗ (ਸ਼ਾਰਜਾਹ) ਯੂ ਏ ਈ, ਹਰਜਿੰਦਰ ਸਿੰਘ ਬਸਿਆਲਾ (ਨਿਊਜ਼ੀਲੈਂਡ), ਇੰਦਰਜੀਤ ਸਿੰਘ ਯੂ। ਕੇ।, ਸੁਰਿੰਦਰ ਸਿੰਘ ਸੁੰਨੜ ਕੈਲੇਫੋਰਨੀਆ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਗੁਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਦੇ ਆਨਰੇਰੀ ਜਨਰਲ ਸਕੱਤਰ ਸ ਅਰਵਿੰਦਰ ਸਿੰਘ, ਮੈਂਬਰ ਸ ਹਰਸ਼ਰਨ ਸਿੰਘ ਨਰੂਲਾ, ਸ ਅਰਵਿੰਦਰਪਾਲ ਸਿੰਘ, ਸ। ਸੁਖਬੀਰ ਸਿੰਘ ਨਰੂਲਾ, ਪ੍ਰੋ ਮਨਜੀਤ ਸਿੰਘ ਛਾਬੜਾ ਡਾਇਰੈਕਟਰ ਜੀ ਜੀ ਐਨ ਆਈ। ਐਮ ਟੀ, ਪ੍ਰਿੰਸੀਪਲ ਸ਼ਿਖਾ ਜੀ। ਜੀ ਐਨ ਕਾਲਜ ਆਫ਼ ਫਾਰਮੇਸੀ, ਪ੍ਰਿੰਸੀਪਲ ਗੁਨਮੀਤ ਕੌਰ ਜੀ ਜੀ ਐਨ ਪਬਲਿਕ ਸਕੂਲ, ਪੰਜਾਬੀ ਵਿਭਾਗ ਦੇ ਮੁਖੀ ਡਾ। ਭੁਪਿੰਦਰ ਸਿੰਘ, ਡਾ ਗੁਰਪ੍ਰੀਤ ਸਿੰਘ ਪ੍ਰੋ ਸ਼ਰਨਜੀਤ ਕੌਰ, ਡਾ ਹਰਪ੍ਰੀਤ ਸਿੰਘ ਦੂਆ, ਡਾ ਸੁਸ਼ਮਿੰਦਰਜੀਤ ਕੌਰ, ਡਾ। ਹਰਗੁਣਜੋਤ ਕੌਰ, ਪ੍ਰੋ ਰਜਿੰਦਰ ਕੌਰ ਮਲਹੋਤਰਾ, ਡਾ ਦਲੀਪ ਸਿੰਘ, ਡਾ ਭੁਪਿੰਦਰਜੀਤ ਕੌਰ, ਡਾ ਮਨਦੀਪ ਕੌਰ ਅਤੇ ਕਾਲਜ ਦੇ ਵੱਖ ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਰਹੇ। ਇਸ ਮੌਕੇ ਉੱਘੇ ਲੇਖਕ ਸ ਗੁਰਪ੍ਰੀਤ ਸਿੰਘ ਤੂਰ ਸਾਬਕਾ ਡੀ ਆਈ ਜੀ, ਪੰਜਾਬ ਪੁਲੀਸ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਤੋਂ ਡਾ ਗੁਰਇਕਬਾਲ ਸਿੰਘ, ਮਨਜਿੰਦਰ ਧਨੋਆ, ਤਰਲੋਚਨ ਲੋਚੀ, ਸਾਬਕਾ ਪ੍ਰਧਾਨ ਪ੍ਰੋ ਰਵਿੰਦਰ ਸਿੰਘ ਭੱਠਲ, ਡਾ ਗੁਰਚਰਨ ਕੌਰ ਕੋਚਰ, ਮਨਦੀਪ ਕੌਰ ਭਮਰਾ, ਡਾ ਸੁਰਜੀਤ ਸਿੰਘ ਗਿੱਲ ਸਾਬਕਾ ਡਾਇਰੈਕਟਰ ਪਸਾਰ ਸਿੱਖਿਆ ਪੀ ਏ ਯੂ ਲੁਧਿਆਣਾ, ਡਾ ਕੁਲਬੀਰ ਸਿੰਘ ਸੰਧੂ ਸਾਬਕਾ ਮੈਂਬਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਇੰਜ ਸੂਰਜ ਸਿੰਘ ਨੱਤ, ਸ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਮੋਗਾ ਆਦਿ ਨੇ ਵੀ ਸਮਾਗਮ ਦੀ ਸ਼ੋਭਾ ਵਧਾਈ।







# "ਅਜ਼ਾਦੀ ਦੇ 75 ਸਾਲ ਬਾਅਦ ਵੀ ਬਹੁਜਨ ਸਮਾਜ ਪੀੜਤ ਕਿਉਂ" ਨਾਅਰੇ ਤਹਿਤ ਬਸਪਾ ਮੋਗਾ ਵਿੱਚ ਕਰੇਗੀ ਰੋਸ ਮਾਰਚ - ਸੁਲਹਾਣੀ

**ਮੋਗਾ–** ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਸਰਕਾਰ ਦੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਰਾਖਵਾਂਕਰਨ ਵਿਰੋਧੀ ਨੀਤੀਆਂ ਅਤੇ ਅਜ਼ਾਦੀ ਦੇ 75 ਸਾਲ ਬਾਅਦ ਵੀ ਬਹੁਜਨ ਸਮਾਜ ਪੀੜਤ ਕਿਉਂ ਨਾਅਰੇ ਤਹਿਤ ਪੰਜਾਬ ਭਰ ਵਿੱਚ 15 ਅਗੱਸਤ ਤੋਂ ਸਾਰੇ ਜ਼ਿਲ੍ਹਿਆਂ ਵਿੱਚ ਰੋਸ ਮਾਰਚ ਕੀਤੇ ਜਾਣਗੇ। ਇਸੇ ਲੜੀ ਤਹਿਤ ਜ਼ਿਲ੍ਹਾ ਮੋਗਾ ਵਿਖੇ 24 ਅਗੱਸਤ ਨੂੰ ਰੋਸ ਮਾਰਚ ਕੀਤਾ ਜਾਵੇਗਾ ਅਤੇ ਰਾਸ਼ਟਰਪਤੀ ਦੇ ਨਾਂਅ ਮੈਮੋਰੰਡਮ ਡਿਪਟੀ ਕਮਿਸ਼ਨਰ ਮੋਗਾ ਨੂੰ ਦਿੱਤਾ ਜਾਵੇਗਾ। ਇਹ ਜਾਣਕਾਰੀ ਅੱਜ ਇੱਥੇ ਮੋਗਾ ਦੇ ਗੁਰਦੁਆਰਾ ਬੀਬੀ ਕਾਹਨ ਕੌਰ ਜੀ ਵਿਖੇ ਬਸਪਾ ਦੀ ਇੱਕ ਜ਼ਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਦੀ ਪ੍ਰਧਾਨਗੀ ਹੇਠ ਹੋਈ ਅਤੀ ਜ਼ਰੂਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰ ਲਾਲ ਸਿੰਘ ਸੁਲਹਾਣੀ ਸੂਬਾ ਜਨਰਲ ਸਕੱਤਰ ਨੇ ਦਿੱਤੀ।

ਉਹਨਾਂ ਦੱਸਿਆ ਕਿ ਮੋਗਾ ਦੇ ਇਸ ਰੋਸ ਮਾਰਚ ਦੀ ਅਗਵਾਈ ਬਸਪਾ ਦੇ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਜੀ ਕਰਨਗੇ। ਇਸ ਰੋਸ ਮਾਰਚ ਦਾ ਰੂਟ ਪਲਾਨ ਜਲਦੀ ਜਾਰੀ ਕਰ ਦਿੱਤਾ ਜਾਵੇਗਾ। ਇਸ ਸਬੰਧੀ ਅਹੁਦੇਦਾਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਇਸ ਵਿੱਚ ਹੋਰਨਾਂ ਤੋਂ



ਇਲਾਵਾ ਸੂਬਾ ਸਕੱਤਰ ਸ੍ਰੀ ਸੰਤ ਰਾਮ ਮੱਲ੍ਹੀ, ਸੂਬਾ ਸਕੱਤਰ ਸ੍ਰ ਕੁਲਵੰਤ ਸਿੰਘ ਰਾਮਗੜ੍ਹੀਆ, ਸੂਬਾ ਕਮੇਟੀ ਮੈਂਬਰ ਕੇਵਲ ਸਿੰਘ ਸੈਦੋਕੇ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਜ਼ਿਲ੍ਹਾ ਜਨਰਲ ਸਕੱਤਰ ਗੁਰਚਰਨ ਸਿੰਘ ਧੂੜਕੋਟ, ਜ਼ਿਲ੍ਹਾ ਵਿੱਤ ਸਕੱਤਰ ਅਤੇ ਮੀਡੀਆ ਇੰਚਾਰਜ ਜਸਵੰਤ ਸਿੰਘ ਘਾਲੀ, ਜ਼ਿਲ੍ਹਾ ਇੰਚਾਰਜ ਜਗਤਾਰ ਸਿੰਘ ਲੌਂਗੀਵਿੰਡ, ਜ਼ਿਲ੍ਹਾ ਇੰਚਾਰਜ ਸੇਵਕ ਸਿੰਘ ਮਾਣੂੰਕੇ, ਜ਼ਿਲ੍ਹਾ ਜੱਥੇਬੰਦਕ ਸਕੱਤਰ ਇੰਦਰਜੀਤ ਸਿੰਘ ਸੇਖਾ, ਜ਼ਿਲ੍ਹਾ ਸਕੱਤਰ ਨਾਇਬ ਸਿੰਘ ਗਿੱਲ, ਜ਼ਿਲ੍ਹਾ ਮਹਿਲਾ ਵਿੰਗ ਪ੍ਰਧਾਨ ਬੀਬੀ ਸੁਨੀਤਾ ਰਾਣੀ, ਜ਼ਿਲ੍ਹਾ ਮਹਿਲਾ ਵਿੰਗ ਕਮੇਟੀ ਮੈਂਬਰ ਬੀਬੀ ਕੁਲਵਿੰਦਰ ਕੌਰ ਚੀਮਾ, ਹਲਕਾ ਪ੍ਰਧਾਨ ਬਾਘਾਪੁਰਾਣਾ ਬਲਵਿੰਦਰ ਸਿੰਘ ਅਟਵਾਲ, ਹਲਕਾ ਪ੍ਰਧਾਨ ਨਿਹਾਲ ਸਿੰਘ ਵਾਲਾ ਬਿੱਕਰ ਸਿੰਘ ਬੱਧਨੀ ਕਲਾਂ, ਹਲਕਾ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਸੰਪੂਰਨ ਸਿੰਘ ਪੱਤੋ, ਨਿਹਾਲ ਸਿੰਘ ਵਾਲਾ ਦੇ ਸ਼ਹਿਰੀ ਪ੍ਰਧਾਨ ਜੋਗਾ ਸਿੰਘ ਭੰਗਾ, ਸਕੱਤਰ ਰੂਪ ਸਿੰਘ ਰਣਸੀਂਹ ਕਲਾਂ,ਹਲਕਾ ਬਾਘਾਪੁਰਾਣਾ ਦੇ ਸਕੱਤਰ ਜਗਜੀਤ ਸਿੰਘ ਕੋਟਲਾ ਅਤੇ ਸੁਖਦੇਵ ਸਿੰਘ ਸੰਗਤਪੁਰਾ, ਅੰਮ੍ਰਿਤ ਪਾਲ ਸਿੰਘ ਮਾਣੂੰਕੇ, ਸ਼ਹਿਰੀ ਪ੍ਰਧਾਨ ਧਰਮਕੋਟ ਸੂਬਾ ਸਿੰਘ ਅਤੇ ਨਿਰਮਲ ਸਿੰਘ ਖਾਲਸਾ ਸ਼ਾਮਲ ਹੋਏ।

**ਜਾਰੀ ਕਰਤਾ –**
**ਜਸਵੰਤ ਸਿੰਘ ਘਾਲੀ**
**ਜ਼ਿਲ੍ਹਾ ਮੀਡੀਆ ਇੰਚਾਰਜ ਬਸਪਾ**

# ਬਹੁਜਨ ਸਮਾਜ ਦੀ ਅਸਲ ਆਜ਼ਾਦੀ "ਸੱਤਾ ਅਤੇ ਪ੍ਰਤੀਨਿਧਤਾ" ਤੋਂ ਬਿਨਾ ਸੰਭਵ ਨਹੀਂ - ਜਸਵੀਰ ਸਿੰਘ ਗੜ੍ਹੀ

## ਦਲਿਤ ਤੇ ਪਿਛੜੀਆਂ ਸ਼੍ਰੇਣੀਆਂ ਦੀ ਰਾਖਵਾਂਕਰਨ ਨੀਤੀ ਨੂੰ ਲੈ ਕੇ ਸਾਰੇ ਜਿਲ੍ਹਾ ਹੈਡਕੁਆਰਟਰ ਤੇ ਬਸਪਾ ਕਰੇਗੀ ਰੋਸ ਮਾਰਚ ਤੇ ਰੋਸ ਪ੍ਰਦਰਸ਼ਨ

**ਜਲੰਧਰ–** ਬਹੁਜਨ ਸਮਾਜ ਪਾਰਟੀ ਦੀ ਸੂਬਾ ਕਾਰਜਕਾਰਨੀ ਦੀ ਅਹਿਮ ਮੀਟਿੰਗ ਜਲੰਧਰ ਮੁੱਖ ਦਫਤਰ ਤੇ ਹੋਈ, ਜਿਸ ਵਿਚ ਸਮੁੱਚੇ ਪੰਜਾਬ ਦੀ ਸੀਨੀਅਰ ਲੀਡਰਸ਼ਿਪ ਹਾਜ਼ਿਰ ਹੋਈ। ਇਸ ਮੌਕੇ ਪੰਜਾਬ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ, ਪਿਛੜੀਆਂ ਸ਼੍ਰੇਣੀਆਂ ਦੇ ਰਾਖਵਾਂਕਰਨ ਦੀ ਅਣਦੇਖੀ ਕੀਤੇ ਜਾਣ ਨੂੰ ਲੈਕੇ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਸੂਬੇ ਦੇ 178 ਲਾਅ ਅਫਸਰਾਂ ਦੀਆਂ ਪੋਸਟਾਂ, ਮੁਹੱਲਾ ਕਲੀਨਿਕ ਦੀਆਂ ਪੋਸਟਾਂ, ਰਾਜ ਸਭਾ ਮੈਂਬਰਾਂ ਦੀ ਚੋਣ ਵੇਲੇ, ਆਦਿ ਮੌਕੇ ਰਾਖਵਾਂਕਰਨ ਨੀਤੀ ਅਤੇ ਪੰਜਾਬ ਰਿਜਰਵੇਸ਼ਨ ਐਕਟ 2006 ਦੀ ਘੋਰ ਉਲੰਘਨਾ ਕੀਤੀ ਗਈ ਹੈ।

ਇਥੋਂ ਤੱਕ ਕਿ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਦਲਿਤ ਪਿਛੜੇ ਵਰਗਾਂ ਨੂੰ inefficient ਅਕਾਰਜਕੁਸ਼ਲ ਸਰਕਾਰ ਨੇ ਦੱਸਿਆ। ਇਸ ਲੜੀ ਵਿਚ ਹੀ ਕਾਂਗਰਸ ਵਲੋਂ ਦਲਿਤ ਸਮਾਜ ਨੂੰ ਪੈਰਾਂ ਦੀਆਂ ਜੁੱਤੀਆਂ ਤੱਕ ਸੁਨੀਲ ਜਾਖੜ ਵਲੋਂ ਬੋਲਿਆ ਗਿਆ ਸੀ।

ਮੀਟਿੰਗ ਨੂੰ ਸੰਬੋਧਨ ਕਰਦਿਆ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਅਜਿਹੇ ਵਿਚਾਰਾਂ ਦਾ ਪ੍ਰਗਟ-ਾਵਾ ਕਰਦਿਆਂ ਕਿਹਾ ਕਿ ਦਲਿਤ ਪਿਛੜੇ ਵਰਗਾਂ ਦਾ ਅਪਮਾਨ ਤੇ ਅਣਦੇਖੀ ਬਹੁਜਨ ਸਮਾਜ ਪਾਰਟੀ ਬਰਦਾਸ਼ਤ ਨਹੀਂ ਕਰੇਗੀ। ਮੌਜੂਦਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਸਾਜਿਸ਼ੀ



ਢੰਗ ਨਾਲ ਦਲਿਤ ਪਿਛੜੇ ਵਰਗਾਂ ਦੇ ਲੋਕਾਂ ਦੀ ਸ਼ਾਸਨ ਪ੍ਰਸ਼ਾਸ਼ਨ ਵਿਚ ਲਗਾਤਾਰ ਪ੍ਰਤੀਨਿਧਤਾ ਨੂੰ ਖਤਮ ਕਰਨ ਹਿਤ ਪੰਜਾਬ ਸਰਕਾਰ ਰਾਖਵਾਂਕਰਨ ਐਕਟ 2006 ਨੂੰ ਅਣਗੌਲਿਆ ਕਰ ਰਹੀ ਹੈ। ਪੰਜਾਬ ਸਰਕਾਰ ਦੀ ਅਜਿਹੀ ਨੀਤੀ ਖ਼ਿਲਾਫ਼ ਬਸਪਾ 15 ਅਗਸਤ ਤੋਂ ਸਮਾਜਿਕ ਪਰਿਵਰਤਨ ਤੇ ਆਰਥਿਕ ਆਜ਼ਾਦੀ ਦਾ ਅੰਦੋਲਨ ਜਲੰਧਰ ਤੋਂ ਸ਼ੁਰੂ ਕਰ ਰਹੀ ਹੈ। ਜਿਸ ਤਹਿਤ ਪੂਰੇ ਪੰਜਾਬ ਵਿਚ ਜਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ ਤੇ ਰੋਸ ਮਾਰਚ ਹੋਣਗੇ ਜਿਸ ਤਹਿਤ ਅਜ਼ਾਦੀ ਦੇ 75ਸਾਲਾਂ ਵਿਚ ਵੀ ਬਹੁਜਨ ਸਮਾਜ ਪੀੜਿਤ ਕਿਉਂ ਦੇ ਵਿਸ਼ੇ ਨਾਲ ਲੋਕ ਲਾਮਬੰਦੀ ਕੀਤੀ ਜਾਵੇਗੀ।

ਸ ਗੜ੍ਹੀ ਨੇ ਵਿਸਥਾਰ ਨਾਲ ਜਾਣਕਾਰੀ ਦਿੰਦਿਆ




ਦੱਸਿਆ ਕਿ ਇਸ ਜ਼ਿਲ੍ਹਾਵਾਰ ਪ੍ਰੋਗਰਾਮ ਤਹਿਤ ਅਗਸਤ ਮਹੀਨੇ ਵਿੱਚ 15 ਨੂੰ ਜਲੰਧਰ, 22 ਨਵਾਂਸ਼ਹਿਰ, 23 ਮਾਨਸਾ, 24 ਮੋਗਾ, 25 ਅੰਮ੍ਰਿਤਸਰ, 26 ਲੁਧਿਆਣਾ, 29 ਮਾਲੇਰਕੋਟਲਾ, 30 ਮੁਕਤਸਰ, 31 ਫਿਰੋਜ਼ਪੁਰ ਹੋਣਗੇ। ਇਸ ਤਰ੍ਹਾਂ ਹੀ ਸਤੰਬਰ ਮਹੀਨੇ ਵਿੱਚ 1 ਸਤੰਬਰ ਨੂੰ ਮੋਹਾਲੀ, 2 ਪਟਿਆਲਾ, 5 ਬਠਿੰਡਾ, 6 ਫਰੀਦਕੋਟ, 7 ਤਰਨਤਾਰਨ, 9 ਹੋਸ਼ਿਆਰਪੁਰ, 11 ਫ਼ਤਹਿਗੜ੍ਹ ਸਾਹਿਬ, 13 ਨੂੰ ਗੁਰਦਾਸਪੁਰ, 14 ਕਪੂਰਥਲਾ, 16 ਸੰਗਰੂਰ, 19 ਰੋਪੜ, 20 ਬਰਨਾਲਾ, 21 ਖੰਨਾ ਅਤੇ 24 ਸਤੰਬਰ ਨੂੰ ਜਲੰਧਰ ਵਿਖੇ ਹੋਵੇਗਾ। ਜਿਲ੍ਹਾ ਫਾਜ਼ਿਲਕਾ 31 ਅਗਸਤ ਨੂੰ ਫਿਰੋਜ਼ਪੁਰ ਵਿਖੇ ਅਤੇ ਪਠਾਨਕੋਟ ਜਿਲ੍ਹਾ 13 ਸਤੰਬਰ ਨੂੰ ਗੁਰਦਾਸਪੁਰ ਵਿਖੇ ਸ਼ਾਮਿਲ ਹੋਵੇਗਾ। ਇਸ ਮੌਕੇ ਰਾਸ਼ਟਰਪਤੀ ਦੇ ਨਾਮ ਮੈਮੋਰੰਡਮ ਸਾਰੇ ਜਿਲ੍ਹਾ ਪੱਧਰ ਤੋਂ ਪ੍ਰਸ਼ਾਸ਼ਨ ਰਾਹੀਂ ਭੇਜੇ ਜਾਣਗੇ।

ਇਸ ਮੌਕੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਤੋਂ ਇਲਾਵਾ ਸੂਬਾ ਇੰਚਾਰਜ ਸ਼੍ਰੀ ਅਜੀਤ ਸਿੰਘ ਭੈਣੀ, ਸੂਬਾ ਮੀਤ ਪ੍ਰਧਾਨ ਸ ਬਲਦੇਵ ਸਿੰਘ ਮਹਿਰਾ, ਜਨਰਲ ਸਕੱਤਰ ਸ਼੍ਰੀ ਗੁਰਲਾਲ ਸੈਲਾ, ਸ਼੍ਰੀ ਲਾਲ ਸਿੰਘ ਸੁਲਹਾਣੀ, ਰਾਜਾ ਰਾਜਿੰਦਰ ਸਿੰਘ ਨਨਹੇਰੀਆਂ, ਸ਼੍ਰੀ ਚਮਕੌਰ ਸਿੰਘ ਵੀਰ, ਸ਼੍ਰੀ ਬਲਵਿੰਦਰ ਕੁਮਾਰ, ਪਰਵੀਨ ਬੰਗਾ, ਸ਼੍ਰੀ ਜੋਗਾ ਸਿੰਘ ਪਨੋਂਦੀਆਂ, ਸ਼੍ਰੀ ਦਰਸ਼ਨ ਸਿੰਘ ਝਲੂਰ, ਸ਼੍ਰੀ ਪਰਮਜੀਤ ਮੱਲ, ਸ਼੍ਰੀ ਜਸਵੰਤ ਰਾਏ, ਸ਼੍ਰੀ ਸੰਤ ਰਾਮ ਮੱਲਿਆ, ਸ਼੍ਰੀ ਲਾਲ ਚੰਦ ਔਜਲਾ, ਠੇਕੇਦਾਰ ਰਾਜਿੰਦਰ ਸਿੰਘ, ਸ਼੍ਰੀ ਭਾਗ ਸਿੰਘ ਸਰੀਹ, ਵਕੀਲ ਕੇਵਲ ਕ੍ਰਿਸ਼ਨ, ਸ਼੍ਰੀ ਬਲਵਿੰਦਰ ਬਿੱਟਾ, ਸ਼੍ਰੀ ਤਾਰਾ ਚੰਦ ਭਗਤ, ਵਕੀਲ ਥੋਰੂ ਰਾਮ, ਸ਼੍ਰੀ ਪਲਵਿੰਦਰ ਬਿੱਕਾ, ਸ਼੍ਰੀ ਵਿਜੇ ਯਾਦਵ, ਸ਼੍ਰੀ ਦਲਜੀਤ ਰਾਏ, ਸ਼੍ਰੀ ਮੋਹਨ ਸਿੰਘ ਨੋਧੇਮਾਜਰਾ, ਸ਼੍ਰੀ ਗੁਰਨੇਕ ਗੜ੍ਹੀ, ਸ਼੍ਰੀ ਦਰਸ਼ਨ ਸਿੰਘ ਨਡਿਆਲੀ, ਸ਼੍ਰੀ ਮੰਗਲ ਸਿੰਘ ਸਹੋਤਾ, ਸ਼੍ਰੀ ਜੀਤ ਰਾਮ ਬਸਰਾ, ਸ਼੍ਰੀ ਕੇਸਰ ਸਿੰਘ ਬਖਸ਼ੀਵਾਲਾ, ਸ਼੍ਰੀ ਮੇਵਾ ਸਿੰਘ, ਆਦਿ ਹਾਜ਼ਿਰ ਸਨ।

# ਬਸਪਾ ਪੰਜਾਬ ਯੂਨਿਟ ਵਲੋਂ ਆਜ਼ਾਦੀ ਦੇ 75ਵੇਂ ਸਾਲ ਦੀਆਂ ਮੁਬਾਰਕਾਂ

ਦੇਸ਼ ਦੇ ਹੁਕਮਰਾਨ ਇਹਨਾ 75 ਸਾਲਾਂ ਵਿਚ ਵੀ ਸਮਾਜਿਕ ਪਰਿਵਰਤਨ ਦੇ ਉਦੇਸ਼ ਨੂੰ ਪੂਰਾ ਕਰਕੇ ਸਮਾਜਿਕ ਬਰਾਬਰਤਾ ਨਹੀਂ ਲਿਆ ਸਕੇ, ਅੱਜ ਵੀ 9 ਸਾਲ ਦੀ ਬੱਚੀ ਪਾਣੀ ਦੇ ਘੜੇ ਨੂੰ ਹੱਥ ਲਾਕੇ ਜੀਵਨ ਗੁਆ ਜਾਂਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਦੇ ਲੋਕ ਸਭਾ ਖੇਤਰ ਤੋਂ ਦੇਸ਼ ਦੇ ਸੰਵਿਧਾਨ ਦੇ ਬਰਾਬਰ ਕੱਟੜਪੰਥੀ ਲੋਕ ਨਵਾਂ ਹਿੰਦੂ-ਰਾਸ਼ਟਰ ਬਣਾਉਣ ਵਾਲਾ ਸੰਵਿਧਾਨ ਦਾ ਪਹਿਲਾ ਮਸੋਦਾ ਪੇਸ਼ ਕਰਕੇ ਤ੍ਰੇਤਾ ਤੇ ਦੁਆਪਰ ਯੁੱਗ ਦੇ ਦੰਡ ਵਿਧਾਨ ਲਿਆਉਣ ਦੀਆਂ ਗੱਲ੍ਹਾਂ ਕਰਦੇ ਹਨ। ਅਜ਼ਾਦੀ ਦੇ 75 ਸਾਲਾਂ ਵਿਚ ਆਰਥਿਕ ਆਜ਼ਾਦੀ ਦਾ ਉਦੇਸ਼ ਅਧੂਰਾ ਹੈ। ਸੰਵਿਧਾਨ ਦੇ ਨੀਤੀ ਨਿਰਦੇਸ਼ਕ ਤੱਤਾਂ ਦੀ ਅਣਦੇਖੀ ਕਰਕੇ ਅੱਜ ਵੀ ਦੇਸ਼ ਦੀ ਧੰਨ-ਧਰਤੀ ਤੇ ਆਰਥਿਕ ਸਰੋਤ ਕੁਝ ਕੁ ਅੰਬਾਨੀਆਂ ਤੇ ਅਡਾਨੀਆਂ ਦੇ ਹੱਥਾਂ ਵਿਚ ਤੇਜ਼ੀ ਨਾਲ ਸੀਮਿਤ ਹੋ ਰਹੇ ਹਨ। ਸਮਾਜਿਕ ਪਾੜੇ ਤੇ ਆਰਥਿਕ ਗੁਲਾਮੀ ਦੇ ਇਸ ਵਰਤਾਰੇ ਭਰੇ ਹਾਲਾਤਾਂ ਵਿਚ ਦੇਸ਼ ਦਾ 85% ਤੋਂ ਜਿਆਦਾ ਆਬਾਦੀ ਦਾ ਬਹੁਜਨ ਸਮਾਜ ਅੱਜ ਸਮਾਜਿਕ ਤੇ ਆਰਥਿਕ ਗੁਲਾਮ ਦਾ ਜੀਵਨ ਗੁਜ਼ਾਰ ਰਿਹਾ ਹੈ, ਜਿਸਦੀ ਅਜ਼ਾਦੀ ਦਾ ਅੰਦੋਲਨ ਫੂਲੇ ਸਾਹੂ ਅੰਬੇਡਕਰ ਦੇ ਨਜ਼ਰੀਏ ਨਾਲ ਸਾਹਿਬ ਕਾਂਸ਼ੀ ਰਾਮ ਜੀ ਨੇ ਬਸਪਾ ਦੇ ਨੀਲੇ ਝੰਡੇ ਹੇਠ ਸ਼ੁਰੂ ਕੀਤਾ ਸੀ। ਪੰਜਾਬ ਵਿੱਚ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ ਵਿੱਚ, ਇਹ ਅੰਦੋਲਨਮਈ ਸ਼ੁਰੂਆਤ ਅੱਜ 15 ਅਗਸਤ ਨੂੰ ਅਸੀਂ ਜਲੰਧਰ ਤੋ ਕਰ ਰਹੇ ਹਾਂ। ਜਿਸਦੇ ਨਾਹਰੇ ਵੀ ਗੁਲਾਮੀ ਤੇ ਅਜ਼ਾਦੀ ਦਾ ਫ਼ਰਕ ਦਸਣਗੇ। ਹਾਲਾਂਕਿ ਮੈ ਆਪਣੀ ਖਰਾਬ ਸਿਹਤ ਕਰਕੇ ਅੱਜ ਹਾਜ਼ਿਰ ਨਹੀਂ ਹੋ ਸਕਣਾ। ਅਗਸਤ 10 ਨੂੰ ਬੁਖਾਰ ਦੀ ਸ਼ੁਰੂਆਤ ਹੋਈ, 11 ਨੂੰ ਦਵਾਈ ਲਈ, 12 ਨੂੰ ਸਰਕਾਰੀ ਡਾਕਟਰਾਂ ਦੀ ਟੀਮ ਨੇ ਇਕ ਹਫਤੇ ਦਾ ਇਕਾਂਤਵਾਸ ਵੀ ਨਿਰਦੇਸ਼ਿਤ ਕੀਤਾ। ਵਡੇਰੇ ਹਿਤਾਂ ਨੂੰ ਦੇਖਦੇ ਹੋਏ ਸਾਰੇ ਪ੍ਰੋਗਰਾਮ ਰੱਦ ਕਰਨੇ ਪਏ। 19 ਤੋਂ ਸ਼ੁਰੂਆਤ ਕਰ ਦਿੱਤੀ ਜਾਵੇਗੀ। ਸਮਾਜਿਕ ਤੇ ਆਰਥਿਕ ਗੁਲਾਮੀ ਦੇ ਖਿਲਾਫ ਜੰਗ, ਕੇਡਰ ਕੈਂਪਾਂ ਦੀ ਲਹਿਰ ਨਾਲ, ਮੈਂਬਰਸ਼ਿਪ ਅੰਦੋਲਨ ਅਤੇ ਸੜਕ ਤੇ ਸੰਘਰਸ਼। ਤਿੰਨੋ ਪ੍ਰੋਗਰਾਮ ਨਾਲ ਨਾਲ ਚਲਣਗੇ।

**ਧੰਨਵਾਦ**

# ਬਾਮਸੇਫ ਅਤੇ ਯੂਨਿਟੀ ਆਫ਼ ਮੂਲਨਿਵਾਸੀ ਬਹੁਜਨ ਸਮਾਜ ਦੀ 31ਵੀ ਸੂਬਾ ਪੱਧਰੀ ਕਨਵੈਨਸ਼ਨ

ਬਾਮਸੇਫ ਅਤੇ ਯੂਨਿਟੀ ਆਫ਼ ਮੂਲਨਿਵਾਸੀ ਬਹੁਜਨ ਸਮਾਜ ਦੀ 31ਵੀ ਸੂਬਾ ਪੱਧਰੀ ਕਨਵੈਨਸ਼ਨ ਜਲੰਧਰ ਵਿਖੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਮਿਤੀ 4 ਸਤੰਬਰ 2022 ਦਿਨ ਐਤਵਾਰ ਨੂੰ ਹੋਣ ਜਾ ਰਹੀ ਹੈ।





ਜਿਸ ਦੀ ਪ੍ਰਧਾਨਗੀ ਬਾਮਸੇਫ ਦੇ ਰਾਸ਼ਟਰੀ ਪ੍ਰਧਾਨ ਕਮਲਕਾਂਤ ਕਾਲੇ (ਕੁਮਾਰ ਕਾਲੇ) ਕਰਨਗੇ। ਪ੍ਰੋਗਰਾਮ ਦੀ ਪ੍ਰਸਤਾਵਨਾ ਕੁਸ਼ਲ ਕੁਮਾਰ ਕਨਵੀਨਰ ਬਾਮਸੇਫ ਪੰਜਾਬ ਪੜ੍ਹਨਗੇ। ਮੁੱਖ ਮਹਿਮਾਨ ਵਜੋਂ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ, ਸ਼ਾਹੀ ਇਮਾਮ ਜਾਮਾ ਮਸਜਿਦ ਲੁਧਿਆਣਾ ਹੋਣਗੇ। ਇਸ ਸਮਾਗਮ ਵਿੱਚ ਬਾਮਸੇਫ਼ ਸੰਗਠਨ ਦੇ ਫਾਉਂਡਰ ਮੈਂਬਰ ਮਾਣਯੋਗ ਦੀਨਾ ਭਾਨਾ ਜੀ ਦੀ ਜੀਵਨ ਸੰਗੀਨੀ ਸੁਮਨ ਦਾਦੀ ਉਚੇਚੇ ਤੌਰ ਤੇ ਹਾਜਰ ਹੋਣਗੇ। ਇਸ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਵਜੋਂ ਪ੍ਰਿੰਸੀਪਲ ਜੋਗਿੰਦਰ ਸਿੰਘ ਬਲਮਗੜ ਪ੍ਰਧਾਨ ਰਾਸ਼ਟਰੀ ਮੂਲ ਭਾਰਤੀ ਚਿੰਤਨ ਸੰਘ, ਕੰਵਰ ਪਾਲ ਸਿੰਘ ਕਾਰਜਕਾਰੀ ਕਮੇਟੀ ਮੈਂਬਰ ਦਲ ਖ਼ਾਲਸਾ, ਬਿਸ਼ਨ ਦਾਸ ਸਹੋਤਾ ਸਮਾਜ ਸੇਵਕ ਜਲੰਧਰ, ਐਡਵੋਕੇਟ ਵਿਕਰਮ ਲੰਕੇਸ਼ ਮੂਲਨਿਵਾਸੀ ਚੇਤਨਾ ਮੰਚ, ਰਾਜਵਿੰਦਰ ਸਿੰਘ ਖਤਰੀਵਾਲਾ ਓ।ਬੀ।ਸੀ ਵੈਲਫ਼ੇਅਰ ਫਰੰਟ ਪੰਜਾਬ, ਮਨਧੀਰ ਸਿੰਘ ਪੰਥ ਸੇਵਕ ਜੱਥਾ ਦੋਆਬਾ, ਦਿਲਬਾਗ਼ ਸਿੰਘ ਪੰਜਾਬ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਚੜੂਣੀ, ਕੁਲਦੀਪ ਕੁਮਾਰ ਹਿਸਾਰ ਇਤਿਹਾਸਕਾਰ, ਗੁਰਮੀਤ ਸਿੰਘ ਪ੍ਰਜਾਪਤੀ ਓ।ਬੀ।ਸੀ ਅਧੀਕਾਰ ਚੇਤਨਾ ਮੰਚ, ਅਮਰੀਕ ਦਾਸ ਭੱਟੀ ਭਾਰਤੀਯ ਸਮਾਜ ਨਿਰਮਾਨ ਸੰਘ, ਆਦਿ ਹੋਣਗੇ। ਸੱਭ ਤੋਂ ਅਹਿਮ ਗੱਲ ਇਹ ਹੋਵੇਗੀ ਕਿ ਇਹ ਕਨਵੈਨਸ਼ਨ ਪੰਜਾਬ ਦੇ ਬਹੁਜਨ ਸਮਾਜ ਦੇ ਚਿੰਤਕਾਂ ਨੂੰ ਸਮਰਪਿਤ ਹੋਵੇਗਾ। ਜਿਸ ਵਿੱਚ ਪ੍ਰੋਫ਼ੈਸਰ ਗੁਰਨਾਮ ਸਿੰਘ ਮੁਕਤਸਰ, ਆਰ।ਸੀ ਸੰਗਰ, ਡੀ ਡੀ ਕਲਿਆਣੀ ਦੇ ਨਾਂ ਵਿਸ਼ੇਸ਼ ਹਨ। ਪ੍ਰੋਗਰਾਮ ਸਵੇਰੇ ਤਕਰੀਬਨ 10 ਵਜੇ ਸ਼ੁਰੂ ਹੋਵੇਗਾ ਅਤੇ ਦੋ ਹਿਸਿਆਂ ਵਿੱਚ ਸ਼ਾਮ 5 ਵਜੇ ਸਮਾਪਨ ਵੱਲ ਜਾਏਗਾ। ਇੱਥੇ ਦਸਣਾ ਜ਼ਰੂਰੀ ਹੋਵੇਗਾ ਕਿ ਬਾਮਸੇਫ਼ ਭਾਰਤ ਅੰਦਰ ਅਨੁਸੂਚਿਤ ਜਾਤੀਆਂ, ਜਨ ਜਾਤੀਆਂ, ਪਿਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀਆਂ ਦਾ ਸਾਂਝਾ ਮੰਚ ਹੈ। ਜਿਹੜਾ ਕਿ ਬਹੁਜਨ ਸਮਾਜ ਅੰਦਰ ਲਗਾਤਰ ਜਾਗ੍ਰਿਤੀ ਅਭਿਆਨ ਚਲਾ ਕੇ ਸੰਵਿਧਾਨਿਕ




ਅਧਿਕਾਰਾਂ ਪ੍ਰਤੀ ਸਜਗ ਕਰ ਰਿਹਾ ਹੈ। ਅਤੇ ਭਾਰਤ ਤੋਂ ਇਲਾਵਾ ਹੋਰ ਮੁਲਕਾਂ ਵਿੱਚ ਵਿੱਚ ਲਗਾਤਰ ਜਾਗ੍ਰਿਤੀ ਪੈਦਾ ਕਰ ਰਿਹਾ ਹੈ।

# ਬਸਿਆਲਾ ਵਿਖੇ ਕਲੀਨਿਕ ਬਣਾਉਣ ਵਾਲੇ ਪ੍ਰਵਾਸੀ ਸ ਬਹਾਦਰ ਸਿੰਘ ਗੋਲਡ ਮੈਡਲ ਨਾਲ ਸਨਮਾਨਿਤ







**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਪੰਜਾਬ ਸਰਕਾਰ ਵੱਲੋਂ 15 ਅਗਸਤ ਨੂੰ ਹੁਣ 75 ਦੀ ਥਾਂ 100 'ਆਮ ਆਦਮੀ ਕਲੀਨਿਕ' ਪੰਜਾਬ ਦੇ ਵਿਚ ਖੋਲ੍ਹੇ ਜਾ ਰਹੇ ਹਨ। ਇਨ੍ਹਾਂ ਕਲੀਨਿਕਾਂ ਨੂੰ ਲੈ ਕੇ ਜਿੱਥੇ ਪੰਜਾਬ ਸਰਕਾਰ ਆਪਣੀਆਂ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰਨ ਦਾ ਆਪਣਾ ਵਾਅਦਾ ਪੂਰਾ ਕਰਨ ਜਾ ਰਹੀ ਹੈ, ਉਥੇ ਇਸ ਕਲੀਨਿਕ ਨੂੰ ਲੈ ਕੇ ਵਿਦੇਸ਼ ਵਸਦੇ ਪ੍ਰਵਾਸੀ ਵੀ ਕਾਫੀ ਉਤਸੁਕ ਹਨ, ਕਿਉਂਕਿ ਇਹ ਕਲੀਨਿਕਾਂ ਪਿੰਡ ਦੇ ਵਿਚ ਸ਼ੁਰੂ ਹੋ ਰਹੀਆਂ ਹਨ। ਹਲਕਾ ਗੜ੍ਹਸ਼ੰਕਰ ਦੇ ਵਿਚ ਖੁੱਲ੍ਹਣ ਵਾਲਾ ਇਕੋ-ਇਕ ਕਲੀਨਿਕ ਪਿੰਡ ਬਸਿਆਲਾ ਵਿਖੇ ਖੋਲ੍ਹਿਆ ਜਾ ਰਿਹਾ ਹੈ। ਇਸ ਕਲੀਨਿਕ ਦੀ ਖਾਸੀਅਤ ਇਹ ਹੈ ਕਿ ਇਹ ਸ਼ਾਇਦ ਪਹਿਲਾ ਕਲੀਨਿਕ ਹੋਵੇਗਾ ਜਿਹੜਾ ਕਿਸੇ ਪ੍ਰਵਾਸੀ ਨੇ ਬਣਾ ਕੇ ਪੰਜਾਬ ਸਰਕਾਰ ਦੇ ਹਵਾਲੇ ਕੀਤਾ ਹੋਵੇਗਾ। ਪਿੰਡ ਬਸਿਆਲਾ ਦੇ ਅਮਰੀਕਾ ਰਹਿੰਦੇ ਪ੍ਰਵਾਸੀ ਸ ਬਹਾਦਰ ਸਿੰਘ ਸਪੁੱਤਰ ਸਵ। ਕਰਤਾਰ ਸਿੰਘ ਚੰਡੀਗੜ੍ਹ ਵਾਲਿਆਂ ਦੇ ਸਮੁੱਚੇ ਪਰਿਵਾਰ ਨੇ ਲੱਖਾਂ ਰੁਪਏ ਖਰਚ ਕੇ ਇਕ ਮਾਡਰਨ ਹਸਪਤਾਲ ਬਣਾ ਕੇ ਨਗਰ ਨਿਵਾਸੀਆਂ ਅਤੇ ਆਲੇ ਦੁਆਲੇ ਦੇ ਪਿੰਡ ਲਈ ਮੁੱਢਲੀ ਸਿਹਤ ਸਹੂਲਤ ਪ੍ਰਦਾਨ ਕੀਤੀ ਹੈ। ਹਸਪਤਾਲ ਦਾ ਰਸਮੀ ਉਦਘਾਟਨ ਭਾਵੇਂ 15 ਅਗਸਤ ਨੂੰ ਸਰਕਾਰ ਵੱਲੋਂ ਸ਼ੁਰੂ ਕੀਤਾ ਜਾਣਾ ਹੈ, ਪਰ ਪਿੰਡ ਵਾਸੀਆਂ, ਨਗਰ ਨਿਵਾਸੀਆਂ, ਵਿਦੇਸ਼ੀ ਰਹਿੰਦੇ ਪਿੰਡ ਦੇ ਲੋਕਾਂ ਨੇ ਅੱਜ ਇਕ ਧਾਰਮਿਕ ਪ੍ਰੋਗਰਾਮ ਉਲੀਕ ਕੇ ਹਸਪਤਾਲ ਦੀ ਤਿਆਰ ਹੋਈ ਇਸ ਇਮਾਰਤ ਦੇ ਵਿਚ ਅਰਦਾਸ ਕਰਕੇ ਅਤੇ ਫਿਰ ਗੁਰਦੁਆਰਾ ਸ਼ਹੀਦਾਂ ਵਿਖੇ ਇਕ ਵਿਸ਼ੇਸ਼ ਸਮਾਗਮ ਕਰਕੇ ਇਸਦੇ ਦੁਆਰਾ ਆਮ ਆਦਮੀ ਲਈ ਖੋਲ੍ਹ ਦਿੱਤੇ ਗਏ। ਭਾਈ ਹਰਦੀਪ ਸਿੰਘ ਦੁਪਾਲਪੁਰੀ ਹੋਰਾਂ ਨੇ ਰਸਭਿੰਨਾ ਕੀਰਤਨ ਕੀਤਾ। ਨਗਰ ਨਿਵਾਸੀਆਂ ਵੱਲੋਂ ਇਮਾਰਤ ਪਿੰਡ ਦੀ ਵਰਤੋਂ ਲਈ ਭੇਟ ਕਰਨ ਲਈ ਸ। ਬਹਾਦਰ ਸਿੰਘ ਹੋਰਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਿੱਥੇ ਮਹਿਮਾਨ ਅਤੇ ਹੋਰ ਨਗਰ ਨਿਵਾਸੀ ਖੜ੍ਹੇ ਸਨ ਪਰ ਸ। ਬਹਾਦਰ ਸਿੰਘ ਹੋਰਾਂ ਦੇ ਗਲ ਵਿਚ ਸੋਨੇ ਦਾ ਤਮਗਾ ਮਾਤਾ ਸੁਰਜੀਤ ਕੌਰ (ਮਾਤੀ) ਵੱਲੋਂ ਪਹਿਨਾਇਆ ਗਿਆ। ਸਵ। ਸ੍ਰੀ ਰਾਮ ਚੰਦ, ਸ। ਕਰਤਾਰ ਸਿੰਘ ਅਤੇ ਮਾਤਾ ਜੀਤ ਕੌਰ ਹੋਰਾਂ ਦੀ ਵੱਡ ਅਕਾਰੀ ਤਸਵੀਰ ਹਸਪਤਾਲ ਦੇ ਵੇਟਿੰਗ ਰੂਮ ਦੇ ਵਿਚ ਲਗਾਈ ਗਈ।

ਇਸ ਸਮਾਗਮ ਦੀ ਸ਼ੁਰੂਆਤ ਮਾਸਟਰ ਗੁਰਚਰਨ ਸਿੰਘ, ਸ। ਮੁਖਤਿਆਰ ਸਿੰਘ, ਸ ਗੁਰਜੀਤ ਸਿੰਘ, ਸ। ਜਗਤਾਰ ਸਿੰਘ ਹੋਰਾਂ ਨੇ ਬਾਹਰੋਂ ਆਏ ਮਹਿਮਾਨਾਂ, ਪਹੁੰਚੇ ਪ੍ਰਵਾਸੀਆਂ, ਨਗਰ ਪੰਚਾਇਤ ਅਤੇ ਪਹੁੰਚੇ ਬੁਲਾਰਿਆਂ ਨੂੰ 'ਜੀ ਆਇਆਂ' ਆਖ ਕੇ ਕੀਤੀ। ਇਮਾਰਤ ਦੀ ਉਸਾਰੀ ਸਬੰਧੀ ਉਨ੍ਹਾਂ ਸੰਖੇਪ ਜਾਣਕਾਰੀ ਦਿੱਤੀ। ਇਮਾਰਤ ਉਸਾਰੀ ਕਰਾਉਣ ਵਾਲੇ ਪ੍ਰਵਾਸੀ ਸ ਬਹਾਦਰ ਸਿੰਘ ਨੇ ਆਪਣੇ ਪਰਿਵਾਰ ਦਾ ਉਦੇਸ਼ ਦਸਦਿਆਂ ਕਿਹਾ ਕਿ ਭਾਵੇਂ ਉਨ੍ਹਾਂ ਨੇ ਪਿੰਡ ਕਦੀ ਕਦਾਈਂ ਆਉਣਾ ਹੁੰਦਾ ਹੈ, ਪਰ ਪਿੰਡ ਦੇ ਲੋਕਾਂ ਦੀ ਰਾਜੀ ਖੁਸ਼ੀ ਅਤੇ ਤੰਦਰੁਸਤੀ ਬਣੀ ਰਹੇ, ਉਨ੍ਹਾਂ ਦੀ ਦਿਲੀ ਇੱਛਾ ਬਣੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਸਾਰੇ ਭੈਣ-ਭਰਾਵਾਂ ਦੀ ਹੱਲਾਸ਼ੇਰੀ ਨਾਲ ਹੀ ਇਹ ਕਾਰਜ ਸਿਰੇ ਚੜ੍ਹਿਆ ਹੈ। ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਹੋਰਾਂ ਦਾ ਉਨ੍ਹਾਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਬਾਕੀ ਸਾਰੇ ਕਾਰਜ ਠੀਕ ਹੋਣਗੇ।

ਨਿਊਜ਼ੀਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ 'ਬਸਿਆਲਾ ਐਨ ਆਰ ਆਈ ਵੈਲਫੇਅਰ ' ਸੁਸਾਇਟੀ ਦੇ ਐਡਮਿਨ ਸ। ਹਰਜਿੰਦਰ ਸਿੰਘ ਨੇ ਸਵ। ਸ। ਕਰਤਾਰ ਸਿੰਘ, ਬੀਬੀ ਜੀਤ ਕੌਰ ਅਤੇ ਸਵ। ਰਾਮ ਚੰਦ ਹੋਰਾਂ ਦੇ ਸਮੁੱਚੇ ਪਰਿਵਾਰ ਦੀ ਜੀਵਨ ਵਿਖਿਆਨ ਕਰਦਾ ਬਹੁਰੰਗਾ ਮੈਗਜ਼ੀਨ ਜਾਰੀ ਕੀਤਾ। ਉਨ੍ਹਾਂ ਨੇ ਨਿਊਜ਼ੀਲੈਂਡ ਦੇ ਵਿਚ ਜਾਰੀ ਕੀਤੀ ਪੰਜਾਬੀ ਭਾਸ਼ਾ ਦੀ ਡਾਕ ਟਿਕਟ ਵੀ ਆਏ ਮਹਿਮਾਨਾਂ ਨੂੰ ਭੇਟ ਕੀਤੀ ਅਤੇ ਪੰਜਾਬੀ ਭਾਸ਼ਾ ਨਾਲ ਜੁੜਨ ਦਾ ਸੁਨੇਹਾ ਦਿੱਤਾ। ਗੁਰੂ ਨਾਨਕ ਢਾਹਾਂ ਹਸਪਤਾਲ ਤੋਂ ਮੁੱਖ ਪ੍ਰਬੰਧਕ ਸ ਹਰਦੇਵ ਸਿੰਘ ਕਾਹਮਾ ਨੇ ਸਿਹਤ ਸਹੂਲਤਾਂ ਸਬੰਧੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਇਲਾਕੇ ਦੇ ਵਿਚ ਫ੍ਰੀ ਸਿਹਤ ਸਹੂਲਤ ਦੇਣੀ ਬਹੁਤ ਵੱਡਾ ਕਾਰਜ ਹੈ ਅਤੇ ਪੰਜਾਬ ਭਾਸ਼ਾ ਅਤੇ ਗੁਰਬਾਣੀ ਨਾਲ ਬੱਚਿਆਂ ਨੂੰ ਜੋੜੀ ਰੱਖਣ ਵਾਸਤੇ ਵੀ ਉਨ੍ਹਾਂ ਉਦਾਹਰਣ ਸਾਹਿਤ ਬੇਨਤੀ ਕੀਤੀ। ਕਾਰ ਸੇਵਾ ਸ੍ਰੀ ਅਨੰਦਪੁਰ ਸਾਹਿਬ ਵਾਲੇ ਬਾਬਾ ਜਰਨੈਲ ਸਿੰਘ ਵੀ ਇਸ ਮੌਕੇ ਵਿਸ਼ੇਸ਼ ਤੌਰ ਉਤੇ ਪਹੁੰਚੇ ਅਤੇ ਸ। ਬਹਾਦਰ ਸਿੰਘ ਹੋਰਾਂ ਨੂੰ ਸਿਰੋਪਾਓ ਭੇਟ ਕੀਤੇ। ਵਿਧਾਇਕ ਅਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਹੋਰਾਂ ਦੀ ਸੁਨੇਹਾ ਵੀ ਪਹੁੰਚਿਆ, ਉਹ ਚੰਡੀਗੜ੍ਹ ਹੋਣ ਕਰਕੇ ਪਹੁੰਚ ਨਹੀਂ ਸਕੇ, ਪਰ ਉਨ੍ਹਾਂ ਦੀ ਹਾਜ਼ਰੀ ਲਗਾਉਣ ਵਾਸਤੇ ਸ ਬਲਦੀਪ ਸਿੰਘ ਸਰਪੰਚ ਪਿੰਡ ਇਬਰਾਹੀਮ ਪੁਰ ਵਿਸ਼ੇਸ਼ ਤੌਰ ਉਤੇ ਹਸਪਤਾਲ ਵੇਖਣ ਜਰੂਰ ਬਾਅਦ ਦੁਪਹਿਰ ਪਹੁੰਚੇ।

ਮੁੱਖ ਬੁਲਾਰਿਆਂ ਦੇ ਵਿਚ ਅਤੇ ਹਾਜ਼ਰੀਆਂ ਭਰਨ ਦੇ ਵਿਚ ਪੰਜਾਬ ਭਾਸ਼ਾ ਵਿਭਾਗ ਦੇ ਦੋ ਸਾਬਕਾ ਸਹਾਇਕ ਡਾਇਰੈਕਟਰ ਸ ਹਰਨੇਕ ਸਿੰਘ ਢੋਟ ਅਤੇ ਸ ਸਤਿੰਦਰ ਸਿੰਘ ਨੰਦਾ, ਡਿਪਟੀ ਚੀਫ ਇੰਜੀਨੀਅਰ ਪੀ ਐਸ ਪੀ ਸੀ ਐਲ, ਜਲੰਧਰ ਪੰਜਾਬ ਸਟੇਟ ਸ੍ਰੀ ਦੇਜ ਰਾਜ ਬੰਗੜ, ਸ ਜਸਵੰਤ ਸਿੰਘ ਭੱਠਲ, ਸ ਪਰਮਜੀਤ ਸਿੰਘ ਬੱਬਰ, ਹਰਸ਼ਰਨ ਸਿੰਘ ਭਾਰਪੁੱਰ ਜੱਟਾਂ, ਸ। ਮੁਖਤਿਆਰ ਸਿੰਘ, ਸ। ਹਰਦੇਵ ਸਿੰਘ ਸਰਪੰਚ, ਸ ਬਲਬੀਰ ਸਿੰਘ ਪ੍ਰਬੰਧਕ ਗੁਰਦੁਆਰਾ ਸ਼ਹੀਦਾਂ, ਸ। ਸਤਨਾਮ ਸਿੰਘ ਕੁਰਦਾਂ ਵਾਲੇ, ਸਤਨਾਮ ਸਿੰਘ ਵਜੀਦ ਵਾਲੇ, ਪਰਮਜੀਤ ਪੰਮਾ, ਡਾ ਸੁਖਵੀਰ ਸਿੰਘ, ਜਸਵਿੰਦਰ ਕੌਰ ਲੰਡਨ, ਈਸ਼ਾ ਸੈਣੀ ਮੈਡਿਸਟੋ, ਅੰਗਰੇਜ਼ ਸਿੰਘ ਅਮਰੀਕਾ, ਦਵਿੰਦਰ ਸਿੰਘ ਰੌੜੀ ਆਸਟਰੇਲੀਆ, ਸ। ਬਲਵਿੰਦਰ ਸਿੰਘ ਏ ਐਸ ਆਈ ਪੰਜਾਬ ਪੁਲਿਸ, ਰਣਦੀਪ ਸਿੰਘ, ਅਵਤਾਰ ਸਿੰਘ ਜਾਪਾਨੀ, ਅਵਤਾਰ ਸਿੰਘ ਗੁੱਗ, ਬਿੱਲੂ ਨਿਊਜ਼ੀਲੈਂਡ ਵਾਲਾ, ਗੁਰਵਿੰਦਰ ਸਿੰਘ, ਸਾਬਕਾ ਸਰਪੰਚ ਬੀਬੀ ਕਸ਼ਮੀਰ ਕੌਰ, ਪੰਚ ਬਲਕਾਰ ਸਿੰਘ, ਉਂਕਾਰ ਸਿੰਘ, ਚੰਡੀਗੜ ਤੋਂ ਪਹੁੰਚੇ ਸ। ਅਵਤਾਰ ਸਿੰਘ ਡੁਲਕੂ, ਹਰਪਾਲ ਸਿੰਘ, ਬੱਬੂ ਸਿੰਘ, ਬਿੱਲਾ ਪ੍ਰਿੰਟਰਜ਼, ਪਿੰਟਾ, ਭਿੰਦਰ, ਸੰਨੀ ਸਿੰਘ, ਸਤੀਸ਼ ਕੌਸ਼ਿਕ, ਤੇਜਿੰਦਰ ਸੈਣੀ ਫਗਵਾੜਾ, ਚੰਦਰਦੀਪ ਸਿੰਘ, ਸਿਵਲ ਇੰਜੀਨੀਅਰ ਸੁਖਵੀਰ ਬਾਰੀ, ਸਾਬਕਾ ਪੰਚ ਗੁਰਮੇਜ ਸਿੰਘ, ਨਰਿੰਦਰ ਸੈਣੀ, ਜਤਿੰਦਰਪਾਲ ਸਿੰਘ ਸਿੱਖ ਮਿਸ਼ਨਰੀ ਗੜ੍ਹਸ਼ੰਕਰ ਅਤੇ ਹੋਰ ਬਹੁਤ ਸਾਰੇ ਨਗਰ ਨਿਵਾਸੀ ਹਾਜ਼ਿਰ ਸਨ।

ਮਿਸ ਸਵਰਨਜੀਤ ਕੌਰ ਜੋ ਮੋਹਾਲੀ ਤੋਂ ਪੁੱਜੀ ਹੋਈ ਸੀ, ਨੇ ਵਿਸ਼ੇਸ਼ ਤੌਰ ਉਤੇ ਸਵ ਕਰਤਾਰ ਸਿੰਘ ਹੋਰਾਂ ਦੀ ਬਣਾਈ ਹੋਈ ਫੋਟੋ ਹਸਪਤਾਲ ਦੇ ਵਿਚ ਲਗਾਉਣ ਲਈ ਭੇਟ ਕੀਤੀ। ਰੇਡੀਓ ਸਪਾਈਸ ਨਿਊਜ਼ੀਲੈਂਡ ਦੀ ਜਲੰਧਰ ਸਥਿਤ ਟੀਮ ਤੋਂ ਸੁਖਰਾਜ ਸਿੰਘ, ਅਤੇ ਲਾਈਵ ਪੰਜਾਬੀ ਟੀ ਵੀ ਚੈਨਲ ਤੋਂ ਮੈਡਮ ਰੀਮਾ ਕਵਰੇਜ ਲਈ ਪਹੁੰਚੇ ਹੋਏ ਸਨ। ਐਮ ਕੇ ਲਾਈਵ ਟੀਮ ਵੱਲੋਂ ਪ੍ਰੋਗਰਾਮ ਲਾਈਵ ਕੀਤਾ ਗਿਆ। ਸਿਹਤ ਵਿਭਾਗ ਵੱਲੋਂ ਹਸਪਤਾਲ ਦੇ ਵਿਚ ਫਰਨੀਚਰ ਪਹੁੰਚਾ ਦਿੱਤਾ ਗਿਆ।

# ਕਾਂਗਰਸ ਵਲੋਂ ਅਜਾਦੀ ਦਿਵਸ ਨੂੰ ਸਮਰਪਿਤ ਤਿਰੰਗਾ ਯਾਤਰਾ ਦਾ ਕੀਤਾ ਸ਼ੁੱਭ ਆਰੰਭ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਦੇਸ਼ ਦੀ ਅਜਾਦੀ ਦੀ 75ਵੀਂ ਵਰੇਗੰਢ ਨੂੰ ਸਮਰਪਿਤ ਤਿਰੰਗਾ ਯਾਤਰਾ ਕਸਬਾ ਲਸਾੜਾ ਤੋਂ ਸ਼ਹੀਦ ਬਾਬੂ ਲਾਭ ਸਿੰਘ ਦੇ ਸਟੈਚੂ ਉਪਰ ਕਾਂਗਰਸ ਦੀ ਸਮੁੱਚੀ ਲੀਡਰਸ਼ਿਪ ਵਲੋਂ ਹਾਰ ਪਾਕੇ ਤਿਰੰਗਾ ਯਾਤਰਾ ਦਾ ਸ਼ੁੱਭ ਆਰੰਭ ਕੀਤਾ ਇਸ ਤਿਰੰਗਾ ਯਾਤਰਾ ਦੀ ਅਗਵਾਈ ਕਰਦਿਆ ਚੋਧਰੀ ਸੰਤੋਖ ਸਿੰਘ ਸੰਸਦ ਮੈਂਬਰ ਲੋਕਸਭਾ ਹਲਕਾ ਜਲੰਧਰ ਨੇ ਆਪਣੇ ਸੰਬੋਧਨ ਚ ਆਖਿਆ ਕਿ ਅੱਜ ਜੋ ਅਸੀਂ ਅਜਾਦੀ ਦਾ ਨਿੱਘ ਮਾਣ ਰਹੇ ਹਾਂ ਇਹ ਸਭ ਦੇ ਮਹਾਨ ਸੂਰਵੀਰ ਯੋਧਿਆਂ ਦੀ ਕੁਰਬਾਨੀ ਸਦਕਾ ਹੈ ਅਗਰ ਉਸ ਸਮੇਂ ਚ ਮਹਾਨ ਯੋਧੇ ਸ਼ਹੀਦ ਨਾਂ ਹੁੰਦੇ ਤਾਂ ਅੱਜ ਵੀ ਅਸੀ ਗੁਲਾਮੀ ਦੀਆਂ ਜੰਜੀਰਾਂ ਚ ਜਕੜੇ ਰਹਿਣਾ ਸੀ ਮਹਾਨ ਯੋਧਿਆਂ ਨੇ ਜੋ ਆਪਣੀ ਜਾਨ ਦੀ ਪ੍ਰਵਾਹ ਨਾਂ ਕਰਦਿਆ ਅਤੇ ਬਿਨਾ ਸਵਾਰਥ ਦੇ ਸ਼ਹੀਦੀ ਪਾ ਗਏ ਸਾਡੇ ਲਈ ਪ੍ਰੇਰਣਾ ਦੇ ਸਰੋਤ ਤੇ ਸਾਡੇ ;ਲਈ ਪੂਜਣਯੋਗ ਹਨ ਤੇ ਸਾਡਾ ਇਹ ਫਰਜ ਬਣਦਾ ਹੈ ਕਿ ਉਨਾ ਮਹਾਨ ਸੂਰਵੀਰ ਯੋਧਿਆਂ ਦੀ ਕੁਰਬਾਨੀ ਨੂੰ ਮੁੱਖ ਰੱਖਦੇ ਤੇ ਉਨਾਂ ਦੀ ਯਾਦ ਚ ਸ਼ਹੀਦੀ ਦਿਵਸ ਉਨਾ ਦੇ ਜਨਮਦਿਨ ਅਤੇ ਅਜਾਦੀ ਦਿਹਾੜੇ ਬੜੀ ਸ਼ਰਧਾ ਨਾਲ ਮਨਾਉਣੇ ਚਾਹੀਦੇ ਹਨ ਤੇ ਉਨਾਂ ਦੇ ਦਰਸਾਏ ਮਾਰਗ ਤੇ ਚੱਲਕੇ ਉਨਾਂ ਨੂੰ ਸਜਦਾ ਸਲਾਮ ਕਰਕੇ ਸ਼ਰਧਾ ਦੇ ਫੁੱਲ ਭੇਟ ਕਰਨੇ ਸਾਡੇ ਵਲੋਂ ਇਹੋ ਸੱਚੀ ਸ਼ਰਧਾਜਲੀ ਹੋਵੇਗੀ।

ਇਸ ਮੋਕੇ ਚੋਧਰੀ ਵਿਕਰਮਜੀਤ ਸਿੰਘ ਹਲਕਾ ਵਿਧਾਇਕ ਫਿਲੋਰ ਨੇ ਆਖਿਆ ਕਿ ਸ਼ਹੀਦਾਂ ਜਿਹੀ ਸੋਚ ਅਪਣਾਉਣ ਲਈ ਅੱਜ ਦੀ ਨੋਜਵਾਨ ਪੀੜੀ ਨੂੰ ਉਨਾਂ ਸ਼ਹੀਦਾਂ ਵਲੋਂ ਦੇਸ਼ ਅਜਾਦ ਕਰਵਾਉਣ ਲਈ ਕੁਰਬਾਨੀਆਂ ਤੇ ਹੋਰ ਉਪਕਾਰ ਸਾਨੂੰ ਹਮੇਸ਼ਾਂ ਯਾਦ ਰੱਖਣੇ ਚਾਹੀਦੇ ਹਨ ਤੇ ਕਾਂਗਰਸ ਪਾਰਟੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਕਾਰ ਕਰਨ ਲਈ ਹਮੇਸ਼ਾਂ ਤੱਤਪਰ ਰਹਿੰਦੀ ਹੈ ਤੇ ਹਰ ਧਰਮ ਦੇ ਲੋਕਾਂ ਦੀ ਲੜਾਈ ਕਾਂਗਰਸ ਪਾਰਟੀ ਖੁਦ ਲੜਦੀ ਹੈ ਤੇ ਕਾਂਗਰਸ ਸਰਕਾਰ ਸ਼ਹੀਦਾਂ ਨੂੰ ਹਮੇਸ਼ਾਂ ਯਾਦ ਰੱਖਦੀ ਹੈ।

ਸਾਰੇ ਮਹਾਨ ਸ਼ਹੀਦਾਂ ਦਾ ਸਤਿਕਾਰ ਕਰਦੀ ਹੈ ਇਸ ਮੋਕੇ ਦਵਿੰਦਰ ਸਿੰਘ ਲਸਾੜਾ ਚੇਅਰਮੈਂਨ ਬਲਾਕ ਸੰਮਤੀ ਵਲੋ ਤਿਰੰਗਾ ਯਾਤਰਾ ਚ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ ਤੇ ਤਿਰੰਗਾ ਲਸਾੜਾ ਤੋਂ ਸ਼ੁਰੂ ਹੋ ਕੇ ਫਿਲੋਰ ਵਿਖੇ ਸਮਾਪਤ ਹੋਈ ਇਸ ਤਿਰੰਗਾ ਯਾਤਰਾ ਵਿੱਚ ਮੋਟਰਸਾਈਕਲ, ਟਰੈਕਟਰ, ਗੱਡੀਆਂ ਸਕੂਟਰਾਂ ਦਾ ਵਡਾ ਕਾਫਲਾ ਗਿਆ ਇਸ ਤਰੰਗਾ ਯਾਤਰਾ ਚ ਮੱਖਣ ਸਿੰਘ ਖੈਹਰਾ, ਹਰਮੇਸ਼ ਲਸਾੜਾ ਜਿਲਾ ਪ੍ਰੀਸ਼ਦ ਮੈਂਬਰ, ਸਰਪੰਚ ਰੇਸ਼ਮੋਂ, ਲੁਭਾਇਆ ਰਾਮ, ਨੰਬਰਦਾਰ ਪਰਗਣ ਰਾਮ, ਨੰਬਰਦਾਰ ਦਿਆਲ ਪੁਰ ਪ੍ਰੇਮ ਲਾਲ ਢੱਕਮਜਾਰਾ, ਗੁਦਾਵਰ ਸਾਹਨੀ ਸੇਲਕੀਆਣਾ, ਸਰਪੰਚ ਸੁਰਿੰਦਰ ਸਿੰਘ ਰਾਏਪੁਰ ਰਾਂਈਆਂ, ਗੁਰਪ੍ਰੀਤ ਕੋਰ ਬਲਾਕ ਸੰਮਤੀ ਮੈਂਬਰ, ਤੋਂ ਇਲਾਵਾ ਵੱਖ ਵੱਖ ਪਿੰਡਾਂ ਦੇ ਸਰਪੰਚ, ਪੰਚ ਤੇ ਕਾਂਗਰਸੀ ਵਰਕਰ ਆਦਿ ਨੇ ਹਿੱਸਾ ਲਿਆ।

# ਬੰਗਾ ਦੇ ਗੀਤਕਾਰ ਰਾਮ ਸ਼ਰਨ ਜੋਸ਼ੀਲਾ ਦਾ ਸਨਮਾਨ, ਉਹਨਾਂ ਦੇ ਜੱਦੀ ਘਰ ਪੁੱਜੇ ਨਵਜੋਤ ਸਾਹਿਤ ਸੰਸਥਾ ਔੜ ਦੇ ਨੁਮਾਇੰਦੇ



**ਬੰਗਾ, (ਰੇਸ਼ਮ ਕਰਨਾਣਵੀ) –** ਗੀਤਾਂ, ਗ਼ਜ਼ਲਾਂ, ਲੋਕ ਗਾਥਾਵਾਂ, ਟੱਪਿਆਂ ਆਦਿ ਰਾਹੀਂ ਪੰਜਾਬੀਅਤ ਅਤੇ ਵਿਰਸੇ ਦੀ ਤਰਜਮਾਨੀ ਕਰਨ ਵਾਲੇ ਲੇਖਕ ਰਾਮ ਸ਼ਰਨ ਜੋਸ਼ੀਲਾ ਦਾ ਉਹਨਾਂ ਦੇ ਸਥਾਨਕ ਵਾਰਡ ਨੰਬਰ 5, ਸੰਤੋਖ ਨਗਰ 'ਚ ਸਥਿਤ ਜੱਦੀ ਘਰ ਵਿਖੇ ਸਨਮਾਨ ਕੀਤਾ ਗਿਆ। ਇਹ ਉਪਰਾਲਾ ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਕੀਤਾ ਗਿਆ। ਦੱਸਣਯੋਗ ਹੈ ਕਿ ਰਾਮ ਸ਼ਰਨ ਜੋਸ਼ੀਲਾ ਬੀਤੇ ਲੰਬੇ ਅਰਸੇ ਤੋਂ ਸਖ਼ਤ ਬਿਮਾਰ ਹਨ। ਇਹ ਰਸਮ ਨਿਭਾਉਂਦਿਆਂ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰ-ਜੀਤ ਮਜਾਰੀ ਨੇ ਕਿਹਾ ਕਿ ਰਾਮ ਸ਼ਰਨ ਜੋਸ਼ੀਲਾ ਦਾ ਡਗਮਗਾਉਂਦੀ ਆਰਥਿਕਤਾ ਵਿੱਚ ਵੀ ਸੱਤ ਸਮੁੰਦਰੋਂ ਪਾਰ ਤੱਕ ਨਾਮ ਕਮਾਉਣਾ ਵਿਲੱਖਣ ਮਿਸ਼ਾਲ ਹੈ। ਉਹਨਾਂ ਫ਼ਿਲਮੀ ਗਾਇਕਾ ਅਨਵਰ, ਦਿਲਰਾਜ ਕੌਰ, ਮਿਲਨ ਸਿੰਘ, ਰਮੇਸ਼ ਸਿਆਲਕੋਟੀ, ਮੋਹਣੀ ਨਰੂਲਾ, ਸੁਰਿੰਦਰ ਕੋਹਲੀ, ਸੋਦਾਗਰ ਬੇਗ਼ਮਪੁਰੀ, ਕਲੇਰ ਕੰਠ ਵਲੋਂ ਜੋਸ਼ੀਲਾ ਦੇ ਗਾਏ ਗੀਤਾਂ ਦਾ ਜ਼ਿਕਰ ਕੀਤਾ। ਗਾਇਕ ਅਮਰਦੀਪ ਬੰਗਾ ਨੇ ਜੋਸ਼ੀਲਾ ਦੇ ਪੰਜਾਬੀ ਫ਼ਿਲਮ 'ਰਾਣੋ' 'ਚ ਲਿਖੇ ਗੀਤ ਦਾ ਜ਼ਿਕਰ ਕਰਦਿਆਂ ਉਹਨਾਂ ਨੂੰ ਬੰਗਾ ਦਾ ਮਾਣ ਦੱਸਿਆ।

ਬੁਲਾਰਿਆਂ ਨੇ ਇਹ ਵੀ ਉਚੇਚਾ ਜ਼ਿਕਰ ਕੀਤਾ ਕਿ ਰਾਮ ਸ਼ਰਨ ਜੋਸ਼ੀਲਾ ਸਾਹਿਤਕ ਮਹਿਫ਼ਲਾਂ ਦਾ ਸ਼ਿੰਗਾਰ ਬਣੇ ਰਹੇ ਅਤੇ ਅੱਜ ਵੀ ਉਹਨਾਂ ਦੀਆਂ ਲਿਖਤਾਂ ਦੀ ਪੇਸ਼ਕਾਰੀ ਦਾ ਜ਼ਿਕਰ ਹੁੰਦਾ ਹੈ। ਦੱਸਣਯੋਗ ਹੈ ਕਿ ਰਾਮ ਸ਼ਰਨ ਜੋਸ਼ੀਲਾ ਦਾ ਲਿਖਿਆ ਗੀਤ 'ਅੰਬਰਸਰੀਆ ਮੁੰਡਿਆ ਵੇ, ਕੱਚੀਆਂ ਕਲੀਆਂ ਨਾ ਤੋੜ' ਲੋਕ ਗੀਤ ਬਣਿਆ ਹੋਇਆ ਹੈ ਅਤੇ 'ਸੋਹੋ ਰੋਡ ਉੱਤੇ ਤੈਨੂੰ ਲੱਭਦਾ ਰਿਹਾ, ਨੀ ਮੈਂ ਕੰਨਾਂ ਵਿੱਚ ਮੁੰਦਰਾਂ ਪਾ ਕੇ' ਵਲੈਤ ਵਿੱਚ ਰਿਕਾਰਡ ਬਣਾ ਗਿਆ ਸੀ।

ਇਸ ਮੌਕੇ ਰਾਮ ਸ਼ਰਨ ਜੋਸ਼ੀਲਾ ਜੀ ਦੀ ਪਤਨੀ ਪਰਮਿੰਦਰ ਸੱਲ੍ਹਣ, ਬਿੰਦਰ ਮੱਲ੍ਹਾਬੇਦੀਆਂ, ਗੁਰਨਾਮ ਚਾਹਲ ਖੁਰਦ, ਜਸਵੀਰ ਬੇਗ਼ਮਪੁਰੀ, ਰੇਸ਼ਮ ਕਰਨਾਣਵੀ ਆਦਿ ਵੀ ਸ਼ਾਮਲ ਸਨ।

# ਦਲਿਤ ਬੱਚੇ ਦੀ ਕੁੱਟਮਾਰ ਨਾਲ ਮੌਤ ਨੇ ਰਾਜਸਥਾਨ ਦੀ ਸਿਆਸਤ ਗਰਮਾਈ

**ਜਲੌਰ–** ਉਚ ਜਾਤ ਦੇ ਅਧਿਆਪਕ ਦੇ ਪਾਣੀ ਵਾਲੇ ਘੜੇ ਨੂੰ ਹੱਥ ਲਾਉਣ ਤੇ ਜਲੌਰ ਜ਼ਿਲੇ ਦੇ ਸੈਲਾ ਥਾਣਾ ਖੇਤਰ 'ਚ ਨੌ ਸਾਲਾ ਦਲਿਤ ਵਿਦਿਆਰਥੀ ਦੀ ਏਨੀ ਕੁੱਟਮਾਰ ਕੀਤੀ ਗਈ ਕਿ ਬੱਚੇ ਦੀ ਮੌਤ ਹੋ ਗਈ, ਸੈਲਾ ਦੇ ਪਿੰਡ ਸੁਰਾਣਾ ਦੇ ਇੱਕ ਨਿੱਜੀ ਸਕੂਲ ਸਰਸਵਤੀ ਵਿਦਿਆ ਮੰਦਰ ਵਿੱਚ ਤੀਜੀ ਜਮਾਤ ਵਿੱਚ ਪੜ੍ਹਦੀ ਇੰਦਰਾ ਮੇਘਵਾਲ ਅਧਿਆਪਕ ਵੱਲੋਂ ਕੁੱਟਮਾਰ ਤੋਂ ਬਾਅਦ ਬਿਮਾਰ ਹੋ ਗਈ ਸੀ।

ਇਹ ਘਟਨਾ 20 ਜੁਲਾਈ ਨੂੰ 9 ਸਾਲਾ ਮਾਸੂਮ ਨਾਲ ਵਾਪਰੀ ਸੀ। ਇਸ ਤੋਂ ਬਾਅਦ ਇਲਾਜ ਅਧੀਨ ਇੰਦਰਾ ਮੇਘਵਾਲ ਦੀ ਸ਼ਨੀਵਾਰ ਨੂੰ ਅਹਿਮਦਾਬਾਦ 'ਚ ਮੌਤ ਹੋ ਗਈ। ਅਧਿਆਪਕ ਦੀ ਕੁੱਟਮਾਰ ਕਾਰਨ ਮਾਸੂਮ ਦੇ ਕੰਨ ਦੀ ਨਾੜ ਫਟ ਗਈ ਸੀ, ਇਸ ਮਾਮਲੇ ਨੂੰ ਲੈ ਕੇ ਰਾਜਸਥਾਨ 'ਚ ਸਿਆਸਤ ਗਰਮਾ ਗਈ ਹੈ। ਪੂਰੇ ਜਲੌਰ ਜ਼ਿਲ੍ਹੇ ਵਿੱਚ ਇੰਟਰਨੈਟ ਬੰਦ ਕਰ ਦਿੱਤਾ ਗਿਆ ਹੈ ਤਾਂ ਜੋ ਮਾਹੌਲ ਖ਼ਰਾਬ ਨਾ ਹੋਵੇ। ਰਾਜਸਥਾਨ ਸਰਕਾਰ ਨੇ ਮ੍ਰਿਤਕ ਬੱਚੇ ਦੇ ਵਾਰਸਾਂ ਨੂੰ 5 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਅਧਿਆਪਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਲੌਰ ਪੁਲਿਸ ਪ੍ਰਸ਼ਾਸਨ ਸਥਿਤੀ ਨੂੰ ਕਾਬੂ ਵਿਚ ਰੱਖਣ ਲਈ ਪੂਰੀ ਤਰ੍ਹਾਂ ਅਲਰਟ ਮੋਡ 'ਤੇ ਆ ਗਿਆ ਹੈ। ਕੁਲੈਕਟਰ ਅਤੇ ਐਸਪੀ ਸਮੇਤ ਉੱਚ ਅਧਿਕਾਰੀਆਂ ਨੇ ਪਿੰਡ ਦੇ ਨੇੜੇ ਸਥਿਤ ਪੁਲੀਸ ਚੌਕੀ ਵਿੱਚ ਡੇਰੇ ਲਾਏ ਹੋਏ ਹਨ। ਬੱਚੇ ਦੇ ਪਿੰਡ ਅਤੇ ਸੈਲਾ ਵਿੱਚ ਭਾਰੀ ਪੁਲਿਸ ਬਲ ਤਾਇਨਾਤ ਕਰ ਦਿੱਤਾ ਗਿਆ ਹੈ।




ਸੀਐਮ ਅਸ਼ੋਕ ਗਹਿਲੋਤ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕੀਤਾ ਹੈ। ਸੀਐਮ ਗਹਿਲੋਤ ਨੇ ਟਵੀਟ ਕਰਕੇ ਕਿਹਾ ਕਿ ਜਲੌਰ ਦੇ ਸਯਾਲਾ ਥਾਣਾ ਖੇਤਰ ਦੇ ਇੱਕ ਨਿੱਜੀ ਸਕੂਲ ਵਿੱਚ ਅਧਿਆਪਕ ਵੱਲੋਂ ਕੁੱਟਮਾਰ ਕਾਰਨ ਇੱਕ ਵਿਦਿਆਰਥੀ ਦੀ ਮੌਤ ਦੁਖਦ ਹੈ। ਦੋਸ਼ੀ ਅਧਿਆਪਕ ਦੇ ਖਿਲਾਫ ਕਤਲ ਅਤੇ ਂਛ/ਂਠ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਹੈ। ਕੇਸ ਦੀ ਜਲਦੀ ਜਾਂਚ ਅਤੇ ਦੋਸ਼ੀਆਂ ਨੂੰ ਜਲਦ ਤੋਂ ਜਲਦ ਸਜ਼ਾ ਦਿਵਾਉਣ ਲਈ ਕੇਸ ਅਫਸਰ ਸਕੀਮ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੀੜਤ ਪਰਿਵਾਰ ਨੂੰ ਜਲਦ ਤੋਂ ਜਲਦ ਇਨਸਾਫ਼ ਦਿਵਾਇਆ ਜਾਵੇਗਾ। ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਮ੍ਰਿਤਕਾਂ ਦੇ ਵਾਰਸਾਂ ਨੂੰ 5 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਇਸ ਘਟਨਾ ਤੋਂ ਬਾਅਦ ਸਿਆਸੀ ਗਰਮਾ-ਗਰਮੀ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਨੇ ਸੋਮਵਾਰ ਸਵੇਰੇ 5 ਵਜੇ ਤੱਕ ਪੂਰੇ ਜ਼ਿਲ੍ਹੇ ਵਿੱਚ ਇੰਟਰਨੈਟ ਸੇਵਾਵਾਂ ਬੰਦ ਕਰ ਦਿੱਤੀਆਂ ਹਨ। ਵਿਦਿਆਰਥੀ ਦੀ ਕੁੱਟਮਾਰ ਕਰਨ ਵਾਲੇ ਅਧਿਆਪਕ ਚੈਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੂਰੇ ਜ਼ਿਲ੍ਹੇ ਵਿੱਚ ਪੁਲਿਸ ਪ੍ਰਸ਼ਾਸਨ ਨੂੰ ਅਲਰਟ ਕਰ ਦਿੱਤਾ ਗਿਆ ਹੈ। ਸੈਲਾ ਕਸਬੇ ਅਤੇ ਵਿਦਿਆਰਥੀ ਦੇ ਪਿੰਡ ਸੁਰਾਣਾ ਵਿਚ ਭਾਰੀ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਮਾਹੌਲ ਖ਼ਰਾਬ ਨਾ ਹੋਵੇ। ਜ਼ਿਲ੍ਹਾ ਕੁਲੈਕਟਰ ਅਤੇ ਪੁਲਿਸ ਸੁਪਰਡੈਂਟ ਨੇ ਉੱਥੇ ਡੇਰਾ ਲਾਇਆ ਹੋਇਆ ਹੈ।

# ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੰਜਾਬੀ ਫਿਲਮ "ਭਾਈ ਜੀ ਕੁਟਣਗੇ" ਦੀ ਟੀਮ ਨੇ ਟੇਕਿਆ ਮੱਥਾ



**ਅੰਮ੍ਰਿਤਸਰ–** ਪੰਜਾਬੀ ਫਿਲਮ "ਭਾਈ ਜੀ ਕੁਟਣਗੇ" ਦੀ ਚੜਦੀ ਕਲਾ ਦੀ ਅਰਦਾਸ ਲਈ ਅਜ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਉਪਾਸਨਾ ਸਿੰਘ, ਦੇਵ ਖਰੋੜ , ਡਾਇਰੈਕਟਰ ਸਮੀਪ ਕੰਗ ਅਤੇ ਐਕਟਰ ਨਾਨਕ ਸਿੰਘ ਦੇ ਨਾਲ ਸੈਬੀ ਸੂਰੀ ਨਤਮਸਤਕ ਹੋਣ ਲਈ ਪਹੁੰਚੇ।ਜਿਥੇ ਉਹਨਾ ਵਲੋਂ ਗੁਰੂ ਘਰ ਮੱਥਾ ਟੇਕਿਆ ਗਿਆ ਉਥੇ ਹੀ ਉਹਨਾ ਵਲੋਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਫਿਲਮ ਦੀ ਚੜਦੀ ਕਲਾ ਲਈ ਅਰਦਾਸ ਕੀਤੀ ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਇਨਫਰਮੇਸ਼ਨ ਵਿਭਾਗ ਵਲੋਂ ਉਹਨਾ ਨੂੰ ਸਿਰੋਪਾਏ ਭੇਟ ਕਰ ਸਨਮਾਨਿਤ ਵੀ ਕੀਤਾ ਗਿਆ।

# ਵੋਟਰਾਂ ਦੇ ਵੋਟਰ ਕਾਰਡਾਂ ਨੂੰ ਅਧਾਰ ਕਾਰਡ ਨਾਲ ਲਿੰਕ ਕਰਨ ਲਈ ਲਗਾਏ ਜਾ ਰਹੇ ਹਨ ਵਿਸ਼ੇਸ਼ ਕੈਂਪ

**ਪਠਾਨਕੋਟ, 12 ਅਗਸਤ–** ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸ। ਹਰਬੀਰ ਸਿੰਘ ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਪਠਾਨਕੋਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 003 ਪਠਾਨਕੋਟ ਹਲਕੇ ਦੇ ਸਮੂਹ 168 ਪੋਲਿੰਗ ਸਟੇਸ਼ਨਾਂ ਉੱਪਰ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਹ



ਪ੍ਰਗਟਾਵਾ ਸ੍ਰੀ ਕਾਲਾ ਰਾਮ ਕਾਂਸਲ ਉਪ ਮੰਡਲ ਮੈਜਿਸਟਰੇਟ ਪਠਾਨਕੋਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ ਪਠਾਨਕੋਟ ਨੇ ਕੀਤਾ।

ਉਨ੍ਹਾਂ ਕਿਹਾ ਕਿ ਆਮ ਜਨਤਾ ਨੂੰ ਅਪੀਲ ਹੈ ਕਿ ਆਪਣੇ ਪਰਿਵਾਰ ਵਿੱਚ ਸਮੂਚੇ ਵੋਟਰਾਂ ਦੇ ਵੋਟਰ ਕਾਰਡਾਂ ਨੂੰ ਅਧਾਰ ਕਾਰਡ ਨਾਲ ਲਿੰਕ ਕਰਨ ਲਈ ਆਪਣੇ ਪੋਲਿੰਗ ਬੂਥਾਂ ਉੱਪਰ ਜਾ ਕੇ ਮੋਕੇ ਤੇ ਹਾਜਰ ਬੀ।ਐਲ।ਓਜ ਨੂੰ ਅਧਾਰ ਕਾਰਡ ਦੀਆਂ ਫੋਟੋ ਕਾਪੀਆਂ ਦੇ ਕੇ ਲਿੰਕ ਕਰਵਾ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਵੋਟਰ ਆਪਣੇ ਵੋਟਰ ਕਾਰਡ ਨੂੰ ਐਨਵੀਐਸਪੀ ਤੇ ਆਈਡੀ ਬਣਾ ਕੇ ਵੀ ਅਧਾਰ ਕਾਰਡ ਨਾਲ ਲਿੰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਵੋਟਰ ਕਾਰਡਾਂ ਨੂੰ ਅਧਾਰ ਕਾਰਡਾਂ ਨਾਲ ਲਿੰਕ ਕਰਨ ਲਈ ਹਰੇਕ ਮਹੀਨੇ ਲਗਾਏ ਜਾਣ ਵਾਲੇ ਵਿਸੇਸ ਕੈਂਪ ਇਸ ਤਰ੍ਹਾਂ ਨਿਰਧਾਰਤ ਮਿਤਿਆਂ ਨੂੰ ਲਗਾਏ ਜਾਣਗੇ ਜਿਸ ਅਨੁਸਾਰ ਅਗਸਤ 2022 ਵਿੱਚ 20 ਅਗਸਤ (ਸ਼ਨੀਵਾਰ) ਅਤੇ 21ਅਗਸਤ (ਐਤਵਾਰ) ਨੂੰ, ਸਤੰਬਰ 2022 ਵਿੱਚ 3 ਸਤੰਬਰ (ਸ਼ਨੀਵਾਰ), 4 ਸਤੰਬਰ (ਐਤਵਾਰ), 17 ਸਤੰਬਰ (ਸ਼ਨੀਵਾਰ) ਅਤੇ 18 ਸਤੰਬਰ (ਐਤਵਾਰ), ਅਕਤੂਬਰ 2022 ਦੋਰਾਨ 01 ਅਕਤੂਬਰ (ਸ਼ਨੀਵਾਰ),02 ਅਕਤੂਬਰ (ਐਤਵਾਰ), 22 ਅਕਤੂਬਰ (ਸ਼ਨੀਵਾਰ) ਅਤੇ 23 ਅਕਤੂਬਰ (ਐਤਵਾਰ), ਨਵੰਬਰ 2022 ਦੋਰਾਨ 05 ਨਵੰਬਰ (ਸ਼ਨੀਵਾਰ) ਅਤੇ 06 ਨਵੰਬਰ (ਐਤਵਾਰ) ਨੂੰ ਲਗਾਏ ਜਾਣਗੇ।

# ਆਪ ਸਰਕਾਰ ਦੇ ਲੋਕਾਂ ਦੇ ਰਕਸ਼ਕ ਬਣੇ, ਲੋਕਾਂ ਦੇ ਭਕਸ਼ਕ: ਜੀਵਨ ਗੁਪਤਾ

**ਚੰਡੀਗੜ੍ਹ–** ਪਿਛਲੇ ਦਿਨੀਂ ਭਗਵੰਤ ਮਾਨ ਸਰਕਾਰ ਦੇ ਵਿਧਾਨ ਸਭਾ ਸਪੀਕਰ ਕੁਲਤਾਰ ਸੰਧਵਾ ਦੀ ਗੱਡੀ ਨੂੰ ਅੰਮ੍ਰਿਤਸਰ ਦੇ ਡਬੁਰਜੀ 'ਚ ਸੜਕ 'ਤੇ ਚੱਲ ਰਹੇ ਨਿਰਮਾਣ ਕਾਰਜ ਕਾਰਨ ਇਕ ਲੇਨ 'ਚ ਚੱਲ ਰਹੇ ਟਰੱਕ ਡਰਾਈਵਰ ਵਲੋਂ ਰਸਤਾ ਨਾ ਦਿੱਤੇ ਜਾਣ 'ਤੇ ਕੁਲਤਾਰ ਸੰਧਵਾ, ਉਸਦੇ ਸਾਥੀਆਂ ਅਤੇ ਗਨਮੈਨਾਂ ਵਲੋਂ ਡਰਾਈਵਰ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੇ ਮਾਮਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਭਾਜਪਾ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਕਿਹਾ ਕਿ ਪੰਜਾਬ 'ਚ ਸਰਕਾਰ ਬਣਦਿਆਂ ਹੀ ਭਗਵੰਤ ਮਾਨ ਸਰਕਾਰ ਦੇ ਵਿਧਾਇਕਾਂ ਨੇ ਆਪਣਾ ਹੇਕੜੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ। ਜੀਵਨ ਗੁਪਤਾ ਨੇ ਕਿਹਾ ਕਿ ਜਦੋਂ ਲੋਕਾਂ ਦੇ ਰਕਸ਼ਕ ਹੀ ਲੋਕਾਂ ਦੇ ਭਕ੍ਸ਼ਕ ਬਣ ਜਾਵੇ ਤਾਂ ਆਮ ਜਨਤਾ ਕਿੱਥੇ ਜਾਵੇ?

ਜੀਵਨ ਗੁਪਤਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ 'ਆਪ' ਦੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨਾਲ ਦੁਰਵਿਵਹਾਰ ਕੀਤਾ ਜਾ ਚੁੱਕਾ ਹੈ। ਪਿਛਲੇ ਦਿਨੀਂ ਦਸੂਹਾ ਦੇ 'ਆਪ' ਵਿਧਾਇਕ ਕਰਮਵੀਰ ਸਿੰਘ ਘੁੰਮਣ ਵੱਲੋਂ ਆਪਣੇ ਸਾਥੀਆਂ ਅਤੇ ਅੰਗ ਰੱਖਿਅਕਾਂ ਸਮੇਤ ਚੌਲਾਂਗ ਟੋਲ ਪਲਾਜ਼ਾ 'ਤੇ ਉਥੇ ਕੰਮ ਕਰਦੇ ਮੁਲਾਜ਼ਮਾਂ ਨਾਲ ਕੀਤੇ ਗਏ ਗੁੰਡਾਗਰਦੀ ਦੇ ਨੰਗੇ ਨਾਚ ਤੋਂ ਹਰ ਕੋਈ ਜਾਣੂ ਹੈ। ਦੂਜੇ ਪਾਸੇ ਬਾਬਾ ਬਕਾਲਾ ਦੇ 'ਆਪ' ਵਿਧਾਇਕ ਦਲਬੀਰ ਸਿੰਘ ਵੱਲੋਂ ਸਰਕਾਰ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਬਿਨਾਂ ਨਿਲਾਮੀ ਤੋਂ ਹੀ ਆਪਣੀ ਗੱਡੀ 'ਤੇ ਵੀ।ਆਈ।ਪੀ ਨੰਬਰ ਲਗਾ ਕੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਜਦਕਿ ਜਨਤਾ



ਨੂੰ ਸਾਫ਼ ਤੌਰ 'ਤੇ ਇਹ ਕਿਹਾ ਜਾ ਰਿਹਾ ਹੈ ਕਿ ਉਹਨਾਂ ਨੂੰ ਹੁਣ ਕਿਸੇ ਦਾ ਡਰ ਨਹੀਂ ਹੈ। ਧਿਆਨ ਰਹੇ ਕਿ ਵੀਆਈਪੀ ਨੰਬਰ ਦੀ ਨਿਲਾਮੀ ਸਰਕਾਰੀ ਵਿਭਾਗ ਵੱਲੋਂ ਕੀਤੀ ਜਾਂਦੀ ਹੈ ਅਤੇ ਜੋ ਵਿਅਕਤੀ ਵੀਆਈਪੀ ਨੰਬਰ ਲਈ ਸਭ ਤੋਂ ਵੱਧ ਬੋਲੀ ਲਗਾਉਂਦਾ ਹੈ, ਉਹ ਆਦਮੀ ਉਹ ਨੰਬਰ ਆਪਣੀ ਕਾਰ ਲਈ ਖਰੀਦਦਾ ਹੈ। ਪਰ ਬਾਬਾ ਬਕਾਲਾ ਦੇ 'ਆਪ' ਵਿਧਾਇਕ ਦਲਬੀਰ ਸਿੰਘ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ।

ਜੀਵਨ ਗੁਪਤਾ ਨੇ ਕਿਹਾ ਕਿ ਇਹ ਹਾਲਤ ਸਿਰਫ਼ 'ਆਪ' ਵਿਧਾਇਕਾਂ ਜਾਂ ਉਨ੍ਹਾਂ ਦੇ ਮੰਤਰੀਆਂ ਦੇ ਹੀ ਨਹੀਂ ਹਨ, ਬਲਕਿ ਉਨ੍ਹਾਂ ਦੇ ਆਗੂ ਵੀ ਕਿਸੇ ਤੋਂ ਘੱਟ ਨਹੀਂ ਹਨ।

ਇਨ੍ਹਾਂ ਦੇ ਆਗੂ ਟਰੱਕ ਯੂਨੀਅਨਾਂ ਅਤੇ ਜ਼ਮੀਨਾਂ 'ਤੇ ਕਬਜ਼ਾ ਕਰ ਰਹੇ ਹਨ। 'ਆਪ' ਆਗੂ ਆਪਣੇ ਕਾਰਨਾਮਿਆਂ 'ਤੇ ਬਿਲਕੁਲ ਵੀ ਸ਼ਰਮਸਾਰ ਨਹੀਂ ਹਨ। 'ਆਪ' ਵਿਧਾਇਕਾਂ ਅਤੇ 'ਆਪ' ਆਗੂਆਂ ਦੇ ਕਾਰਨਾਮਿਆਂ 'ਤੇ ਅੱਜ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਾਂ ਕੇਜਰੀਵਾਲ ਦੇ ਮੂੰਹੋਂ ਇੱਕ ਸ਼ਬਦ ਵੀ ਨਹੀਂ ਨਿਕਲਿਆ। ਉਲਟਾ ਪੰਜਾਬ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਲੋਂ ਵਾਈਸ ਚਾਂਸਲਰ ਡਾ: ਰਾਜ ਬਹਾਦਰ ਦੇ ਨਾਲ ਕੀਤੇ ਗਏ ਦੁਰਵਿਵਹਾਰ ਤੋਂ ਨਾਰਾਜ਼ ਵਾਈਸ ਚਾਂਸਲਰ ਡਾ: ਰਾਜ ਬਹਾਦਰ ਵੱਲੋਂ ਅਸਤੀਫਾ ਦੇਣ ਮਗਰੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਮੰਤਰੀ ਨੂੰ ਬਚਾਉਣ ਲਈ ਇੱਕ ਬਹੁਤ ਹੀ ਹੋਨਹਾਰ ਸੀਨੀਅਰ ਡਾਕਟਰ ਦੀ ਬਲੀ ਦੇ ਦਿੱਤੀ ਹੈ।

ਜੀਵਨ ਗੁਪਤਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਆਗੂ ਲੋਕਾਂ ਦੇ ਰਕਸ਼ਕ ਨਹੀਂ ਬਲਕਿ ਭਕ੍ਸ਼ਕ ਬਣਦੇ ਜਾ ਰਹੇ ਹਨ। ਅਸਲ ਵਿੱਚ ਸੱਤਾ ਦਾ ਨਸ਼ਾ ਆਮ ਆਦਮੀ ਪਾਰਟੀ ਦੇ ਆਗੂਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ।

# ਚੇਤਨਾ ਸਮਾਗਮ ਵਜੋਂ ਮਨਾਇਆ ਬੱਚੀ ਦਾ ਜਨਮ ਦਿਨ ਸਮਾਜ ਸੇਵੀ ਦੇ ਸਮਾਜਿਕ ਉਪਰਾਲੇ ਦੀ ਸ਼ਲਾਘਾ

**ਬੰਗਾ, (ਸੁਰਜੀਤ ਮਜਾਰੀ)** ਇਥੋਂ ਦੀ ਪੰਚਾਇਤ ਸੰਮਤੀ ਦੇ ਸਾਬਕਾ ਚੇਅਰਮੈਨ ਇੰਜ ਹਰਮੇਸ਼ ਵਿਰਦੀ ਨੇ ਆਪਣੀ ਪੋਤੀ ਦਾ ਪਹਿਲਾ ਜਨਮ ਦਿਨ 'ਚੇਤਨਾ ਸਮਾਗਮ' ਵਜੋਂ ਮਨਾਇਆ। ਉਹਨਾਂ ਇਸ ਸਮਾਗਮ ਦੇ ਮੰਤਵ ਬਾਰੇ ਦੱਸਿਆ ਕਿ ਧੀਆਂ ਪਰਿਵਾਰ ਅਤੇ ਸਮਾਜ ਦਾ ਮਾਣ ਹਨ ਜਿਹਨਾਂ ਦੀ ਮਾਨਤਾ ਨਾਲ ਜਨ ਜੀਵਨ ਦੀਆਂ ਸਥਾਪਤੀਆਂ 'ਚ ਚੋਖਾ ਵਾਧਾ ਹੁੰਦਾ ਹੈ। ਸਮਾਗਮ 'ਚ ਇੱਥੋਂ ਦੇ ਉਪ ਪੁਲਿਸ ਕਪਤਾਨ ਸਰਵਨ ਸਿੰਘ ਬੱਲ ਅਤੇ ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ ਨੇ ਮਹਿਲਾਵਾਂ ਦਾ ਪਿੰਡ ਤੋਂ ਲੈ ਕੇ ਕੇਂਦਰ ਤੱਕ ਪੱਦਵੀਆਂ ਹਾਸਲ ਕਰਨਾ ਅਤੇ ਖੋਜ ਭਰਪੂਰ ਕਰਜਾਂ 'ਚ ਮੋਹਰੀ ਭੂਮਿਕਾ ਨਿਭਾਉਣਾ ਵਿਲੱਖਣ ਉਦਾਹਰਣ ਹੈ। ਉਪਰੰਤ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀ ਝਿੱਕੀ, ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਦਿਨੇਸ਼ ਕੁਮਾਰ ਅਤੇ ਪ੍ਰੈਸ ਕਲੱਬ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਨੇ ਵੀ ਸ਼ੁੱਭ ਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਬੱਚੀ ਅਨਾਇਸ਼ਾ ਦਾ ਜਨਮ ਦਿਨ ਚੇਤਨਾ ਸਮਾਗਮ ਵਜੋਂ ਮਨਾ ਕੇ ਪ੍ਰੇਰਕ ਪਿਰਤ ਪਾਈ ਹੈ। ਇਸ ਮੌਕੇ ਅਨਾਇਸ਼ਾ ਦੇ ਪਿਤਾ ਇੰਜ ਪੰਕਜ਼ ਵਿਰਦੀ, ਮਾਤਾ ਇੰਜ। ਮਲਿਕਾ ਵਿਰਦੀ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਵੀਨ ਵਿਰਦੀ, ਜੋਗਿੰਦਰ ਕੌਰ ਮੱਲ, ਰੌਸ਼ਨ ਲਾਲ ਮੱਲ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ , ਬਲਵਿੰਦਰ ਬੋਬੀ, ਮਾਸਟਰ ਸ਼ਿੰਗਾਰਾ ਰਾਮ, ਹਰਜਿੰਦਰ ਲੱਧੜ੍ਹ, ਵਿਵੇਕ ਬੇਦੀ, ਜੋਗਿੰਦਰ ਸਿੰਘ ਯੂਕੇ, ਚਰਨਜੀਤ, ਜੋਗ ਰਾਜ, ਨਰਿੰਦਰ ਵਿਰਦੀ ਆਦਿ ਸ਼ਾਮਲ ਸਨ। ਇਸ ਮੌਕੇ ਅਨਾਇਸ਼ਾ ਦੇ ਦਾਦਕੇ ਤੇ ਨਾਨਕੇ ਪਰਿਵਾਰ ਦੇ ਹਾਜ਼ਰ ਮੈਂਬਰਾਂ ਨੇ ਉਕਤ ਕਾਰਜ ਨੂੰ ਧੰਨਭਾਗ ਦੱਸਿਆ।

# ਡਾ: ਰਾਜ ਬਹਾਦਰ ਦੀ ਬਲੀ ਦੇ ਕੇ ਭਗਵੰਤ ਮਾਨ ਨੇ ਆਪਣੇ ਮੰਤਰੀ ਨੂੰ ਬਚਾਇਆ: ਅਸ਼ਵਨੀ ਸ਼ਰਮਾ

**ਚੰਡੀਗੜ੍ਹ–** ਭਗਵੰਤ ਮਾਨ ਸਰਕਾਰ ਦੇ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਲੋਂ ਵਾਈਸ ਚਾਂਸਲਰ ਡਾ: ਰਾਜ ਬਹਾਦਰ ਨਾਲ ਦੇ ਕੀਤੇ ਗਏ ਦੁਰਵਿਵਹਾਰ ਤੋਂ ਨਾਰਾਜ਼ ਉਪ ਕੁਲਪਤੀ ਡਾ: ਰਾਜ ਬਹਾਦਰ ਵੱਲੋਂ ਦਿੱਤੇ ਅਸਤੀਫ਼ੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪ੍ਰਵਾਨ ਕਰ ਲੈਣ ਦੀ ਕਾਰਵਾਈ 'ਤੇ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਪਣੇ ਮੰਤਰੀ ਨੂੰ ਬਚਾਉਣ ਲਈ ਇੱਕ ਬਹੁਤ ਹੀ ਹੋਨਹਾਰ ਡਾਕਟਰ ਦੀ ਬਲੀ ਦੇ ਦਿੱਤੀ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੌਸਿਖਿਆਂ ਦੀ ਸਰਕਾਰ ਹੈ। ਇਨ੍ਹਾਂ ਲੋਕਾਂ ਨੂੰ ਨਾ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲ ਕਰਨ ਦਾ ਸਲੀਕਾ ਹੈ ਅਤੇ ਨਾ ਹੀ ਇਹ ਜਾਣਦੇ ਹਨ ਕਿ ਅਜਿਹੇ ਵੱਡੇ ਅਫ਼ਸਰਾਂ ਨਾਲ ਕਿਵੇਂ ਵਿਵਹਾਰ ਕਰਨਾ ਹੈ।

ਦੱਸਣਯੋਗ ਹੈ ਕਿ ਪਹਿਲਾਂ ਮਾਨ ਸਰਕਾਰ ਦੀ ਇੱਕ ਮੰਤਰੀ ਆਪਣੀ ਧੌਂਸ ਦਿਖਾਉਂਦੇ ਹੋਏ ਪ੍ਰਸ਼ਾਸਨਿਕ ਅਧਿਕਾਰੀ ਦੀ ਕੁਰਸੀ 'ਤੇ ਬੈਠ ਗਈ, ਜਿਸ ਤੋਂ ਬਾਅਦ ਉਨ੍ਹਾਂ ਦੇ ਮੰਤਰੀਆਂ ਨੇ ਪਹਿਲਾਂ ਜਲੰਧਰ ਅਤੇ ਫਿਰ ਲੁਧਿਆਣਾ 'ਚ ਅਧਿਕਾਰੀਆਂ ਨਾਲ ਧੱਕਾ-ਮੁੱਕੀ ਕੀਤੀ ਅਤੇ ਗਾਲੀ-ਗਲੋਚ ਕੀਤਾ। ਭਗਵੰਤ ਮਾਨ ਸਰਕਾਰ ਦੇ ਆਪਣੇ ਹੀ ਆਗੂ ਟਰੱਕ ਯੂਨੀਅਨਾਂ ਤੇ ਕਬਜੇ ਕਰਦੇ ਫਿਰਦੇ ਹਨ ਅਤੇ ਜ਼ਮੀਨਾਂ 'ਤੇ ਕਬਜ਼ੇ ਕਰਦੇ ਫਿਰਦੇ ਹਨ। ਪਰ ਅੱਜ ਤੱਕ ਮੁੱਖ ਮੰਤਰੀ ਭਗਵੰਤ ਮਾਨ ਜਾਂ ਕੇਜਰੀਵਾਲ ਦੇ ਮੂੰਹੋਂ ਉਨ੍ਹਾਂ ਦੇ ਮੰਤਰੀਆਂ ਖਿਲਾਫ ਇੱਕ ਵੀ ਸ਼ਬਦ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਤੇ ਕੇਜਰੀਵਾਲ ਤੇ ਹੁਣ ਰਾਘਵ ਚੱਢਾ ਮਿਲ ਕੇ ਪੰਜਾਬ ਦਾ ਬੇੜਾ ਗਰਕ ਕਰਨ 'ਤੇ ਤੁਲੇ ਹੋਏ ਹਨ। ਅਸ਼ਵਨੀ ਸਰਮਾ ਨੇ ਕਿਹਾ ਕਿ ਜੇਕਰ ਮਾਨ ਸਰਕਾਰ ਦੇ ਆਗੂਆਂ ਦਾ ਇਹੋ ਜਿਹਾ ਹੀ ਵਤੀਰਾ ਰਿਹਾ ਤਾਂ ਬਹੁਤ ਜਲਦ ਪੰਜਾਬ ਦੇ ਸਾਰੇ ਵਿਭਾਗ ਬਿਨਾਂ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਚੱਲਣਗੇ ਅਤੇ ਅਜਿਹੇ 'ਚ ਪੰਜਾਬ ਦਾ ਕੀ ਹਾਲ ਹੋਵੇਗਾ, ਇਹ ਸੋਚ ਕੇ ਵੀ ਡਰ ਲੱਗਦਾ ਹੈ।

# ਭਗਵਾਨ ਵਾਲਮੀਕਿ ਮੰਦਿਰ ਮੋਤੀ ਰਾਮ ਹਾਥੀ ਗੇਟ (ਅੰਮ੍ਰਿਤਸਰ) ਵਿਖੇ ਭਗਵਾਨ ਵਾਲਮੀਕੀ ਸਤਸੰਗ ਕਰਵਾਇਆ ਗਿਆ





ਭਗਵਾਨ ਵਾਲਮੀਕਿ ਮੰਦਿਰ ਅੰਦਰੂਨ ਕਟਰਾ ਮੋਤੀ ਰਾਮ ਹਾਥੀ ਗੇਟ (ਅੰਮ੍ਰਿਤਸਰ) ਵਿਖੇ ਭਗਵਾਨ ਵਾਲਮੀਕੀ ਸਤਸੰਗ ਕਰਵਾਇਆ ਗਿਆ। ਸਤਸੰਗ ਵਿਚ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਭਜਨ ਗਾਏ ਗਏ ਅਤੇ ਨਾਲ ਹੀ ਵਾਲਮੀਕੀ ਧਰਮ ਨੂੰ ਘਰ-ਘਰ ਪਹੁੰਚਾਉਣ ਲਈ ਸਤਸੰਗਾਂ ਦਾ ਜ਼ਿਆਦਾ ਤੋਂ ਜ਼ਿਆਦਾ ਮੁਹੱਲਿਆਂ ਅਤੇ ਸ਼ਹਿਰਾਂ ਕਸਬਿਆਂ ਵਿਚ ਕਰਵਾਉਣ ਦੇ ਵਿਚਾਰ ਕੀਤੇ ਗਏ ਇਸ ਮੌਕੇ ਅਤੇ ਵਿਸ਼ੇਸ਼ ਤੌਰ ਤੇ ਸਰਵਣ ਕੁਮਾਰ ਪਹੁੰਚੇ ਭਗਵਾਨ ਵਾਲਮੀਕਿ ਮੰਦਿਰ ਪ੍ਰਧਾਨ ਸ਼ਿਵਮ ਚੌਧਰੀ ਮਾਸਟਰ ਪਾਲੀ ਤੇ ਬਹੁਤ ਸਾਰੇ ਸਾਥੀ ਮੌਜੂਦ ਰਹੇ। **(ਤਸਵੀਰਾਂ ਅਤੇ ਵੇਰਵਾ -ਜਸਪਾਲ ਆਜ਼ਾਦ)**

# ਤਿਆਰੀਆਂ ਮੁਕੰਮਲ: ਖੁੱਲ੍ਹੇਗਾ ਪ੍ਰਵਾਸੀਆਂ ਦਾ ਵੀ ਕਲੀਨਿਕ



ਸਿਹਤ ਮੰਤਰੀ ਸ ਚੇਤਨ ਸਿੰਘ ਜੌੜਾਮਾਜਰਾ ਅਤੇ ਡਿਪਟੀ ਸਪੀਕਰ ਸ ਜੈ ਕ੍ਰਿਸ਼ਨ ਸਿੰਘ ਰੌੜੀ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਪੰਜਾਬ ਸਰਕਾਰ ਵੱਲੋਂ ਕੱਲ੍ਹ ਆਜ਼ਾਦੀ ਦਿਵਸ ਦੇ 75ਵੇਂ ਮਹਾਂਉਤਸਵਾਂ ਦੀ ਸੰਪੂਰਨਤਾ ਉਤੇ ਪੰਜਾਬ ਦੇ ਵਿਚ 75 ਤੋਂ ਵੱਧ 'ਆਮ ਆਦਮੀ ਕਲੀਨਿਕ' ਖੋਲ੍ਹੇ ਜਾ ਰਹੇ ਹਨ। ਇਹ ਕਲੀਨਿਕ ਜਿੱਥੇ ਪਹਿਲਾਂ ਤੋਂ ਮੌਜੂਦ ਸੇਵਾ ਕੇਂਦਰਾਂ ਦੇ ਵਿਚ ਖੋਲ੍ਹੇ ਜਾ ਰਹੇ ਹਨ ਉਥੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਅਧੀਨ ਆਉਂਦੇ ਪਿੰਡ ਬਸਿਆਲਾ ਵਿਖੇ ਵੀ ਪ੍ਰਵਾਸੀਆਂ (ਸਵ। ਕਰਤਾਰ ਸਿੰਘ ਚੰਡੀਗੜ੍ਹ ਵਾਲਿਆਂ ਦੇ ਸਪੁੱਤਰ ਸ ਬਹਾਦਰ ਸਿੰਘ ਅਤੇ ਬਾਕੀ ਭੈਣ ਭਰਾਵਾਂ) ਦੀ ਮਦਦ ਨਾਲ ਉਸਾਰੀ ਗਈ ਨਵੀਂ ਆਧੁਨਿਕ ਇਮਾਰਤ ਦੇ ਵਿਚ 'ਆਮ ਆਦਮੀ ਕਲੀਨਿਕ' ਕੱਲ੍ਹ 15 ਅਗਸਤ ਦਿਨ ਸੋਮਵਾਰ ਨੂੰ ਖੋਲ੍ਹਿਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਸਿਹਤ ਮੰਤਰੀ ਪੰਜਾਬ ਸ। ਚੇਤਨ ਸਿੰਘ ਜੌੜਾਮਾਜਰਾ ਹੋਰਾਂ ਨੇ ਖੁਦ ਸ਼ਾਮ 3 ਵਜੇ ਕਰਨ ਆਉਣਾ ਹੈ। ਇਸ ਉਦਘਾਟਨੀ ਸਮਾਰੋਹ ਦੇ ਵਿਚ ਵਿਸ਼ੇਸ਼ ਮਹਿਮਾਨ ਦੇ ਤੌਰ ਉਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਹਲਕਾ ਵਿਧਾਇਕ ਗੜ੍ਹਸ਼ੰਕਰ ਸ। ਜੈ ਕ੍ਰਿਸ਼ਨ ਸਿੰਘ ਰੌੜੀ ਵੀ ਪਹੁੰਚ ਰਹੇ ਹਨ। ਇਸ ਤੋਂ ਪਹਿਲਾਂ ਇਨ੍ਹਾਂ ਸਖਸ਼ੀਅਤਾਂ ਨੇ ਕ੍ਰਮਵਾਰ ਬਰਨਾਲਾ ਅਤੇ ਅੰਮ੍ਰਿਤਸਰ ਵਿਖੇ ਆਜਾਦੀ ਦਿਵਸ ਸਬੰਧੀ ਜਸ਼ਨਾਂ ਦੇ ਵਿਚ ਸ਼ਾਮਿਲ ਹੋਣਾ ਹੈ। ਨਗਰ ਨਿਵਾਸੀਆਂ ਅਤੇ ਇਲਾਕਾ ਨਿਵਾਸੀਆਂ ਨੂੰ ਇਸ ਹਸਪਤਾਲ ਦੀ ਬਹੁਤ ਖੁਸ਼ੀ ਹੈ ਤੇ ਇਸ ਪਿੰਡ ਦੇ ਵਿਚ ਵਿਆਹ ਵਰਗਾ ਮਾਹੌਲ 13 ਅਗਸਤ ਤੋਂ ਹੀ ਇਕ ਧਾਰਮਿਕ ਸਮਾਗਮ ਬਾਅਦ ਬਣਿਆ ਹੋਇਆ ਹੈ। ਨਗਰ ਦੇ ਵਿਕਾਸ ਲਈ ਕੰਮ ਕਰ ਰਹੀ ਨਗਰ ਪੰਚਾਇਤ, ਨਗਰ ਦੇ ਲੋਕ ਅਤੇ 'ਬਸਿਆਲਾ ਐਨ। ਆਰ। ਵੈਲਫੇਅਰ ਸੁਸਾਇਟੀ' ਦੇ ਵਿਦੇਸ਼ੀਂ ਵਸਦੇ ਸਾਰੇ ਮੈਂਬਰ ਅਤੇ ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ ਪੰਜਾਬ ਆਏ ਹੋਏ ਸ।




ਹਰਜਿੰਦਰ ਸਿੰਘ ਬਸਿਆਲਾ ਨਿਊਜ਼ੀਲੈਂਡ ਵੀ ਬੜੀ ਉਤ-ਸੁਕਤਾ ਦੇ ਨਾਲ ਪਿੰਡ ਦੇ ਵਿਚ ਸ਼ੁਰੂ ਹੋਣ ਜਾ ਰਹੀ ਸਿਹਤ ਸਹੂਲਤ ਲਈ ਖੁਸ਼ੀ ਮਹਿਸੂਸ ਕਰ ਰਹੇ ਹਨ। ਸਿਹਤ ਵਿਭਾਗ ਵੱਲੋਂ ਲੌੜੀਂਦਾ ਸਟਾਫ, ਜਰੂਰੀ ਤਕਨੀਕੀ ਯੰਤਰ, ਫਰਨੀਚਰ, ਦਵਾਈਆਂ ਅਤੇ ਲੈਬ ਟੈਸਟ ਦਾ ਸਾਰਾ ਸਾਮਾਨ ਪਹੁੰਚ ਗਿਆ ਹੈ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਚ 5 ਅਜਿਹੇ ਕਲੀ-ਨਿਕ ਸ਼ਹਿਰਾਂ ਦੇ ਵਿਚ ਹਨ ਅਤੇ ਤਿੰਨ ਪਿੰਡਾਂ ਦੇ ਵਿਚ ਹਨ। ਜ਼ਿਲ੍ਹੇ ਦਾ ਇਹ ਪਹਿਲਾ ਆਮ ਆਦਮੀ ਕਲੀਨਿਕ ਹੋਵੇਗਾ ਜੋ ਅਮਰੀਕਾ ਰਹਿੰਦੇ ਪ੍ਰਵਾਸੀ ਪਰਿਵਾਰ ਨੇ ਆਪਣੇ ਲੱਖਾਂ ਰੁਪਏ ਖਰਚ ਕੇ ਹਸਪਤਾਲ ਮਾਡਲ ਦੀ ਤਰਜ਼ ਉਤੇ ਬਣਾਈ ਇਮਾਰਤ ਦੇ ਵਿਚ ਸਥਾਪਿਤ ਕਰਵਾਇਆ ਹੈ। ਉਦਘਾਟਨੀ ਸਮਾਰੋਹ ਦੀਆਂ ਤਿਆਰੀਆਂ ਮੁਕੰਮਲ ਹਨ ਅਤੇ ਪਿੰਡਾਂ ਦੇ ਵਿਚ ਸਿਹਤ ਸਹੂਲਤਾਂ ਸਬੰਧੀ ਇਕ ਨਵਾਂ ਅਧਿਆਏ ਸ਼ੁਰੂ ਹੋਣ ਦੀ

# ਐਲਕ ਗਰੋਵ, ਸੈਕਰਾਮੈਂਟੋ ਤੀਆਂ ਮੇਲੇ 'ਚ ਬੀਬੀਆਂ ਦੇ ਭਾਰੀ ਇਕੱਠ 'ਚ ਪੰਜਾਬੀ ਸਭਿਆਚਾਰ ਨਾਲ ਸਬੰਧਿਤ ਚੀਜਾਂ ਨੇ ਧਿਆਨ ਖਿਚਿਆ




**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਇਸ ਵੇਰਾਂ ਵੀ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ 15ਵਾਂ ਸਾਲਾਨਾ ਤੀਆਂ ਦਾ ਮੇਲਾ 'ਤੀਆਂ ਤੀਜ ਦੀਆਂ' ਐਲਕ ਗਰੋਵ ਰਿਜਨਲ ਪਾਰਕ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਨੇ ਇਨ੍ਹਾਂ ਤੀਆਂ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਪ੍ਰਬੰਧਕਾਂ ਵੱਲੋਂ ਸਟੇਜ ਨੂੰ ਚਰਖੇ, ਪੱਖੀਆਂ, ਛੱਜ, ਢੋਲ, ਫੁਲਕਾਰੀਆਂ, ਬਾਜ, ਮੰਜੇ, ਦਰੀਆਂ, ਗਾਗਰਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੱਭਿਆਚਾਰਕ ਵਸਤੂਆਂ ਨਾਲ ਸਜਾਇਆ ਗਿਆ ਸੀ। ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ ਵਿਚ ਦਰੱਖਤਾਂ ਦੀ ਛਾਂ ਹੇਠ ਲੱ-ਗੀਆਂ ਇਨ੍ਹਾਂ ਤੀਆਂ ਵਿਚ ਬੀਬੀਆਂ ਰੰਗ-ਬਿਰੰਗੀਆਂ ਪੌਸ਼ਾਕਾਂ ਪਾ ਕੇ ਪਹੁੰਚੀਆਂ। ਇਨ੍ਹਾਂ ਤੀਆਂ ਦੇ ਮੇਲੇ ਵਿਚ 52 ਬੂਥ ਲੱਗੇ ਹੋਏ ਸਨ, ਜਿੱਥੋਂ ਬੀਬੀਆਂ ਨੇ ਕੱਪੜੇ, ਪੰਜਾਬੀ ਜੁੱਤੀਆਂ, ਗਹਿਣੇ, ਪਰਾਂਦੇ, ਫੁਲਕਾਰੀਆਂ ਆਦਿ ਦੀ ਖਰੀਦੋ-ਫਰੋਖਤ ਕੀਤੀ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਬੀਬੀਆਂ ਦੀਆਂ ਲੰਮੀਆਂ ਲਾਇਨਾਂ ਦੇਖਣ ਨੂੰ ਮਿਲੀਆਂ। ਪੰਜਾਬ ਵਾਂਗ ਇਥੇ ਦਰੱਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਇਕ ਵੱਖਰਾ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਸਮਾਗਮ ਦੀ ਸ਼ੁਰੂਆਤ ਵਿਚ ਇਨ੍ਹਾਂ ਤੀਆਂ ਦੀ ਆਰਗੇਨਾਈਜ਼ਰ ਪਿੰਕੀ ਰੰਧਾਵਾ ਨੇ ਸਮੂਹ ਆਏ ਹੋਏ ਦਰਸ਼ਕਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਇਸ ਤੋਂ ਬਾਅਦ ਬੀਬੀਆਂ ਨੇ ਸਟੇਜ ਤੋਂ ਸੁਹਾਗ, ਘੋੜੀਆਂ, ਟੱਪੇ ਆਦਿ ਗਾ ਕੇ ਤੀਆਂ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਗਿੱਧਾ, ਬੋਲੀਆਂ, ਗੀਤ-ਸੰਗੀਤ, ਸਕਿੱਟਾਂ, ਡੀਜੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਤਬੀਰ ਸਿੰਘ ਬਾਜਵਾ ਅਤੇ ਪਰਮਜੀਤ ਕੌਰ ਬਾਜਵਾ ਵੱਲੋਂ ਛਬੀਲ ਦੀ ਸੇਵਾ ਕੀਤੀ ਗਈ। ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਨੇ ਸਿਟੀ ਵੱਲੋਂ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਨੂੰ ਰੈਕੋਗਨੀਸ਼ਨ ਸਰਟੀਫਿਕੇਟ ਭੇਂਟ ਕੀਤਾ। ਹੋਰਨਾਂ ਅਮਰੀਕੀਆਂ ਆਗੂਆਂ ਵਿਚ ਡਿਸਟ੍ਰਿਕ ਅਟਾਰਨੀ ਥੀਨ ਹੋ, ਸੈਕਰਾਮੈਂਟੋ ਦੀ ਵਾਈਸ ਮੇਅਰ ਐਂਜਲੀਕ ਐਸ਼ਬੀ, ਕੌਂਸਲ ਮੈਂਬਰ ਕੈਵਿਨ ਸਪੀਸ, ਕੌਂਸਲ ਮੈਂਬਰ ਪੈਟ ਹਿਊਮ, ਸੀਐਸਡੀ ਡਾਇਰੈਕਟਰ ਰਾਡ ਬ-ਰਊਅਰ, ਐਂਜਿਲਾ ਸਪੀਸ, ਲੀਸਾ ਕੈਪਲੀਨ ਅਤੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਇਨ੍ਹਾਂ ਤੀਆਂ ਵਿਚ ਆਪਣੀ ਹਾਜ਼ਰੀ ਲਵਾਉਣ ਲਈ ਪਹੁੰਚੇ। ਇਸ ਵਾਰ 150 ਤੋਂ ਵੱਧ ਕਲਾਕਾਰਾਂ ਨੇ ਸਟੇਜ ਤੋਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਵੱਲੋਂ ਇਨ੍ਹਾਂ ਕਲਾਕਾਰਾਂ ਨੂੰ ਸੱਭਿਆਚਾਰਕ ਵਸਤੂਆਂ ਫੁਲਕਾਰੀਆਂ, ਗਹਿਣੇ ਅਤੇ ਪਰਾਂਦੀਆਂ ਆਦਿ ਨਾਲ ਸਨਮਾਨਿਤ ਕੀਤਾ ਗਿਆ। ਸਟੇਜ ਦੀ ਸੇਵਾ ਉੱਘੇ ਲੋਕ ਗਾਇਕ ਮਰਹੂਮ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਵੱਲੋਂ ਕੀਤੀ ਗਈ ਅਤੇ ਸੈਟੀ ਰਾਏ ਨੇ ਉਸ ਦਾ ਬਾਖੂਬੀ ਸਾਥ ਦਿੱਤਾ।

ਇਸ ਮੌਕੇ ਰੈਫਰਲ ਇਨਾਮ ਕੱਢੇ ਗਏ। ਖਾਦਮ ਜਿਊਲਰਜ਼ ਸੈਕਰਾਮੈਂਟੋ ਵੱਲੋਂ 7 ਸੋਨੇ ਦੇ ਇਨਾਮ, ਬੱਗਾ ਜਿਊਲਰਜ਼, ਸ਼ਰੀਫ ਜਿਊਲਰਜ਼ ਅਤੇ ਪਰਮ ਤੱਖਰ ਵੱਲੋਂ 1-1 ਸੋਨੇ ਦੇ ਇਨਾਮ ਰੈਫਰਲ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਪੰਜਾਬ ਮੇਲ ਯੂਐਸਏ ਟੀਵੀ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਇੰਡੀਆ ਸਪਾਇਸ ਐਂਡ ਮਿਊਜ਼ਿਕ ਐਲਕ ਗਰੋਵ ਵੱਲੋਂ ਵੀ ਦਿਲ ਖਿੱਚਵੇਂ ਰੈਫਰਲ ਇਨਾਮ ਸਪਾਂਸਰ ਕੀਤੇ ਗਏ।



ਗਾਇਕ ਅਮਰ ਸੰਧੂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਨਤਮਸਤਕ ਹੋਣ ਲਈ ਪੁੱਜੇ ਜਿੱਥੇ ਉਹਨੇ ਵਾਹਿਗੁਰੂ ਅੱਗੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਮਰ ਸੰਧ ਨੇ ਕਿਹਾ ਕਿ ਅੱਜ ਮੈਂ ਪਰਿਵਾਰ ਸਣੇ ਵਾਹਿਗੁਰੂ ਅੱਗੇ ਮੱਥਾ ਟੇਕਣ ਆਇਆ ਹਾਂ ਤੇ ਅਸ਼ੀਰਵਾਦ ਲੈਣ ਲਈ ਪੁੱਜਾ ਹਾਂ।




16 ਅਗਸਤ 2022 ਦਿਨ ਮੰਗਲਵਾਰ ਨੂੰ ਤਹਿਸੀਲ ਕੰਪਲੈਕਸ ਬੰਗਾ ਵਿਖੇ ਸਮੂਹ ਵਰਕਰਾਂ ਨੇ ਸਰਬਸੰਮਤੀ ਨਾਲ ਸ਼੍ਰੀ ਸੰਤੋਖ ਸਿੰਘ ਜੱਸੀ ਨੂੰ ਤਹਿਸੀਲ ਯੂਨੀਅਨ ਬੰਗਾ ਦੇ ਨਵੇਂ ਪ੍ਰਧਾਨ ਚੁਣਿਆ ਗਿਆ। ਸਮੂਹਿਕ ਤਸਵੀਰ ਵਿੱਚ ਸਮੂਹ ਅਹੁਦੇਦਾਰ ਅਤੇ ਸਮੂਹ ਵਰਕਰ ਸਾਹਿਬਾਨ।

# ਜਾਨਵਰਾਂ ਤੋਂ ਮਨੁੱਖਾਂ ਨੂੰ ਹੋ ਰਹੀਆਂ ਬਿਮਾਰੀਆਂ ਤੋਂ ਕਿਵੇਂ ਬਚਾਅ ਹੋਵੇ?



ਡਾ. ਗੁਰਿੰਦਰ ਕੌਰ
001-408-493-9776

23 ਜੁਲਾਈ 2022 ਨੂੰ ਡਬਲਿਓ. ਐੱਚ. ਓ. ਦੇ ਡਾਇਰੈਕਟਰ ਜਨਰਲ ਨੇ ਅੰਤਰ-ਰਾਸ਼ਟਰੀ ਪੱਧਰ ਉੱਤੇ ਮੰਕੀਪੌਕਸ ਦੇ ਵਧ ਰਹੇ ਕੇਸਾਂ ਨੂੰ ਦੇਖਦੇ ਹੋਏ ਮੰਕੀਪੌਕਸ ਵਾਇਰਸ ਨੂੰ ਗਲੋਬਲ ਪਬਲਿਕ ਹੈਲਥ ਐਮਰਜੈਂਸੀ ਐਲਾਨ ਕਰ ਦਿੱਤਾ ਹੈ। ਇਹ ਬਿਮਾਰੀ ਭਾਰਤ ਸਮੇਤ ਦੁਨੀਆ ਦੇ ਲਗਭਗ 83 ਦੇਸਾਂ ਵਿਚ ਫੈਲ ਚੁੱਕੀ ਹੈ। ਸੰਯੁਕਤ ਰਾਜ ਅਮਰੀਕਾ ਦੇ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪਰਵੈਨਸ਼ਨ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ 2 ਅਗਸਤ 2022 ਤੱਕ ਦੁਨੀਆ ਦੇ ਵੱਖ ਵੱਖ ਦੇਸਾਂ ਵਿਚ ਇਸ ਬਿਮਾਰੀ ਦੇ 25391 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ। ਮੰਕੀਪੌਕਸ ਦੇ 25047 (98.65 ਫ਼ੀਸਦ) ਕੇਸ ਉਨ੍ਹਾਂ 76 ਦੇਸਾਂ ਵਿਚ ਮਿਲੇ ਹਨ ਜਿੱਥੇ ਪਹਿਲਾਂ ਕਦੇ ਇਹ ਬਿਮਾਰੀ ਹੋਈ ਹੀ ਨਹੀਂ ਸੀ ਅਤੇ ਸਿਰਫ਼ 344 ਕੇਸ (1.35 ਫ਼ੀਸਦ) ਉਨ੍ਹਾਂ ਦੇਸਾਂ ਵਿਚ ਮਿਲੇ ਹਨ ਜਿੱਥੇ ਬਿਮਾਰੀ ਪਹਿਲਾਂ ਵੀ ਹੁੰਦੀ ਸੀ। 2022 ਵਿਚ ਇਸ ਬਿਮਾਰੀ ਦੇ ਹੁਣ ਤੱਕ ਦੇ ਸਭ ਤੋਂ ਵੱਧ ਕੇਸ (6325) ਸੰਯੁਕਤ ਰਾਜ ਅਮਰੀਕਾ ਵਿਚ ਦਰਜ ਕੀਤੇ ਹਨ। ਮੰਕੀਪੌਕਸ ਨਾਲ ਪੀੜਿਤ ਵਿਅਕਤੀਆਂ ਵਿਚੋਂ 7 ਦੀ ਮੌਤ ਵੀ ਹੋ ਗਈ ਹੈ। ਭਾਰਤ ਵਿਚ ਹਾਲੇ ਤੱਕ ਇਸ ਬਿਮਾਰੀ ਨਾਲ ਪੀੜਿਤ ਸਿਰਫ਼ 8 ਕੇਸ ਮਿਲੇ ਹਨ ਜਿਨ੍ਹਾਂ ਵਿਚੋਂ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਹ ਬਿਮਾਰੀ ਅੰਤਰਰਾਸ਼ਟਰੀ ਪੱਧਰ ਉੱਤੇ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ। 20 ਮਈ 2022 ਤੱਕ ਇਹ ਬਿਮਾਰੀ ਦੁਨੀਆ ਦੇ ਸਿਰਫ਼ 13 ਦੇਸਾਂ ਵਿਚ ਫੈਲੀ ਅਤੇ ਇਸ ਦੇ 90 ਕੇਸਾਂ ਦੀ ਪੁਸ਼ਟੀ ਹੋਈ ਸੀ। ਲਗਭਗ ਦੋ ਮਹੀ-ਨਿਆਂ ਬਾਅਦ ਹੁਣ ਇਹ 83 ਦੇਸਾਂ ਵਿਚ ਫੈਲ ਗਈ ਹੈ। ਦੁਨੀਆ ਦੇ ਸਾਰੇ ਦੇਸ ਹਾਲੇ ਤੱਕ ਤਾਂ ਕਰੋਨਾ ਮਹਾਮਾਰੀ ਦੀ ਮਾਰ ਤੋਂ ਹੀ ਬਾਹਰ ਨਹੀਂ ਆ ਸਕੇ ਕਿ ਮੰਕੀਪੌਕਸ ਦੇ ਵਾਇਰਸ ਦੀ ਨਵੀਂ ਆਫ਼ਤ ਨੇ ਘੇਰ ਲਿਆ।

ਡਬਲਿਓ.ਐੱਚ.ਓ. ਅਨੁਸਾਰ ਮੰਕੀਪੌਕਸ ਇਕ ਅਜਿਹਾ ਵਾਇਰਸ ਹੈ ਜੋ ਜਾਨਵਰਾਂ ਤੋਂ ਮਨੁੱਖਾਂ ਵਿਚ ਫੈਲਦਾ ਹੈ ਅਤੇ ਫਿਰ ਇਕ ਮਨੁੱਖ ਤੋਂ ਦੂਜੇ ਮਨੁੱਖ ਨੂੰ ਹੋ ਜਾਂਦਾ ਹੈ। ਇਸ ਦੇ ਲੱਛਣ ਸਮਾਲਪੌਕਸ (ਚੇਚਕ) ਨਾਲ ਮਿਲਦੇ ਹਨ, ਪਰ ਡਾਕਟਰਾਂ ਅਨੁਸਾਰ ਇਹ ਚੇਚਕ ਨਾਲੋਂ ਘੱਟ ਘਾਤਕ ਹੈ। ਇਸ ਬਿਮਾਰੀ ਦੇ ਸ਼ੁਰੂਆਤੀ ਦਿਨਾਂ ਵਿਚ ਪੀੜਿਤ ਨੂੰ ਤੇਜ਼ ਬੁਖਾਰ, ਸਿਰਦਰਦ, ਸਰੀਰ ਉੱਤੇ ਮੋਟੇ ਮੋਟੇ ਧੱਫੜ ਜੋ ਮੂੰਹ ਤੋਂ ਲੈ ਕੇ ਹੱਥਾਂ, ਪੈਰਾਂ ਤੱਕ ਪੈ ਜਾਂਦੇ ਹਨ। ਇਸ ਦੇ ਨਾਲ ਪੀੜਿਤ ਵਿਅਕਤੀ ਨੂੰ ਥਕਾਵਟ, ਪਿੱਠਦਰਦ, ਹੱਡਭੰਨਣੀ, ਗਲ ਵਿਚ ਖਰਾਸ ਅਤੇ ਖੰਘ ਵੀ ਹੋ ਸਕਦੀ ਹੈ। ਡਬਲਿਓ.ਐੱਚ.ਓ. ਅਨੁਸਾਰ ਇਸ ਬਿਮਾਰੀ ਦੇ ਲੱਛਣ ਆਮ ਤੌਰ ਉੱਤੇ 2 ਤੋਂ 4 ਹਫ਼ਤਿਆਂ ਤੱਕ ਰਹਿੰਦੇ ਹਨ ਅਤੇ ਉਸ ਤੋਂ ਬਾਅਦ ਆਪਣੇ ਆਪ ਠੀਕ ਹੋ ਜਾਂਦੇ ਹਨ। ਕੁਝ ਕੇਸਾਂ ਵਿਚ ਇਹ ਬਿਮਾਰੀ ਖ਼ਤਰਨਾਕ ਵੀ ਹੋ ਸਕਦੀ ਹੈ ਜਿਸ ਨਾਲ ਵਿਅਕਤੀ ਦੀ ਜਾਨ ਵੀ ਜਾ ਸਕਦੀ ਹੈ ਅਤੇ ਕੁਝ ਕੇਸਾਂ ਵਿਚ ਅੱਖਾਂ ਦੀ ਰੋਸ਼ਨੀ ਅਤੇ ਚਮੜੀ ਦਾ ਇਨਫੈਕਸ਼ਨ ਵੀ ਹੋ ਸਕਦਾ ਹੈ। ਇਸ ਬਿਮਾਰੀ ਵਿਚ ਸਮਾਲਪੌਕਸ ਨਾਲੋਂ ਧੱਫੜਾਂ ਦਾ ਆਕਾਰ ਕਾਫ਼ੀ ਵੱਡਾ ਹੁੰਦਾ ਹੈ।

ਮੰਕੀਪੌਕਸ ਦਾ ਵਾਇਰਸ ਸਭ ਤੋਂ ਪਹਿਲਾਂ 1958 ਵਿਚ ਡੈਨਮਾਰਕ ਵਿਚ ਖੋਜ ਲਈ ਪਾਲੇ ਗਏ ਬਾਂਦਰਾ ਵਿਚ ਪਾਇਆ ਗਿਆ ਸੀ, ਪਰ ਇਹ ਬਿਮਾਰੀ ਬਾਂਦਰਾ ਤੋਂ ਪੈਦਾ ਨਹੀਂ ਹੋਈ। ਵਿਗਿਆਨੀਆਂ ਅਨੁਸਾਰ ਇਸ ਬਿਮਾਰੀ ਦੇ ਮੁੱਖ ਸਰੋਤ ਗਲਹਿਰੀਆਂ, ਵੱਖ ਵੱਖ ਕਿਸਮਾਂ ਦੇ ਚੂਹੇ ਜਾਂ ਹੋਰ ਛੋਟੇ ਆਕਾਰ ਦੇ ਥਣਧਾਰੀ ਜਾਨਵਰ ਹੋ ਸਕਦੇ ਹਨ। ਮੰਕੀਪੌਕਸ ਵਾਇਰਸ ਪਹਿਲੀ ਵਾਰ ਜਾਨਵਰਾਂ ਤੋਂ ਮਨੁੱਖਾਂ ਵਿਚ 1970 ਵਿਚ ਡੈਮੋਕਰੈਟਿਕ ਰਿਪਬਲਿਕ ਆਫ਼ ਕਾਂਗੋ ਦੇ 9 ਸਾਲ ਦੇ ਇਕ ਲੜਕੇ ਨੂੰ ਹੋਇਆ ਸੀ। ਇਸ ਤੋਂ ਬਾਅਦ ਡਬਲਿਓ.ਐੱਚ.ਓ. ਨੇ 1970 ਤੋਂ 1979 ਤੱਕ 54 ਅਤੇ 1981 ਤੋਂ 1986 ਤੱਕ 334 ਕੇਸ ਡੈਮੋਕਰੈਟਿਕ ਰਿਪਬਲਿਕ ਆਫ਼ ਕਾਂਗੋ ਵਿਚ ਹੀ ਰਿਕਾਰਡ ਕੀਤੇ। ਅਫ਼ਰੀਕਾ ਵਿਚ ਪਿੱਛਲੇ 30 ਸਾਲਾਂ ਵਿਚ ਮੰਕੀਪੌਕਸ ਵਾਇਰਸ ਫੈਲਣ ਦੀਆਂ ਕਈ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਕਾਫ਼ੀ ਵਿਅਕਤੀ ਇਸ ਬਿਮਾਰੀ ਨਾਲ ਪੀੜਿਤ ਹੋਏ। 1970 ਤੋਂ 2003 ਤੱਕ ਮੰਕੀਪੌਕਸ ਦੇ ਕੇਸ ਅਫ਼ਰੀਕਾ ਦੇ ਦੇਸਾਂ ਤੱਕ ਹੀ ਸੀਮਤ ਰਹੇ ਅਤੇ ਅਫ਼ਰੀਕਾ ਤੋਂ ਬਾਹਰ 2003 ਵਿਚ ਸੰਯੁਕਤ ਰਾਜ ਅਮਰੀਕਾ ਦੇ 6 ਰਾਜਾਂ ਵਿਚ ਮੰਕੀਪੌਕਸ ਦੀ ਬਿਮਾਰੀ 71 ਮਨੁੱਖਾਂ ਨੂੰ ਵੀ ਹੋਈ ਸੀ। ਮੰਕੀਪੌਕਸ ਦਾ ਸੰਯੁਕਤ ਰਾਜ ਅਮਰੀਕਾ ਵਿਚ ਫੈਲਣ ਦਾ ਕਾਰਨ ਅਫ਼ਰੀਕਾ ਦੇ ਘਾਨਾ ਦੇਸ ਤੋਂ ਆਯਾਤ ਕੀਤੇ ਜਾਨਵਰ ਸਨ।



2017 ਵਿਚ ਨਜ਼ੀਰੀਆ ਦੇ 200 ਵਿਅਕਤੀ ਮੰਕੀਪੌਕਸ ਦੀ ਲਪੇਟ ਵਿਚ ਆਏ ਸਨ। 2022 ਵਿਚ ਇਸ ਬਿਮਾਰੀ ਦਾ ਦਾਇਰਾ ਵਧ ਕੇ ਯੂਰਪ, ਏਸ਼ੀਆ ਅਤੇ ਉੱਤਰੀ ਅਮਰੀਕਾ ਦੇ ਦੇਸਾਂ ਤੱਕ ਪਹੁੰਚ ਗਿਆ ਹੈ। ਇਹ ਬਿਮਾਰੀ ਲਾਗ ਦੀ ਬਿਮਾਰੀ ਹੈ। ਜਦੋਂ ਕੋਈ ਵਿਅਕਤੀ ਜਾਂ ਜਾਨਵਰ ਸੰਕਰਮਿਤ ਜਾਨਵਰ ਜਾਂ ਵਿਅਕਤੀ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਨੂੰ ਵੀ ਇਹ ਬਿਮਾਰੀ ਹੋ ਜਾਂਦੀ ਹੈ। ਜਾਨਵਰਾਂ ਤੋਂ ਮਨੁੱਖਾਂ ਵਿਚ ਫੈਲਣ ਵਾਲੀਆਂ ਬਿਮਾਰੀਆਂ ਦੀ ਗਿਣਤੀ ਅਤੇ ਉਨ੍ਹਾਂ ਦਾ ਦਾਇਰਾ ਦਿਨੋਂ-ਦਿਨ ਵਧਦਾ ਜਾ ਰਿਹਾ। ਪਹਿਲਾਂ ਕਰੋਨਾ ਮਹਾਮਾਰੀ ਚੀਨ ਤੋਂ ਸ਼ੁਰੂ ਹੋ ਕੇ ਦੁਨੀਆ ਦੇ ਲਗਭਗ ਸਾਰੇ ਦੇਸਾਂ ਵਿਚ ਫੈਲ ਗਈ ਜਿਸ ਉੱਤੇ ਦੁਨੀਆ ਦੇ ਵਿਕਸਿਤ ਦੇਸ ਹਾਲੇ ਤੱਕ ਕਾਬੂ ਪਾਉਣ ਤੋਂ ਅਸਮਰੱਥ ਹਨ। ਹੁਣ ਮੰਕੀਪੌਕਸ ਵੀ ਦੁਨੀਆ ਦੇ 80 ਤੋਂ ਉੱਪਰ ਦੇਸਾਂ ਵਿਚ ਫੈਲ ਗਿਆ ਹੈ ਅਤੇ ਇਸ ਦੀ ਮਾਰ ਥੱਲੇ ਆ ਰਹੇ ਦੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ।

ਕਰੋਨਾ ਵਾਇਰਸ ਦਾ ਸਰੋਤ ਚਮਗਾਦੜ, ਅਤੇ ਮੰਕੀਪੌਕਸ ਦਾ ਵੱਖ ਵੱਖ ਕਿਸਮਾਂ ਦੀਆਂ ਗਲਹਿਰੀਆਂ, ਚੂਹੇ ਅਤੇ ਹੋਰ ਛੋਟੇ ਛੋਟੇ ਥਣਧਾਰੀ ਜਾਨਵਰ ਦੱਸੇ ਜਾਂਦੇ ਹਨ। ਕਰੋਨਾ ਮਹਾਮਾਰੀ ਅਤੇ ਮੰਕੀਪੌਕਸ ਹੀ ਉਹ ਹੀ ਦੋ ਬਿਮਾਰੀਆਂ ਨਹੀਂ ਜੋ ਜਾਨਵਰਾਂ ਤੋਂ ਮਨੁੱਖਾਂ ਵਿਚ ਆਈਆ ਜਾਂ ਮਨੁੱਖਾਂ ਨੂੰ ਹੋ ਰਹੀਆਂ ਹਨ। ਜੇਕਰ ਅਸੀਂ ਪਿਛੋਕੜ ਵੱਲ ਝਾਤ ਮਾਰੀਏ ਤਾਂ ਪਲੇਗ, ਸਵਾਈਨ ਫਲੂ, ਬਰਡ ਫਲੂ, ਮਲੇਰੀਆ, ਡੇਂਗੂ, ਨਿਪਾਹ, ਈਬੋਲਾ, ਜ਼ੀਕਾ ਆਦਿ ਕਿੰਨੀਆਂ ਹੀ ਬਿਮਾਰੀਆਂ ਹਨ ਜੋ ਜਾਨਵਰਾਂ ਤੋਂ ਮਨੁੱਖਾਂ ਨੂੰ ਹੋਈਆਂ ਅਤੇ ਹੋ ਰਹੀਆਂ ਹਨ। ਇਸਦੇ ਕਈ ਕਾਰਨ ਹਨ ਜਿਵੇਂ ਜੰਗਲਾਂ ਦੀ ਵੱਡੇ ਪੱਧਰ ਉੱਤੇ ਕਟਾਈ, ਮੌਸਮੀ ਤਬਦੀਲੀਆਂ, ਮਨੁੱਖਾਂ ਦਾ ਦੇਸ ਤੇ ਪ੍ਰਦੇਸ ਵਿਚ (ਇਕ ਥਾਂ ਤੋਂ ਦੂਜੇ ਥਾਂ ਜਾਣ ਦਾ ਵਧਦਾ ਰੁਝਾਨ), ਜੰਗਲੀ ਜਾਨਵਰਾਂ ਦਾ ਆਯਾਤ ਅਤੇ ਨਿਰਯਾਤ ਅਤੇ ਘਰਾਂ ਵਿਚ ਜਾਨਵਰਾਂ (ਕੁੱਤੇ ਅਤੇ ਬਿੱਲੀਆਂ) ਨੂੰ ਪਾਲਣ (ਰੱਖਣ) ਦਾ ਤੇਜ਼ੀ ਨਾਲ ਵਧ ਰਿਹਾ ਰੁਝਾਨ ਆਦਿ ਹਨ।

ਆਰਥਿਕ ਵਿਕਾਸ ਅਤੇ ਵਪਾਰਕ ਖੇਤੀ ਲਈ ਦੁਨੀਆ ਦੇ ਲਗਭਗ ਸਾਰੇ ਦੇਸ ਜੰਗਲਾਂ ਦੀ ਤੇਜ਼ੀ ਨਾਲ ਕਟਾਈ ਕਰ ਰਹੇ ਹਨ। ਯੁਨਾਈਟਡ ਨੇਸ਼ਨਜ਼ ਦੀ ਫ਼ੂਡ ਐਂਡ ਐਗਰੀਕਲਚਰਲ ਆਰਗੇਨਾਈਜੇਸ਼ਨ ਦੀ 2020 ਦੀ ਇਕ ਰਿਪੋਰਟ ਅਨੁਸਾਰ ਪਿੱਛਲੇ ਤਿੰਨ ਦਹਾਕਿਆਂ ਵਿਚ 178 ਮਿਲੀਅਨ ਹੈਕਟੇਅਰ ਤੋਂ ਜੰਗਲ ਕੱਟੇ ਜਾ ਚੁੱਕੇ ਹਨ। 2010-2015 ਦੇ ਅਰਸੇ ਦੌਰਾਨ ਪ੍ਰਤਿ ਸਾਲ 12 ਮਿਲੀਅਨ ਹੈਕਟੇਅਰ ਅਤੇ 2015-2020 ਤੱਕ 10 ਮਿਲੀਅਨ ਹੈਕਟੇਅਰ ਤੋਂ ਜੰਗਲ ਕੱਟੇ ਗਏ ਹਨ। ਜੰਗਲਾਂ ਦੀ ਤੇਜ਼ੀ ਨਾਲ ਕਟਾਈ ਕਾਰਨ ਜੰਗਲੀ ਜਾਨਵਰਾਂ ਦਾ ਵੀ ਵੱਡੇ ਪੱਧਰ ਉੱਤੇ ਉਜਾੜਾ ਹੋ ਰਿਹਾ ਹੈ। ਇਸ ਦੇ ਨਤੀਜੇ ਵਜੋਂ ਜੰਗਲਾਂ ਵਿਚੋਂ ਉਜਾੜੇ ਗਏ ਜਾਨਵਰ ਆਪਣੀਆਂ ਬਿਮਾਰੀਆਂ ਅਤੇ ਵਾਇਰਸਾਂ ਸਮੇਤ ਮਨੁੱਖੀ ਆ-ਬਾਦੀ ਦੇ ਨੇੜੇ ਆ ਜਾਂਦੇ ਹਨ। ਇਸ ਕਾਰਨ ਮਨੁੱਖ ਜੰਗਲੀ ਜਾਨਵਰਾਂ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ। ਕਈ ਵਾਰ ਠੀਕ ਦਵਾਈ ਨਾ ਮਿਲਣ ਕਾਰਨ ਇਹ ਬਿਮਾਰੀਆਂ ਸਥਾਨਕ ਪੱਧਰ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਕੇ ਮਹਾਮਾਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਜਿਵੇਂ ਹਾਲ ਵਿਚ ਕਰੋਨਾ ਵਾਇਰਸ ਅਤੇ ਮੰਕੀਪੌਕਸ ਕਾਰਨ ਹੋ ਰਿਹਾ ਹੈ। ਕੈਟਰੀਨਾ ਜਿਮਰ ਦੀ 2019 ਦੀ ਇਕ ਖੋਜ ਅਨੁਸਾਰ ਬਰਾਜ਼ੀਲ ਵਿਚ ਜੰਗਲ ਦੀ ਕਟਾਈ ਅਤੇ ਮਲੇਰੀਆ ਦਾ ਸਿੱਧਾ ਸੰਬੰਧ ਹੈ। 2003 ਤੋਂ 2015 ਤੱਕ ਜੰਗਲਾਂ ਦੀ ਕਟਾਈ ਵਿਚ ਪ੍ਰਤਿ ਸਾਲ 10 ਫ਼ੀਸਦ ਵਾਧਾ ਹੋਣ ਕਾਰਨ ਮਲੇਰੀਏ ਦੇ ਕੇਸਾਂ ਵਿਚ 3 ਫ਼ੀਸਦ ਵਾਧਾ ਹੋਇਆ ਹੈ। ਇਸੇ ਤਰ੍ਹਾਂ ਲਾਈਬੇਰੀਆ ਵਿਚ ਪਾਮ ਦੀ ਖੇਤੀ (ਵਪਾਰਕ ਖੇਤੀ) ਲਈ ਜੰਗਲਾਂ ਦੀ ਕਟਾਈ ਹੋਣ ਕਾਰਨ ਜੰਗਲਾਂ ਵਿਚਲੇ ਚੂਹਿਆਂ ਨਾਲ ਮਨੁੱਖਾਂ ਵਿਚ ਲਾਸਾ ਨਾਂ ਦਾ ਵਾਇਰਸ ਫੈਲ ਸਕਦਾ ਹੈ। ਇਹ ਵਾਇਰਸ ਈਬੋਲਾ ਵਾਇਰਸ ਵਰਗੀ ਬਿਮਾਰੀ ਮਨੁੱਖਾਂ ਵਿਚ ਫੈਲਾਉਂਦਾ ਹੈ। ਲਾਈਬੇਰੀਆ ਵਿਚ ਲਾਸਾ ਵਾਇਰਸ ਨਾਲ ਸੰਕਰਮਿਤ ਹੋਏ 36 ਫ਼ੀਸਦ ਲੋਕਾਂ ਦੀ ਮੌਤ ਹੋ ਗਈ ਸੀ। ਯੂਗਾਂਡਾ ਦੇ ਜੰਗਲਾਂ ਵਿਚ ਜ਼ੀਕਾ ਵਾਇਰਸ ਫੈਲਾਉਣ ਵਾਲਾ ਮੱਛਰ ਪਾਇਆ ਜਾਂਦਾ ਹੈ। ਇਹ ਲੱਖਾਂ ਲੋਕਾਂ ਨੂੰ ਬਿਮਾਰ ਕਰ ਸਕਦਾ ਹੈ। ਇਹ ਵਾਇਰਸ ਸ਼ਹਿਰਾਂ ਵਿਚ ਤੇਜ਼ੀ ਨਾਲ ਫੈਲਦਾ ਹੈ। ਕਾਰਸਨ ਅਤੇ ਉਸ ਦੇ ਸਾਥੀ ਖੋਜਾਰਥੀਆਂ ਦੇ ਇਕ ਅਧਿਐਨ ਅਨੁਸਾਰ ਜੰਗਲੀ ਜਾਨ-ਵਰਾਂ ਵਿਚ ਘੱਟੋ-ਘੱਟ 10,000 ਵਾਇਰਸ ਅਜਿਹੇ ਹਨ ਜੋ ਮਨੁੱਖਾਂ ਨੂੰ ਜਾਨਵਰਾਂ ਤੋਂ ਹੋ ਸਕਦੇ ਹਨ, ਪਰ ਹਾਲੇ ਉਹ ਜੰਗਲੀ ਜਾਨਵਰਾਂ ਵਿਚ ਹੀ ਘੁੰਮ ਰਹੇ ਹਨ। ਜੇਕਰ ਮੌਸਮ ਅਤੇ ਜ਼ਮੀਨ ਦੀ ਵਰਤੋਂ ਵਿਚ ਮਨੁੱਖ ਹੋਰ ਤਬਦੀਲੀਆਂ ਕਰਦਾ ਰਿਹਾ ਹੈ ਤਾਂ ਆਉਣ ਵਾਲੇ ਸਮੇਂ ਵਿਚ ਉਹ ਵਾਇਰਸ ਵੀ ਮਨੁੱਖ ਨੂੰ ਆਪਣੀ ਲਪੇਟ ਵਿਚ ਲੈ ਸਕਦੇ ਹਨ।

ਵਿਗਿਆਨੀ ਲੰਮੇ ਸਮੇਂ ਤੋਂ ਇਹ ਵੀ ਚਿਤਾਵਨੀ ਦੇ ਰਹੇ ਹਨ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਠੰਡੇ ਜਾਣੇ ਜਾਂਦੇ ਦੇਸਾਂ ਵਿਚ ਗਰਮ ਦੇਸਾਂ ਵਿਚ ਹੋਣ ਵਾਲੀਆਂ ਬਿਮਾਰੀਆਂ ਜੋ ਜੰਗਲਾਂ ਵਿਚ ਮਿਲਣ ਵਾਲੇ ਮੱਛਰਾਂ, ਚਮਗਾਦੜਾਂ ਵਰਗੇ ਜਾਨਵਰਾਂ ਤੋਂ ਹੁੰਦੀਆਂ ਹਨ ਉਹ ਤੇਜ਼ੀ ਨਾਲ ਫੈਲ ਸਕਦੀਆਂ ਹਨ। ਦਿ ਲੈਨਸੇਟ ਪਲੈਨੇਟਰੀ ਹੈਲਥ ਜਨਰਲ ਵਿਚ ਪ੍ਰਕਾਸ਼ਿਤ ਇਕ ਅਧਿਐਨ (2021) ਅਨੁਸਾਰ 2080 ਤੱਕ ਦੁਨੀਆ ਦੀ ਲਗਭਗ 90 ਫ਼ੀਸਦ ਆਬਾਦੀ ਨੂੰ ਮਲੇਰੀਆ ਅਤੇ ਡੇਂਗੂ ਬੁਖਾਰ ਹੋ ਸਕਦਾ ਹੈ। ਸੰਯੁਕਤ ਰਾਜ ਅਮਰੀਕਾ ਦੀ ਏਜੰਸੀ ਫਾਰ ਇੰਟਰਨੈਸ਼ਨਲ ਡਿਵੈੱਲਪਮੈਂਟ ਅਨੁਸਾਰ 21ਵੀਂ ਸਦੀ ਵਿਚ ਮਨੁੱਖੀ ਆਬਾਦੀ ਨੂੰ ਪ੍ਰਭਾਵਿਤ ਕਰਨ ਵਾਲੀਆਂ ਬਿਮਾਰੀਆਂ ਵਿਚੋਂ 7 ਫ਼ੀਸਦ ਬਿਮਾਰੀਆਂ ਜਾਨਵਰਾਂ ਤੋਂ ਮਨੁੱਖਾਂ ਵਿਚ ਆਈਆਂ ਹੋਣਗੀਆਂ।

ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਠੰਡੇ ਖੇਤਰਾਂ ਦੇ ਮੌਸਮ ਵਿਚ ਤਬਦੀਲੀ ਆਉਣ ਕਾਰਨ ਉੱਥੇ ਵੀ ਤਾਪਮਾਨ ਵਿਚ ਵਾਧਾ ਹੋਣ ਲੱਗ ਗਿਆ ਹੈ। ਗਰਮ ਖੇਤਰਾਂ ਦੇ ਜਾਨਵਰ ਉੱਥੋਂ ਦੇ ਤਾਪਮਾਨ ਵਿਚ ਵਾਧਾ ਹੋਣ ਕਰਕੇ ਉਨ੍ਹਾਂ ਖੇਤਰਾਂ ਵਿਚ ਜਾਣੇ ਸ਼ੁਰੂ ਹੋ ਗਏ ਹਨ ਜਿੱਥੇ ਉਨ੍ਹਾਂ ਨੂੰ ਸਰੀਰਕ ਲੋੜ ਅਨੁਸਾਰ ਤਾਪਮਾਨ ਮਿਲਦਾ ਹੈ। ਜਾਨਵਰਾਂ ਦੇ ਪਰਵਾਸ ਨਾਲ ਉਨ੍ਹਾਂ ਦੀਆਂ ਬਿਮਾਰੀਆਂ ਅਤੇ ਵਾਇਰਸ ਨਾਲ ਹੀ ਦੂਜੇ ਖੇਤਰਾਂ ਵਿਚ ਜਾ ਕੇ ਬਿਮਾਰੀਆਂ ਫੈਲਾ ਦਿੰਦੇ ਹਨ, ਪਰ ਉਨ੍ਹਾਂ ਖੇਤਰਾਂ ਦੇ ਲੋਕ ਨਵੀਆਂ ਬਿਮਾਰੀਆਂ ਨੂੰ ਸਹਿਣ ਦੇ ਸਮਰੱਥ ਨਹੀਂ ਹੁੰਦੇ। ਇਸ ਲਈ ਇਹ ਨਵੀਆਂ ਬਿਮਾਰੀਆਂ ਉਨ੍ਹਾਂ ਲਈ ਬਹੁਤ ਘਾਤਕ ਸਿੱਧ ਹੋ ਸਕਦੀਆਂ ਹਨ।

ਤਕਨੀਕੀ ਵਿਕਾਸ ਕਾਰਨ ਆਵਾਜਾਈ ਦੇ ਸਾਧਨਾਂ ਵਿਚ ਹੈਰਾਨੀਜਨਕ ਉੱਨਤੀ ਹੋਈ ਹੈ। ਹੁਣ ਅਸੀਂ ਹਵਾਈ ਜਹਾਜ਼ਾਂ ਰਾਹੀਂ ਦਿਨਾਂ ਅਤੇ ਮਹੀਨਿਆਂ ਦਾ ਸਫ਼ਰ ਘੰਟਿਆਂ ਅਤੇ ਦਿਨਾਂ ਵਿਚ ਕਰ ਸਕਦੇ ਹਾਂ। ਪਹਿਲਾਂ ਕਰੋਨਾ ਵਾਇਰਸ ਚੀਨ ਤੋਂ ਸ਼ੁਰੂ ਹੋਕੇ ਦੁਨੀਆ ਦੇ ਲਗਭਗ ਸਾਰੇ ਦੇਸਾਂ ਵਿਚ ਫੈਲ ਕੇ ਮਹਾਮਾਰੀ ਦਾ ਰੂਪ ਧਾਰਨ ਕਰ ਗਿਆ। ਹੁਣ ਮੰਕੀਪੌਕਸ ਵੀ ਤੇਜ਼ੀ ਨਾਲ ਉਨ੍ਹਾਂ ਦੇਸਾਂ ਵਿਚ ਵੀ ਫੈਲ ਰਿਹਾ ਹੈ ਜਿੱਥੇ ਪਹਿਲਾਂ ਇਹ ਬਿਮਾਰੀ ਕਦੇ ਹੋਈ ਨਹੀਂ ਸੀ। ਇਸ ਦਾ ਮੁੱਖ ਕਾਰਨ ਹੈ ਕਿ ਕਿਸੇ ਵੀ ਲਾਗ ਦੀ ਬਿਮਾਰੀ ਨਾਲ ਸੰਕਰਮਿਤ ਮਨੁੱਖ ਜਦੋਂ ਇਕ ਥਾਂ ਤੋਂ ਦੂਜੇ ਥਾਂ ਜਾਂਦਾ ਹੈ ਤਾਂ ਉੱਥੇ (ਨਵੀਂ ਥਾਂ) ਵੀ ਉਹ ਬਿਮਾਰੀ ਫੈਲਾ ਦਿੰਦਾ ਹੈ। ਪਹਿਲਾਂ ਆਵਾਜਾਈ ਦੇ ਸਾਧਨ ਇੰਨੇ ਵਿਕਸਤ ਨਹੀਂ ਸਨ। ਇਸ ਲਈ ਕੋਈ ਵੀ ਬਿਮਾਰੀ ਜਿਸ ਖੇਤਰ ਵਿਚ ਹੁੰਦੀ ਸੀ ਉੱਥੇ ਹੀ ਕੁਝ ਦਿਨਾਂ ਵਿਚ ਖ਼ਤਮ ਹੋ ਜਾਂਦੀ ਸੀ, ਪਰ ਹੁਣ ਹਵਾਈ ਯਾਤਰਾ ਰਾਹੀਂ ਤੇਜ਼ੀ ਨਾਲ ਇਕ ਦੂਜੇ ਥਾਂ ਉੱਤੇ ਫੈਲ ਜਾਂਦੀ ਹੈ। ਜਾਨਵਰਾਂ ਦੇ ਆਯਾਤ ਜਾਂ ਨਿਰਯਾਤ ਕਰਨ ਸਮੇਂ ਜਾਨਵਰਾਂ ਉੱਤੇ ਪਲਣ ਵਾਲੇ ਜੀਵ ਅਤੇ ਵਾਇਰਸ ਵੀ ਉਨ੍ਹਾਂ ਨਾਲ ਹੀ ਦੂਜੇ ਥਾਵਾਂ ਉੱਤੇ ਚਲੇ ਜਾਂਦੇ ਹਨ ਅਤੇ ਉੱਥੇ ਜਾ ਕੇ ਬਿਮਾਰੀਆਂ ਫੈਲਾ ਦਿੰਦੇ ਹਨ। ਇਕ ਹੋਰ ਅਨੋਖਾ ਰੁਝਾਨ ਅੱਜਕੱਲ੍ਹ ਸਾਹਮਣੇ ਆ ਰਿਹਾ ਹੈ। ਲੋਕਾਂ ਵਿਚ ਵੱਖ ਵੱਖ ਕਿਸਮਾਂ ਦੇ ਕੁੱਤੇ ਅਤੇ ਬਿੱਲੀਆਂ ਪਾਲਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਕਈ ਘਰਾਂ ਵਿਚ ਇਕ ਤੋਂ ਵੀ ਵੱਧ ਕੁੱਤੇ ਅਤੇ ਬਿੱਲੀਆਂ ਰੱਖੇ ਹੁੰਦੇ ਹਨ। ਇਹ ਲੋਕ ਪਾਲਤੂ ਜਾਨਵਰਾਂ (ਕੁੱਤੇ, ਬਿੱਲੀਆਂ) ਨੂੰ ਆਪਣੇ ਨਾਲ ਸਲਾਉਂਦੇ, ਬੈਠਾਉਂਦੇ ਹੀ ਨਹੀਂ, ਸਗੋਂ ਪਿਆਰਦੇ ਵੀ ਹਨ। ਉਸ ਸਮੇਂ ਉਹ ਭੁੱਲ ਜਾਂਦੇ ਹਨ ਕਿ ਜਾਨਵਰਾਂ ਦੀਆਂ ਬਿਮਾਰੀਆਂ ਅਤੇ ਵਾਇਰਸ ਵੱਖਰੇ ਹੁੰਦੇ ਹਨ ਜੋ ਉਨ੍ਹਾਂ ਨੂੰ ਘਾਤਕ ਬਿਮਾਰੀਆਂ ਦੇ ਸਕਦੇ ਹਨ। ਜਾਨਵਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਵੱਡੀ ਪੱਧਰ ਉੱਤੇ ਫੈਲ ਸਕਦੀਆਂ ਹਨ।

ਜੰਗਲੀ ਜਾਨਵਰਾਂ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਸਾਨੂੰ ਜੰਗਲਾਂ ਨੂੰ ਕੱਟਣ ਦੀ ਥਾਂ ਉੱਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਜੰਗਲਾਂ ਥੱਲੇ ਰਕਬਾ ਵਧਾ ਕੇ ਜੰਗਲੀ ਜਾਨਵਰਾਂ ਨੂੰ ਸੁਰੱਖਿਅਤ ਬਸੇਰੇ ਮੁਹੱਈਆ ਕਰਵਾਉਣੇ ਚਾਹੀਦੇ ਹਨ। ਧਰਤੀ ਦੇ ਔਸਤ ਤਾ-ਪਮਾਨ ਵਿਚ ਹੋ ਰਹੇ ਵਾਧੇ ਨੂੰ ਕਾਬੂ ਕਰਨ ਲਈ ਜੰਗਲਾਂ ਦੇ ਥੱਲੇ ਰਕਬਾ ਵਧਾਉਣ ਦੇ ਨਾਲ ਨਾਲ ਨਿੰਜੀ ਵਾਹਨਾਂ ਦੀ ਗਿਣਤੀ ਘਟਾਉਣ ਲਈ ਜਨਤਕ ਆਵਾਜਾਈ ਦੇ ਸਾਧਨਾਂ ਮੁਹੱਈਆ ਕਰਵਾਉਣੇ ਚਾਹੀਦੇ ਹਨ।

ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣ ਲਈ ਊਰਜਾ ਕੋਲੇ ਅਤੇ ਤੇਲ ਤੋਂ ਪੈਦਾ ਕਰਨ ਦੀ ਥਾਂ ਉੱਤੇ ਹਵਾ, ਪਾਣੀ, ਅਤੇ ਸੂਰਜ ਤੋਂ ਪੈਦਾ ਕਰਨੀ ਚਾਹੀਦੀ ਹੈ। ਕਿਸੇ ਵੀ ਲਾਗ ਦੀ ਬਿਮਾਰੀ ਨਾਲ ਸੰਕਰਮਿਤ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਬਿਮਾਰੀ ਠੀਕ ਹੋਣ ਤੋਂ ਬਾਅਦ ਹੀ ਯਾਤਰਾ ਕਰੇ ਤਾਂਕਿ ਬਿਮਾਰੀ ਮਹਾਮਾਰੀ ਨਾ ਬਣ ਸਕੇ। ਇਸ ਦੇ ਨਾਲ ਹਰ ਖੇਤਰ/ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਕਿਸੇ ਵੀ ਲਾਗ ਦੀ ਬਿਮਾਰੀ ਨਾਲ ਸੰਕਰਮਿਤ ਵਿਅਕਤੀਆਂ ਨੂੰ ਯਾਤਰਾ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਟੈਸਟ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂਕਿ ਉਨ੍ਹਾਂ ਦੀ ਬਿਮਾਰੀ ਮਹਾਮਾਰੀ ਨਾ ਬਣ ਸਕੇ। ਸ਼ੌਕ ਜਾਂ ਚਿੜੀਆਘਰ ਲਈ ਆਯਾਤ ਜਾਂ ਨਿਰਯਾਤ ਕੀਤੇ ਜਾਂਦੇ ਜਾਨਵਰ ਦੀ ਡਾਕਟਰੀ-ਜਾਂਚ ਕਰਵਾਉਣੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਆਪਣੀ ਚੰਗੀ ਸਿਹਤ ਲਈ ਸਾਰੇ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਘਰਾਂ ਵਿਚ ਪਾਲਤੂ ਜਾਨਵਰ ਰੱਖਣ ਤੋਂ ਗੁਰੇਜ਼ ਕਰਨ ਕਿਉਂਕਿ ਜਾਨਵਰਾਂ ਤੋਂ ਮਨੁੱਖਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਹੁਤ ਘਾਤਕ ਹੁੰਦੀਆਂ ਹਨ। ਇਨ੍ਹਾਂ ਬਿਮਾਰੀਆਂ ਦੀ ਦਵਾਈ ਜਾਂ ਵੈਕਸੀਨ ਬਣਾਉਣ ਲਈ ਬਹੁਤ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰੱਥਾ ਦਿਖਾਈ: ਮੁਰਮੂ

## ਆਜ਼ਾਦੀ ਦਿਹਾੜੇ ਦੀ ਪੂਰਬਲੀ ਸੰਧਿਆ ਰਾਸ਼ਟਰਪਤੀ ਦਾ ਕੌਮ ਦੇ ਨਾਂ ਪਹਿਲਾ ਸੰਬੋਧਨ



**ਨਵੀਂ ਦਿੱਲੀ–** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਭਾਰਤ ਨੇ ਦੁਨੀਆ ਨੂੰ ਲੋਕਤੰਤਰ ਦੀ ਅਸਲ ਸਮਰੱਥਾ ਦਾ ਪਤਾ ਲਾਉਣ ਵਿਚ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅੱਜ ਸੰਵੇਦਨਸ਼ੀਲਤਾ ਤੇ ਦਿਆਲਤਾ ਦੀਆਂ ਕਦਰਾਂ-ਕੀਮਤਾਂ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ ਤੇ ਇਨ੍ਹਾਂ ਦਾ ਮੁੱਖ ਮੰਤਵ ਪੱਛੜਿਆਂ, ਜ਼ਰੂਰਤਮੰਦਾਂ ਤੇ ਸਮਾਜ ਦੇ ਹਾਸ਼ੀਏ 'ਤੇ ਰਹਿਣ ਵਾਲੇ ਲੋਕਾਂ ਦੀ ਭਲਾਈ ਲਈ ਕੰਮ ਕਰਨਾ ਹੈ। ਮੁਰਮੂ ਨੇ 76ਵੇਂ ਆਜ਼ਾਦੀ ਦਿਹਾੜੇ ਦੀ ਪੂਰਵ ਸੰਧਿਆ ਮੌਕੇ ਰਾਸ਼ਟਰ ਦੇ ਨਾਂ ਆਪਣੇ ਪਹਿਲੇ ਸੰਬੋਧਨ ਵਿਚ ਕਿਹਾ ਕਿ ਮਹੱਤਵਪੂਰਨ ਆਰਥਿਕ ਸੁਧਾਰਾਂ ਦੇ ਨਾਲ ਲੋਕਾਂ ਦੀ ਭਲਾਈ ਲਈ ਕਈ ਕਦਮ ਚੁੱਕੇ ਜਾ ਰਹੇ ਹਨ ਤੇ ਦੁਨੀਆ ਨੇ ਹਾਲ ਦੇ ਸਾਲਾਂ ਵਿਚ ਨਵੇਂ ਭਾਰਤ ਨੂੰ ਵਿਕਸਿਤ ਹੁੰਦਿਆਂ ਦੇਖਿਆ ਹੈ, ਖਾਸ ਕਰ ਕੇ ਕੋਵਿਡ-19 ਮਹਾਮਾਰੀ ਤੋਂ ਬਾਅਦ ਭਾਰਤ ਤੇਜ਼ੀ ਨਾਲ ਉੱਭਰਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਜਦ ਭਾਰਤ ਨੂੰ ਆਜ਼ਾਦੀ ਮਿਲੀ, ਤਾਂ ਦੁਨੀਆ ਦੇ ਕਈ ਨੇਤਾ ਤੇ ਮਾਹਿਰ ਸਨ ਜਿਨ੍ਹਾਂ ਉਸ ਵੇਲੇ ਗਰੀਬੀ ਤੇ ਅਨਪੜ੍ਹਤਾ ਕਾਰਨ ਭਾਰਤ ਵਿਚ ਸਰਕਾਰ ਦੇ ਲੋਕਤੰਤਰਿਕ ਸਰੂਪ ਦੀ ਸਫ਼ਲਤਾ ਉਤੇ ਖ਼ਦਸ਼ੇ ਜ਼ਾਹਿਰ ਕੀਤੇ ਸਨ। ਉਨ੍ਹਾਂ ਕਿਹਾ ਕਿ ਭਾਰਤ ਨੇ ਸ਼ੱਕ ਜ਼ਾਹਿਰ ਕਰਨ ਵਾਲੇ ਲੋਕਾਂ ਨੂੰ ਗਲਤ ਸਾਬਿਤ ਕੀਤਾ। ਭਾਰਤ ਦੀ ਮਿੱਟੀ ਵਿਚ ਨਾ ਸਿਰਫ਼ ਲੋਕਤੰਤਰ ਦੀਆਂ ਜੜ੍ਹਾਂ ਵਧੀਆਂ, ਬਲਕਿ ਇਹ ਮਜ਼ਬੂਤ ਵੀ ਹੋਇਆ। ਉਨ੍ਹਾਂ ਕਿਹਾ ਕਿ ਸਾਡੇ ਕੋਲ ਜੋ ਕੁਝ ਵੀ ਹੈ ਸਭ ਮਾਤ ਭੂਮੀ ਦਾ ਦਿੱਤਾ ਹੋਇਆ ਹੈ। ਇਸ ਲਈ ਸਾਨੂੰ ਦੇਸ਼ ਦੀ ਸੁਰੱਖਿਆ, ਤਰੱਕੀ ਤੇ ਖ਼ੁਸ਼ਹਾਲੀ ਲਈ ਆਪਣਾ ਸਭ ਕੁਝ ਸਮ-ਰਪਿਤ ਕਰਨ ਦਾ ਅਹਿਦ ਲੈਣਾ ਚਾਹੀਦਾ ਹੈ।

# ਹੁਣ ਹੈਰੀ ਪੋਟਰ ਦੀ ਲੇਖਿਕਾ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

**ਵਾਸ਼ਿੰਗਟਨ–** ਭਾਰਤੀ ਮੂਲ ਦੇ ਮਸ਼ਹੂਰ ਬ੍ਰਿਟਿਸ਼ ਲੇਖਕ ਸਲਮਾਨ ਰਸ਼ਦੀ ਤੋਂ ਬਾਅਦ ਹੁਣ ਹੈਰੀ ਪੋਟਰ ਦੀ ਲੇਖਕ ਜੇਕੇ ਰੌਲਿੰਗ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਰੌਲਿੰਗ ਨੇ ਟਵਿਟਰ 'ਤੇ ਸਕ੍ਰੀਨਸ਼ਾਟ ਵੀ ਸ਼ੇਅਰ ਕੀਤਾ ਹੈ। ਦੱਸ ਦੇਈਏ ਕਿ ਸਲਮਾਨ ਰਸ਼ਦੀ 'ਤੇ ਹੋਏ ਹਮਲੇ ਦੀ ਵਿਸ਼ਵ ਭਾਈਚਾਰਾ ਨਿੰਦਾ ਕਰ ਰਿਹਾ ਹੈ। 57 ਸਾਲਾ ਜੇਕੇ ਰੌਲਿੰਗ ਨੇ ਵੀ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਟਵੀਟ ਕੀਤਾ ਅਤੇ ਕਿਹਾ ਕਿ ਉਹ ਇਸ ਘਟਨਾ ਤੋਂ ਬਹੁਤ ਦੁਖੀ ਹੈ, ਜਿਸ 'ਤੇ ਇਕ ਯੂਜ਼ਰ ਨੇ ਜਵਾਬ ਦਿੱਤਾ, 'ਚਿੰਤਾ ਨਾ ਕਰੋ, ਅਗਲਾ ਨੰਬਰ ਤੁਹਾਡਾ ਹੈ'। ਜੇਕੇ ਰੌਲਿੰਗ ਨੇ ਯੂਜ਼ਰ ਦਾ ਧਮਕੀ ਭਰਿਆ ਸਕ੍ਰੀਨਸ਼ਾਟ



ਸ਼ੇਅਰ ਕਰਦੇ ਹੋਏ ਟਵਿਟਰ ਨੂੰ ਪੁੱਛਿਆ, ਕੀ ਇਹ ਤੁਹਾਡੀ ਗਾਈ-ਡਲਾਈਨ ਹੈ? ਤੁਸੀਂ ਕਿਸੇ ਵਿਅਕਤੀ ਜਾਂ ਲੋਕਾਂ ਖਿਲਾਫ਼ ਹਿੰਸਾ ਦੀ ਧਮਕੀ ਨਹੀਂ ਦੇ ਸਕਦੇ। ਅਸੀਂ ਹਿੰਸਾ ਦੀ ਗਲੋਰੀਫਿਕੇਸ਼ਨ 'ਤੇ ਵੀ ਰੋਕ ਲਗਾਉਂਦੇ ਹਾਂ। ਜਿਸ ਟਵਿਟਰ ਹੈਂਡਲ ਤੋਂ ਰੌਲਿੰਗ ਨੂੰ ਧਮਕੀ ਦਿੱਤੀ ਗਈ ਸੀ, ਉਸੇ ਟਵਿਟਰ ਹੈਂਡਲ ਤੋਂ ਸਲਮਾਨ ਰਸ਼ਦੀ 'ਤੇ ਹਮਲਾ ਕਰਨ ਵਾਲੇ ਵਿਅਕਤੀ ਹਾਦੀ ਮਟਰ ਦੀ ਵੀ ਤਾਰੀਫ ਕੀਤੀ ਗਈ ਹੈ। 12 ਅਗਸਤ ਨੂੰ ਪੱਛਮੀ ਨਿਊਯਾਰਕ ਰਾਜ ਵਿੱਚ ਹਾਦੀ ਨੇ ਰਸ਼ਦੀ 'ਤੇ ਚਾਕੂ ਨਾਲ ਹਮਲਾ ਕੀਤਾ ਸੀ। ਉਸ ਦੀ ਗਰਦਨ ਤੇ ਅੱਖਾਂ 'ਤੇ ਗੰਭੀਰ ਸੱਟਾਂ

# 76ਵੇਂ ਸੁਤੰਤਰਤਾ ਦਿਵਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਲਹਿਰਾਇਆ ਤਿਰੰਗਾ

(ਸਫਾ 1 ਦੀ ਬਾਕੀ)

ਇਕ-ਦੂਜੇ ਦੇ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ। ਜਿਥੇ ਭਾਜਪਾ ਨੇ ਇਕ ਵੀਡੀਓ ਜਾਰੀ ਕਰਕੇ ਭਾਰਤ ਦੀ ਵੰਡ ਲਈ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਇਆ, ਉਥੇ ਕਾਂਗਰਸ ਨੇ ਜਨਸੰਘ ਦੇ ਸੰ-ਸਥਾਪਕ ਸਿਆਮਾ ਪ੍ਰਸਾਦ ਦੇ ਫ਼ੈਸਲਿਆਂ 'ਤੇ ਸਵਾਲ ਉਠਾਏ। ਭਾਜਪਾ ਨੇ ਤਕਰੀਬਨ 7 ਮਿੰਟ ਦੇ ਇਸ ਵੀਡੀਓ 'ਚ ਵੰਡ ਦੇ ਲਈ ਸਿੱਧੇ ਤੌਰ 'ਤੇ ਕਾਂਗਰਸ, ਮੁਸਲਿਮ ਲੀਗ ਅਤੇ ਖੱਬੇ ਪੱਖੀ ਪਾਰਟੀਆਂ ਨੂੰ ਜ਼ਿੰ-ਮੇਵਾਰ ਠਹਿਰਾਇਆ।

ਵੀਡੀਓ ਵਿਚ ਉਚੇਚੇ ਤੌਰ 'ਤੇ ਨਹਿਰੂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਗਿਆ ਕਿ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਾਲੀ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੰਗ ਅੱਗੇ ਨਹਿਰੂ ਦੇ ਝੁਕਣ ਕਾਰਨ ਹੀ ਦੇਸ਼ ਦੋ ਫਾੜ ਹੋਇਆ। ਕਾਂਗਰਸ ਨੇ ਵੀਡੀਓ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਦੇਸ਼ ਨੂੰ ਵੰਡਣ ਲਈ ਆਧੁਨਿਕ ਦੌਰ ਦੇ ਸਾਵਰਕਰ ਅਤੇ ਜਿਨਾਹ ਦੀਆਂ ਕੋਸ਼ਿਸ਼ਾਂ ਅੱਜ ਵੀ ਜਾਰੀ ਹਨ।

ਕਾਂਗਰਸ ਦੇ ਮਹਾਂਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ 14 ਅਗਸਤ ਨੂੰ ਵੰਡ ਦੇ ਸੰਤਾਪ ਦੇ ਯਾਦਗਾਰ ਦਿਵਸ ਵਜੋਂ ਮਨਾਉਣ ਦੀ ਅਸਲ ਮਨਸ਼ਾ ਸਭ ਤੋਂ ਦਰਦਨਾਕ ਇਤਿਹਾਸਕ ਘਟਨਾਵਾਂ ਨੂੰ ਆਪਣੇ ਸਿਆਸੀ ਫ਼ਾਇਦੇ ਲਈ ਇਸਤੇਮਾਲ ਕਰਨਾ ਹੈ।

ਜੈਰਾਮ ਰਮੇਸ਼ ਨੇ ਲੜੀਵਾਰ ਟਵੀਟਾਂ ਵਿਚ ਕਿਹਾ ਕਿ ਦੋ ਰਾਸ਼ਟਰ ਦਾ ਸਿਧਾਂਤ ਸਾਵਰਕਰ ਨੇ ਦਿੱਤਾ ਸੀ ਅਤੇ ਜਿਨਾਹ ਨੇ ਇਸ ਨੂੰ ਅੱਗੇ ਵਧਾਇਆ ਸੀ। ਰਮੇਸ਼ ਨੇ ਪਟੇਲ ਦੇ ਲਿਖੇ ਸ਼ਬਦਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪਟੇਲ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਜੇਕਰ ਵੰਡ ਨੂੰ ਸਵੀਕਾਰ ਨਹੀਂ ਕੀਤਾ ਗਿਆ ਤਾਂ ਭਾਰਤ ਕਈ ਟੋਟਿਆਂ ਵਿਚ ਵੰਡਿਆ ਜਾਵੇਗਾ। ਕਾਂਗਰਸ ਨੇ ਭਾਜਪਾ 'ਤੇ ਨਫ਼ਰਤੀ ਮਾਹੌਲ ਸਿਰਜਣ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਵੰਡ ਦੀ ਤ੍ਰਾਸਦੀ ਦੀ ਦੁਰਵਰਤੋਂ ਨਫ਼ਰਤ ਦੀ ਭਾਵਨਾ ਨੂੰ ਭੜਕਾਉਣ ਲਈ ਨਹੀਂ ਹੋਣੀ ਚਾਹੀਦੀ ਹੈ। ਲੱਖਾਂ ਲੋਕ ਬੇਘਰ ਹੋਏ ਅਤੇ ਜਾਨਾਂ ਗਈਆਂ। ਉਨ੍ਹਾਂ ਦੇ ਬਲੀਦਾਨਾਂ ਨੂੰ ਭੁਲਾਇਆ ਜਾਂ ਅਪਮਾਨਿਤ ਨਹੀਂ ਕੀਤਾ ਜਾਣਾ ਚਾਹੀਦਾ।

# ਦਲਿਤ ਜੱਥੇਬੰਦੀਆਂ ਨੇ ਪੁਤਲਾ ਫੂਕ ਮੁਜਾਹਰਾ ਕਰ ਰਾਸ਼ਟਰਪਤੀ ਦੇ ਨਾਂ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ

(ਸਫਾ 1 ਦੀ ਬਾਕੀ)

ਮੰਗ ਪੱਤਰ ਵੀ ਦਿੱਤਾ ਗਿਆ। ਇਸ ਦੌਰਾਨ ਸੰਬੋਧਨ ਕਰਦਿਆਂ ਅੰਬੇਡਕਰ ਸੈਨਾ ਮੂਲ ਨਿਵਾਸੀ ਦੇ ਸੂਬਾ ਪ੍ਰਧਾਨ ਹਰਭਜਨ ਸੁਮਨ ਨੇ ਕਿਹਾ ਕਿ ਦੇਸ਼ ਆਜ਼ਾਦੀ ਦੇ 75 ਸਾਲ ਪੂਰੇ ਹੋਣ ਦੀ ਖੁਸ਼ੀ ਮਨਾ ਰਿਹਾ ਹੈ, ਹਰ ਘਰ ਤਿਰੰਗਾ ਲਹਿਰਾਇਆ ਜਾ ਰਿਹਾ ਹੈ ਪਰ ਦੂਸਰੇ ਪਾਸੇ ਛੂਆ-ਛੂਤ ਦੀ ਕੌੜੀ ਸੱਚਾਈ ਤੋਂ ਮੂੰਹ ਛੁਪਾਇਆ ਜਾ ਰਿਹਾ ਹੈ। ਅੱਖਾਂ ਬੰਦ ਕੀਤੀਆਂ ਜਾ ਰਹੀਆਂ ਹਨ ਤੇ ਜੁਬਾਨਾਂ ਨੂੰ ਤਾਲੇ ਲਾਏ ਜਾ ਰਹੇ ਹਨ। ਅੱਜ ਵੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਦੇਸ਼ ਦੀ ਸਭ ਤੋਂ ਵੱਡੀ ਆਬਾਦੀ ਭਾਰਤ 'ਚ ਗੁਲਾਮੀ ਵਾਲੀ ਜ਼ਿੰਦਗੀ ਜੀ ਰਹੀ ਹੈ। ਜਿਸ ਦੀਆਂ ਖਬਰਾਂ ਆਏ ਦਿਨ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਇਸੇ ਦੀ ਤਾਜ਼ਾ ਮਿਸਾਲ ਰਾਜਸਥਾਨ ਦੇ ਜਾਲੌਰ ਜ਼ਿਲ੍ਹੇ ਦੀ ਸਿਆਲਾ ਤਹਿਸੀਲ ਦੇ ਪਿੰਡ 'ਚ ਦੇਖਣ ਨੂੰ ਮਿਲੀ ਹੈ ਜਿੱਥੇ ਤੀਸਰੀ ਕਲਾਸ ਦੇ ਵਿਦਿਆਰਥੀ ਇੰਦਰ ਕੁਮਾਰ ਨੂੰ ਸਕੂਲ ਦੇ ਹੈਂਡ ਮਾਸਟਰ ਵਲੋਂ ਉਸ ਨੂੰ ਇੰਨਾ ਜ਼ਿਆਦਾ ਕੁੱਟਿਆ ਗਿਆ ਕਿ ਇਲਾਜ ਦੌਰਾਨ ਕੁੱਝ ਦਿਨਾਂ ਬਆਦ ਉਸਦੀ ਮੌਤ ਹੋ ਗਈ। ਉਸ ਦਾ ਕਸੂਰ ਸਿਰਫ ਇੰਨਾ ਸੀ ਕਿ ਉਸ ਨੇ ਸਕੂਲ ਦੇ ਹੈਂਡ ਮਾਸਟਰ ਜੋਂ ਕਥਿਤ ਉੱਚੀ ਜਾਤ ਦਾ ਸੀ, ਉਸ ਦੇ ਪੀਣ ਵਾਲੇ ਪਾਣੀ ਦੇ ਘੜੇ ਨੂੰ ਹੱਥ ਲਗਾ ਦਿੱਤਾ ਸੀ। ਉਹਨਾਂ ਘਟਨਾ ਦੀ ਸਖਤ ਨਖੇਦੀ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਅਤਿਆਚਾਰ ਬਿਲਕੁਲ ਵੀ ਬਰਦ-ਾਸ਼ਤ ਯੋਗ ਨਹੀਂ ਹਨ। ਹਰਭਜਨ ਸੁਮਨ ਨੇ ਹੈਂਡ ਮਾਸਟਰ ਨੂੰ ਸਖ਼ਤ ਸਜਾ ਦੇਣ ਅਤੇ ਮ੍ਰਿਤਕ ਵਿਦਿਆਰਥੀ ਦੇ ਪੀੜ੍ਹਤ ਪਰਿਵਾਰ ਨੂੰ ਉਚਿਤ ਮੁਆਵਜਾ ਦੇਣ ਦੀ ਰਾਜਸਥਾਨ ਸਰਕਾਰ ਤੋਂ ਮੰਗ ਕੀਤੀ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ। ਉਹਨਾਂ ਤੋਂ ਇਲਾਵਾ ਗੁਰੂ ਰਵਿਦਾਸ ਟਾਇਗਰ ਫੋਰਸ ਦੇ ਪ੍ਰਧਾਨ ਯਸ਼ ਬਰਨਾ, ਭਗਵਾਨ ਵਾਲਮੀਕਿ ਐਕਸ਼ਨ ਕਮੇਟੀ ਤੋਂ ਧਰਮਵੀਰ ਸੇਠੀ, ਸਰਪੰਚ ਅਸ਼ੋਕ ਕੁਮਾਰ ਖੋਥੜਾਂ, ਐਡਵੋਕੇਟ ਰਣਦੀਪ ਕੈਲੇ, ਅਮਰਜੀਤ ਖੁੱਤਣ, ਮਾਣਾ ਬੋਧ, ਮਾਨ ਗੰਡਵਾਂ, ਜਤਿੰਦਰ ਕੁਮਾਰ ਬਸੰਤ ਨਗਰ, ਜਸਵਿੰਦਰ ਬੋਧ ਤੇ ਧਰਮਵੀਰ ਬੋਧ ਆਦਿ ਹਾਜਰ ਸਨ। **-(ਬੀਕੇ ਰੱਤੂ)**




## ਭਾਰਤ ਦੇ 76ਵੇਂ ਸੁਤੰਤਰਤਾ ਦਿਵਸ 'ਤੇ ਵਿਸ਼ੇਸ਼

# 'ਰਾਸ਼ਟਰਵਾਦ ਤੇ ਭਾਰਤ ਦੀ ਸੁਤੰਤਰਤਾ'



ਪ੍ਰੋ: ਐਚ.ਐਲ.ਕਪੂਰ

1857 ਦੀ ਭਾਰਤ ਦੀ ਆਜ਼ਾਦੀ ਲਈ ਲੜੀ ਗਈ ਕ੍ਰਾਂਤੀਕਾਰੀ ਲੜਾਈ ਬੁਰੀ ਤਰ੍ਹਾਂ ਫੇਲ੍ਹ ਹੋ ਗਈ। ਇਸ ਲੜਾਈ ਲਈ ਭਾਰਤ ਦੇ ਲੋਕਾਂ 'ਚ ਬੜਾ ਜੋਸ਼ ਸੀ। ਇਸ ਲੜਾਈ 'ਚ ਲੋਕਾਂ ਨੇ ਕੁਰਬਾਨੀਆਂ ਵੀ ਬਹੁਤ ਦਿੱਤੀਆਂ। ਇਸ ਕ੍ਰਾਂਤੀਕਾਰੀ ਲੜਾਈ ਦਾ ਉੱਤਰੀ ਤੇ ਮੱਧ ਭਾਰਤ 'ਚ ਬੜਾ ਜੋਰ ਸੀ। ਬ੍ਰਿਟਿਸ਼ ਸਰਕਾਰ ਦੀ ਫੌਜ 'ਚ ਜਿਹੜੇ ਭਾਰਤੀ ਸਿਪਾਹੀ ਸਨ, ਉਹਨਾਂ ਨੇ ਕਈ ਅੰਗਰੇਜ਼ ਸਰਕਾਰ ਦੇ ਗੋਰੇ ਅਫਸਰ ਮਾਰ ਵੀ ਦਿੱਤੇ ਸਨ ਪਰ ਇਸ ਕ੍ਰਾਂਤੀਕਾਰੀ ਲੜਾਈ 'ਚ ਤਾਲਮੇਲ ਦੀ ਘਾਟ ਨੇ ਇਸ ਕ੍ਰਾਂਤੀ ਨੂੰ ਅਸਫਲ ਬਣਾ ਦਿੱਤਾ। ਇਹ ਕ੍ਰਾਂਤੀਕਾਰੀ ਲੜਾਈ ਭਾਰਤ ਦੇ ਵੱਖ-ਵੱਖ ਫੌਜੀ ਕੈਂਪਾਂ 'ਚ ਵੱਖ-ਵੱਖ ਸਮੇਂ 'ਤੇ ਆਰੰਭ ਹੋਈ ਤੇ ਅੰਗਰੇਜ਼ ਸਰਕਾਰ ਨੂੰ ਇਸ ਨੂੰ ਦਬਾਉਣ ਦਾ ਚੰਗਾ ਮੌਕਾ ਮਿਲਦਾ ਰਿਹਾ। ਇਹ ਕ੍ਰਾਂਤੀਕਾਰੀ ਅੰਦੋਲਨ ਸਮੁੱਚੇ ਭਾਰਤ 'ਚ ਵੀ ਨਹੀਂ ਫੈਲ ਸਕਿਆ ਤੇ ਨਾ ਹੀ ਇਹ ਇਕ ਰਾਸ਼ਟਰਵਾਦੀ ਕ੍ਰਾਂਤੀਕਾਰੀ ਅੰਦੋਲਨ ਬਣ ਸਕਿਆ। ਅੰਗਰੇਜ਼ ਸਰਕਾਰ ਨੇ ਭਾਰਤ ਦੇ ਕਈ ਨੇਤਾਵਾਂ ਤੇ ਫੌਜੀ ਸਿਪਾਹੀਆਂ ਨੂੰ ਫੜ-ਫੜ ਕੇ ਗੋਲੀਆਂ ਮਾਰ ਦਿੱਤੀਆਂ। ਬਹਾਦਰ ਸ਼ਾਹ ਨੂੰ ਜਲਾਵਤਨ ਕਰਕੇ ਰੰਗੂਨ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ ਤੇ ਉਸਦੀ 1862 ਈਸਵੀ 'ਚ ਉਥੇ ਹੀ ਮੌਤ ਹੋ ਗਈ। ਇਸਦਾ ਨਤੀਜਾ ਇਹ ਨਿਕਲਿਆ ਕਿ ਭਾਰਤੀਆਂ ਦੀ ਇਹ ਲੜਾਈ ਈਸਟ ਇੰਡੀਆ ਕੰਪਨੀ ਦੇ ਖ਼ਿਲਾਫ਼ ਸੀ। ਇਸ ਕ੍ਰਾਂਤੀ ਨੂੰ ਦਬਾਉਣ ਤੋਂ ਬਾਅਦ ਬ੍ਰਿਟਿਸ਼ ਸਰਕਾਰ ਨੇ ਇਸ ਕੰਪਨੀ ਤੋਂ ਭਾਰਤ ਦਾ ਸਿੱਧਾ ਚਾਰਜ ਆਪਣੇ ਅਧੀਨ ਕਰ ਲਿਆ।

1857 ਦੇ ਗਦਰ ਦਾ ਸਮਾਂ 10 ਮਈ 1857 ਤੋਂ 1 ਨਵੰਬਰ 1858 (ਕੋਈ ਇਕ ਸਾਲ ਤੇ ਛੇ ਮਹੀਨੇ) ਤੱਕ ਦਾ ਬਣਦਾ ਹੈ। ਪਰ ਕੂਕਾ ਲਹਿਰ ਦੇ ਸੰਸਥਾਪਕ ਬਾਬਾ ਰਾਮ ਸਿੰਘ ਜੀ ਨੇ ਤਕਰੀਬਨ ਇਕ ਮਹੀਨਾ ਉਕਤ ਸਮੇਂ ਤੋਂ ਪਹਿਲਾਂ ਹੀ ਭਾਵੇਂ ਤਾਲਮੇਲ ਦੀ ਘਾਟ ਹੋਣ ਦੇ ਕਾਰਨ ਕਰਕੇ ਮਿਤੀ 12 ਅਪ੍ਰੈਲ 1857 ਨੂੰ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਵਿਖੇ ਵਿਸਾਖੀ ਵਾਲੇ ਦਿਨ ਇਕ ਸਫ਼ੈਦ ਰੰਗ ਦਾ ਝੰਡਾ ਲਹਿਰਾ ਕੇ ਜੋ ਕਿ ਸ਼ਾਂਤੀ ਤੇ ਆਜ਼ਾਦੀ ਦਾ ਪ੍ਰਤੀਕ ਹੈ, ਅੰਗਰੇਜ਼ ਸਰਕਾਰ ਦੇ ਵਿਰੋਧ ਵਜੋਂ ਸਥਾਪਤ ਕਰ ਦਿੱਤਾ ਸੀ। ਕੂਕਾ ਲਹਿਰ ਦੀਆਂ ਕੁਰਬਾਨੀਆਂ ਤੇ ਲੰਮੇ ਸੰਘਰਸ਼ ਨੇ ਅੰਗਰੇਜ਼ ਸਰਕਾਰ ਵਿਰੁੱਧ 'ਸਿਵਲ ਨਾ-ਫੁਰਮਾਨੀ (ਨਾਮਿਲਵਰਤਨ) ਚਲਾ ਕੇ ਕੋਈ ਦੋ ਦਹਾਕਿਆਂ ਦੇ ਕਰੀਬ ਅੰਗਰੇਜ਼ ਸਰਕਾਰ ਦੇ ਨੱਕ 'ਚ ਦਮ ਕਰੀ ਰੱਖਿਆ। ਕਾਫੀ ਦੇਰ ਬਾਅਦ 1920 'ਚ ਇਸੇ ਨਾ-ਫੁਰਮਾਨੀ ਦੇ ਅੰਦੋਲਨ ਤੋਂ ਪ੍ਰਭਾਵਿਤ ਹੋ ਕੇ ਮਹਾਤਮਾ ਗਾਂਧੀ ਨੇ ਵੀ ਨਾ-ਮਿਲਵਰਤਨ ਲਹਿਰ ਨਾਲ ਬੜੀ ਸਫਲਤਾ ਪ੍ਰਾਪਤ ਕੀਤੀ ਸੀ। ਇਸ ਲਈ ਭਾਰਤ ਦੀ ਆਜ਼ਾਦੀ ਦੀ ਲਹਿਰ 'ਚ ਕੂਕਿਆਂ ਵੱਲੋਂ ਪਾਇਆ ਗਿਆ ਮਹਾਨ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਇਸ ਗਦਰ ਦੀ ਅਸਫਲਤਾ ਦੇ ਕਈ ਸਾਲਾਂ ਬਾਅਦ ਸੰਨ 1875 ਵਿਚ ਮੁਸਲਮਾਨ ਨੇਤਾ ਸਰ ਸਈਅਦ ਅਹਿਮਦ ਖਾਨ ਨੇ ਮੁਸਲਮਾਨ ਬੱਚਿਆਂ ਨੂੰ ਯੂਰਪੀਨ ਢੰਗ ਦੀ ਆਧੁਨਿਕ ਸਿੱਖਿਆ ਦੇਣ ਲਈ, ਇਕ ਕਾਲਜ ਖੋਲ੍ਹਣ ਦੀ ਮੰਗ ਰੱਖ ਕੇ ਸੰਘਰਸ਼ ਆਰੰਭ ਕਰ ਦਿੱਤਾ। ਸੰਨ 1875 'ਚ ਅੰਗਰੇਜ਼ ਸਰਕਾਰ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਤੇ ਅਲੀਗੜ੍ਹ ਵਿਖੇ 'ਮੁਹੰਮਡਨ ਐਂਗਲੋ-ਓਰੀਐਂਟਲ ਕਾਲਜ' ਖੁੱਲ੍ਹ ਗਿਆ, ਜਿਹੜਾ ਕਿ 1920 'ਚ ਨਾਮ ਤਬਦੀਲ ਕਰਕੇ 'ਅਲੀਗੜ੍ਹ ਯੂ-ਨੀਵਰਸਿਟੀ' ਬਣ ਗਿਆ। ਇਸ ਤਰ੍ਹਾਂ ਭਾਰਤ ਦੇ ਮੁਸਲਮਾਨਾਂ ਨੇ ਕ੍ਰਾਂਤੀ ਦੀ ਪਹਿਲੀ ਲੜਾਈ ਦੇ ਥੋੜ੍ਹੇ ਸਮੇਂ ਬਾਅਦ ਹੀ ਆਪਣੀ ਵੱਖਰੀ ਪਛਾਣ ਬਣਾਉਣੀ ਆਰੰਭ ਕਰ ਦਿੱਤੀ ਤੇ ਕਦੀ ਵੀ ਦੇਸ਼ ਦੀ ਮੁੱਖ ਧਾਰਾ 'ਚ ਆਪਣੀ ਭਾਗੀਦਾਰੀ ਨਹੀਂ ਪਾਈ ਤੇ ਭਾਰਤ ਦੀ ਰਾਸ਼ਟਰਵਾਦੀ ਨੀਤੀ 'ਚ ਸ਼ਾਮਲ ਨਹੀਂ ਹੋਏ ਤੇ ਆਪਣੀ ਵੱਖਰੀ ਹੀ ਸੁਰ ਅਲਾਪਦੇ ਰਹੇ।

ਭਾਰਤ ਦੇ ਲੋਕਾਂ ਅੰਦਰ ਰਾਸ਼ਟਰਵਾਦ ਦੀ ਭਾਵਨਾ ਦੀ ਚੇਤਨਤਾ ਦਾ ਉਥਾਨ ਉਨੀਂਵੀ ਸਦੀ ਦੇ ਮੱਧ 'ਚ ਸ਼ੁਰੂ ਹੁੰਦਾ ਹੈ। ਇਹ ਆਪਣੀ ਜੁਆਨੀ 'ਤੇ ਉਦੋਂ ਆਉਂਦਾ ਹੈ ਜਦੋਂ 1885 ਈਸਵੀ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਦ ਸਥਾਪਨਾ ਹੁੰਦੀ ਹੈ। ਕਾਂਗਰਸ ਦੀ ਸਥਾਪਨਾ ਦਾ ਆਰੰਭਕ ਦੌਰ ਬੜਾ ਨਰਮ ਪੰਥੀ ਹੈ। ਉਹ ਇਸ ਸਮੇਂ ਭਾਰਤ 'ਤੇ ਰਾਜ ਕਰ ਰਹੀ ਬਰਤਾਨਵੀ ਸਰਕਾਰ ਨਾਲ ਮੱਧਮਾਰਗੀ ਰਸਤਾ ਅਖਤਿਆਰ ਕਰਦੀ ਹੈ ਪਰ ਸਮੇਂ ਦੇ ਬੀਤਣ ਤੇ ਅੰਗਰੇਜ਼ ਸਰਕਾਰ ਦੀ ਭਾਰਤੀਆਂ ਪ੍ਰਤੀ ਬੇਰੁਖੀ ਤੇ ਉਦਾਸੀਨਤਾ ਕਾਰਨ ਕਾਂਗਰਸ ਦੀ ਰਾਸ਼ਟਰਵਾਦੀ ਸੋਚ 'ਚ ਤੇ ਇਸ ਦੀ ਰੂਪ-ਰੇਖਾ 'ਚ ਬੜੀ ਤਬਦੀਲੀ ਆਉਂਦੀ ਹੈ। ਕਾਂਗਰਸ ਪਾਰਟੀ ਦੇ ਨਰਮ ਪੰਥੀ ਦੌਰ 'ਚ ਪਾਰਟੀ ਵੱਲੋਂ ਅੰਗਰੇਜ਼ ਸਰਕਾਰ ਦੇ ਸਨਮੁਖ ਰੱਖੀਆਂ ਲੋਕ ਹਿਤਾਇਸ਼ੀ ਮੰਗਾਂ ਨੂੰ ਸਰਕਾਰ ਦਰਕਿਨਾਰ ਕਰ ਦਿੰਦੀ ਹੈ। ਸਰਕਾਰ ਨੇ ਇਸ ਤਰ੍ਹਾਂ ਦੇ ਬੇਰੁਖੀਏ ਰਵੱਈਏ ਕਾਰਨ, ਸੁਤੰਤਰਤਾ ਸੰਗਰਾਮੀਆਂ ਤੇ ਭਾਰਤੀ ਲੋਕਾਂ 'ਚ ਗੁੱਸੇ ਦੀ ਲਹਿਰ ਵਧਦੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣਾ ਰੁਖ ਹੋਰ ਸਖ਼ਤ ਕਰ ਲਿਆ। ਇਸ ਦਾ ਮੁੱਖ ਕਾਰਨ ਇਹ ਸੀ ਕਿ ਕਾਂਗਰਸ ਦੇ ਕੁਝ ਨੇਤਾਵਾਂ ਨੇ ਅੰਗਰੇਜ਼ ਸਰਕਾਰ ਪ੍ਰਤੀ ਆਪਣੀ ਉਗਰ ਪ੍ਰਵਿਰਤੀ ਅਖਤਿਆਰ ਕਰ ਲਈ ਸੀ। ਇਸ ਉਗਰ ਪ੍ਰਵਿਰਤੀ ਦੇ ਨੇਤਾਵਾਂ ਨੇ, ਕਾਂਗਰਸ ਪਾਰਟੀ ਦੀ ਹੋਂਦ ਵੇਲੇ ਤੋਂ ਚਲੇ ਆ ਰਹੇ ਕੁਝ ਨੇਤਾਵਾਂ ਦੀ ਨਰਮ ਪੰਥੀ ਨੀਤੀ ਦੇ ਖ਼ਿਲਾਫ਼ ਆਪਣਾ ਰੁਖ ਉਗਰ ਕਰ ਲਿਆ ਸੀ।

1906 ਦੀਆਂ ਕਾਂਗਰਸ ਪਾਰਟੀ ਦੀਆਂ ਚੋਣਾਂ 'ਚ ਸ੍ਰੀ ਬਾਲ ਗੰਗਾਧਰ ਤਿਲਕ ਨੂੰ ਅੰਗਰੇਜ਼ ਸਰਕਾਰ ਖ਼ਿਲਾਫ਼ ਆਪਣੇ ਉਗਰ ਰੁਖ ਕਾਰਨ ਪਾਰਟੀ ਮੈਂਬਰ ਨਹੀਂ ਲਿਆ ਗਿਆ। ਇਸ ਲਈ ਉਹਨਾਂ ਤੇ ਉਹਨਾਂ ਦੇ ਉਗਰ ਵਿਚਾਰ ਰੱਖਣ ਵਾਲੇ ਸਮਰਥਕਾਂ ਨੇ ਕਾਂਗਰਸ ਪਾਰਟੀ ਛੱਡ ਦਿੱਤੀ। ਕਾਂਗਰਸ ਦੇ ਦੋਵੇਂ ਧੜੇ ਰਾਸ਼ਟਰਵਾਦ ਦੇ ਹਾਮੀ ਸਨ ਤੇ ਦੋਵੇਂ ਧੜੇ ਚਾਹੁੰਦੇ ਸਨ ਕਿ ਉਹ ਆਪਣੇ-ਆਪਣੇ ਵੱਖਰੇ ਵਿਚਾਰਾਂ ਨਾਲ ਭਾਰਤ ਦੀ ਜ਼ਿਆਦਾ ਤੋਂ ਜ਼ਿਆਦਾ ਆਬਾਦੀ ਨੂੰ ਆਪਣੇ ਨਾਲ ਜੋੜ ਸਕਣ ਤੇ ਦੇਸ਼ ਨੂੰ ਜਿਤਨੀ ਜਲਦੀ ਹੋ ਸਕੇ ਆਜ਼ਾਦ ਕਰਾ ਸਕਣ।

ਦਾਦਾ ਭਾਈ ਨਾਰੋ ਜੀ ਨਰਮ ਦਲ ਦੀ ਹਮਾਇਤ ਕਰਦੇ ਸਨ, ਆਪਣੇ ਵਿਚਾਰ ਨਰਮ ਰੱਖਣ ਕਾਰਨ ਉਹਨਾਂ ਨੇ 'ਬਰਤਾਨੀਆ ਦੇ ਹਾਊਸ ਆਫ਼ ਕਾਮਨਜ਼' ਦੀ ਚੋਣ ਲੜੀ ਤੇ ਉਹ ਜਿੱਤ ਗਏ। ਉਹ ਬਰਤਾਨੀਆ ਦੀ ਹਾਊਸ ਆਫ਼ ਕਾਮਨਜ਼ ਦੇ ਪਹਿਲੇ ਭਾਰਤੀ ਮੈਂਬਰ ਸਨ।

1907 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਪਾਰਟੀ ਦੋ ਧੜਿਆਂ 'ਚ ਵੰਡੀ ਗਈ। ਇਕ ਧੜਾ ਗਰਮ ਦਲ ਤੇ ਦੂਸਰਾ ਧੜਾ ਨਰਮ ਦਲ ਅਖਵਾਉਣ ਲੱਗ ਪਿਆ। ਗਰਮ ਧੜੇ ਦੀ ਅਗਵਾਈ ਸ੍ਰੀ ਬਾਲ ਗੰਗਾਧਰ ਤਿਲਕ ਕਰ ਰਹੇ ਸਨ ਤੇ ਇਹਨਾਂ ਦੀ ਹਮਾਇਤ ਸ੍ਰੀ ਵਿਪਨਚੰਦਰ ਪਾਲ ਤੇ ਸ੍ਰੀ ਲਾਲਾ ਲਾਜਪਤ ਰਾਏ ਜੀ ਤੇ ਇਹਨਾਂ ਦੋਹਾਂ ਦੇ ਸਮਰਥਕ ਕਰ ਰਹੇ ਸਨ। ਨਰਮ ਧੜੇ ਦੀ ਅਗਵਾਈ ਸ੍ਰੀ ਦਾਦਾ ਭਾਈ ਨਾਰੋਜੀ ਤੇ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਕਰ ਰਹੇ ਸਨ। ਗੋਪਾਲ ਕ੍ਰਿਸ਼ਨ ਗੋਖਲੇ, ਬਾਲ ਗੰਗਾਧਰ ਤਿਲਕ ਦੀਆਂ ਉਗਰ ਨੀਤੀਆਂ ਦੀ ਖੁੱਲ੍ਹ ਕੇ ਵਿਰੋਧਤਾ ਕਰਦੇ ਸਨ।

ਇਸ ਗਰਮ ਦਲ ਦੇ ਉਗਰ ਰੁਖ ਦਾ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਸਰਕਾਰ 'ਤੇ ਹਮਲੇ ਹੋਰ ਵੱਧ ਗਏ। ਪਰ ਅੰਗਰੇਜ਼ ਸਰਕਾਰ ਨੇ ਇਸ ਉਮਰ ਰੁਖ ਦੀ ਕੋਈ ਬਹੁਤੀ ਪਰਵਾਹ ਨਹੀਂ ਕੀਤਾ ਸਗੋਂ ਭਾਰਤੀਆਂ ਪ੍ਰਤੀ ਆਪਣੀ 'ਦਮਨਕ-ਾਰੀ ਨੀਤੀ' ਨੂੰ ਪਹਿਲਾਂ ਦੀ ਤਰ੍ਹਾਂ ਹੀ ਚਾਲੂ ਰੱਖਿਆ। ਅੰਗਰੇਜ਼ ਸਰਕਾਰ ਨੇ ਭਾਰਤੀਆਂ ਦੀ ਇਸ 'ਰਾਸ਼ਟਰੀ ਲਹਿਰ' ਨੂੰ ਕਮਜ਼ੋਰ ਕਰਨ ਲਈ ਆਪਣੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਖਤਿਆਰ ਕਰ ਲਈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਮੁਸਲਮਾਨਾਂ ਨੇ ਦੋਹਾਂ ਦਲਾਂ ਦਾ ਕੋਈ ਸਾਥ ਨਹੀਂ ਦਿੱਤਾ ਤੇ ਉਹਨਾਂ ਨੇ ਆਪਣੀ ਨਵੀਂ ਪਾਰਟੀ 'ਮੁਸਲਿਮ ਲੀਗ' ਬਣਾ ਲਈ। ਇਸ ਮੁਸਲਿਮ ਲੀਗ ਨੇ ਰਾਸ਼ਟਰਵਾਦੀ ਨੈਸ਼ਨਲ ਕਾਂਗਰਸ ਦੀਆਂ ਮੰਗਾਂ ਦੇ ਸਮਾਨਾਂਤਰ ਕੁਝ ਆਪਣੀਆਂ ਮੰਗਾਂ ਵੀ ਸਰਕਾਰ ਦੇ ਸਨਮੁਖ ਰੱਖਣੀਆਂ ਸ਼ੁਰੂ ਕਰ ਦਿੱਤੀਆਂ। ਭਾਵੇਂ ਰਾਸ਼ਟਰਵਾਦੀ ਤੇ ਮੁਸਲਿਮ ਲੀਗ ਦੋਵੇਂ ਲਹਿਰਾਂ ਇਕੋ ਸਮੇਂ ਦੇ ਨੇੜੇ-ਤੇੜੇ ਹੋਂਦ 'ਚ ਆਈਆਂ ਪਰ ਮੁਸਲਿਮ ਲੀਗ ਆਪਣਾ ਵੱਖਰਾ ਪ੍ਰਭਾਵ ਬਹੁਤਾ ਚਿਰ ਸਥਾਈ ਨਾ ਰੱਖ ਸਕੀ।





1900 'ਚ ਭਾਵੇਂ ਕਾਂਗਰਸ ਨੇ ਭਾਰਤ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ 'ਚ ਸ਼ਾਮਲ ਕਰ ਲਿਆ ਪਰ ਉਹ ਮੁਸਲਮਾਨਾਂ ਨੂੰ ਇਸ 'ਚ ਸ਼ਾਮਲ ਕਰਨ 'ਚ ਨਾਕਾਮਯਾਬ ਰਹੀ ਕਿਉਂਕਿ ਉਹ ਮਹਿਸੂਸ ਕਰਦੇ ਸਨ ਕਿ ਉਹਨਾਂ ਦੀ ਸਰਕਾਰੀ ਨੌਕਰੀਆਂ 'ਚ ਸ਼ਮੂਲੀਅਤ ਬੜੀ ਘੱਟ ਹੈ।

ਉਸ ਸਮੇਂ ਹਿੰਦੂ ਧਾਰਮਿਕ ਨੇਤਾ ਇਸ ਗੱਲ ਦਾ ਡਟ ਕੇ ਵਿਰੋਧ ਕਰਦੇ ਸਨ ਕਿ ਮੁਸਲਮਾਨ ਦਲਿਤ ਹਿੰਦੂ ਪਰਿਵਾਰਾਂ ਦਾ ਧਰਮ ਪਰਿਵਰਤਨ ਕਰਕੇ ਉਹਨਾਂ ਨੂੰ ਮੁਸਲਮਾਨ ਬਣਾ ਰਹੇ ਸਨ। ਹਿੰਦੂ ਨੇਤਾ ਮੁਸਲਮਾਨਾਂ ਦਾ ਇਸ ਕਰਕੇ ਵੀ ਵਿਰੋਧ ਕਰਦੇ ਸਨ ਕਿ ਮੁਸਲਮਾਨ ਗਊ ਹੱਤਿਆ ਕਰਦੇ ਸਨ। ਇਸ ਤੋਂ ਇਲਾਵਾ ਹਿੰਦੂ ਸੰਗਠਨ ਉਰਦੂ ਭਾਸ਼ਾ ਦਾ ਵੀ ਵਿਰੋਧ ਕਰਦੇ ਸਨ ਕਿ ਇਸ ਨੂੰ ਅਰਬੀ ਲਿਪੀ 'ਚ ਕਿਉਂ ਲਿਖਿਆ ਜਾਂਦਾ ਹੈ। ਇਹਨਾਂ ਕੁਝ ਕਾਰਨਾਂ ਨੇ ਹਿੰਦੂਆਂ ਤੇ ਮੁਸਲਮਾਨਾਂ 'ਚ ਕਾਫੀ ਦੂਰੀਆਂ ਵਧਾ ਦਿੱਤੀਆਂ। ਇਹਨਾਂ ਕਾਰਨਾਂ ਨੇ ਮੁਸਲਮਾਨਾਂ ਨੂੰ ਭਾਰਤ ਦੀ ਮੁੱਖ ਧਾਰਾ, ਰਾਸ਼ਟਰਵਾਦ 'ਚ ਸ਼ਾਮਲ ਹੋਣ ਤੋਂ ਰੋਕੀ ਰੱਖਿਆ।

ਜਿਉਂ ਹੀ ਬਾਲ ਗੰਗਾਧਰ ਤਿਲਕ ਦੀ ਗ੍ਰਿਫਤਾਰੀ ਹੋਈ, ਭਾਰਤ ਦੇ ਸਾਰੇ ਆਕ੍ਰਮਣਕਾਰੀ ਨੀਤੀ 'ਚ ਵਿਸ਼ਵਾਸ ਰੱਖਣ ਵਾਲਿਆਂ ਦੀ ਰਣਨੀਤੀ 'ਚ ਖੜੋਤ ਆ ਗਈ। ਕਾਂਗਰਸ 'ਚ ਲੋਕਾਂ ਦਾ ਵਿਸ਼ਵਾਸ ਘਟ ਗਿਆ। ਉਹਨਾਂ ਦਿਨਾਂ 'ਚ ਮੁਸਲਮਾਨਾਂ ਦਾ ਇਕ ਵਫ਼ਦ ਭਾਰਤ ਦੇ ਵਾਇਸਰਾਏ ਲਾਰਡ ਮੈਂਟੋ ਮਾਰਲੇ (1905-10) ਨੂੰ ਮਿਲਿਆ। ਉਹਨਾਂ ਨੇ ਆਪਣੀਆਂ ਕਾਫੀ ਚਿਰਾਂ ਤੋਂ ਲਟਕਦੀਆਂ ਮੰਗਾਂ ਦੀ ਮੰਗ ਕੀਤੀ ਕਿ ਉਹਨਾਂ ਦੀ ਸਰਕਾਰੀ ਨੌਕਰੀ 'ਚ ਗਿਣਤੀ ਵਧਾਈ ਜਾਵੇ ਤੇ ਵੋਟ ਦਾ ਅਧਿਕਾਰੀ ਵੀ ਦਿੱਤਾ ਜਾਵੇ। ਬ੍ਰਿਟਿਸ਼ ਸਰਕਾਰ ਨੇ ਮੁਸਲਿਮ ਲੀਗ ਦੀਆਂ ਕੁਝ ਮੰਗਾਂ ਨੂੰ 1909 ਦਾ 'ਇੰਡੀਅਨ ਕੌਂਸਲ ਐਕਟ' ਬਣਾ ਕੇ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਮੁਸਲਿਮ ਲੀਗ ਨੇ ਆਪਣੇ-ਆਪ ਨੂੰ ਹਿੰਦੂ ਬਹੁਗਿਣਤੀ ਕਾਂਗਰਸ ਤੋਂ ਅਲੱਗ ਕਰ ਲਿਆ। ਇਹ ਉਨ੍ਹਾਂ ਦੀ ਕੌਮ ਦੀ, ਭਾਰਤ ਦੀ ਮੁੱਖ ਧਾਰਾ ਵਾਲੀ ਕੌਮ ਤੋਂ ਭਾਵ ਰਾਸ਼ਟਰਵਾਦੀ ਸੋਚ ਤੋਂ ਅਲੱਗ ਹੋਣ ਦੀ ਆਪਣੀ ਆਵਾਜ਼ ਸੀ।

1920 'ਚ ਰਾਸ਼ਟਰੀ ਲਹਿਰ ਨੇ ਆਪਣਾ ਰੁਖ ਹੋਰ ਉਗਰ ਕਰ ਲਿਆ। ਇਸ ਸਮੇਂ 'ਚ ਇਸ ਲਹਿਰ ਨਾਲ ਮਹਾਤਮਾ ਗਾਂਧੀ ਜੀ ਦੇ ਜੁੜਨ ਨਾਲ 'ਇੰਡੀਅਨ ਨੈਸ਼ਨਲ ਕਾਂਗਰਸ' ਦੀ ਅਗਵਾਈ ਉਨ੍ਹਾਂ ਦੇ ਹੱਥ ਆ ਗਈ ਤੇ ਉਹਨਾਂ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਕਈ ਲਹਿਰਾਂ ਚਲਾਈਆਂ, ਜਿਸ ਨਾਲ ਭਾਰਤ ਦੀ ਇਸ ਰਾਸ਼ਟਰੀ ਲਹਿਰ ਨੂੰ ਹੋਰ ਤਾਕਤ ਮਿਲ ਗਈ।

ਇਸ ਰਾਸ਼ਟਰੀ ਅੰਦੋਲਨ ਦੀ ਪਹਿਲੀ ਕੜੀ 'ਨਾਮਿਲਵਰਤਨ ਦੀ ਲਹਿਰ' ਸੀ। ਇਸ ਲਹਿਰ ਦਾ 1920 ਤੋਂ 1922 ਤੱਕ ਬਹੁਤ ਜ਼ੋਰ ਰਿਹਾ। ਇਸ ਸਿਵਲ ਨਾ-ਫੁਰਮਾਨੀ ਲਹਿਰ ਨੇ ਅੰਗਰੇਜ਼ ਸਰਕਾਰ ਦੇ ਨੱਕ ਵਿਚ ਦਮ ਕਰ ਦਿੱਤਾ। ਸਮੁੱਚੇ ਭਾਰਤ 'ਚ ਅੰਗਰੇਜ਼ੀ ਵਸਤਾਂ ਤੇ ਉਹਨਾਂ ਦੀਆਂ ਅਦਾਲਤਾਂ ਦਾ ਬਾਈਕਾਟ ਕੀਤਾ ਗਿਆ। ਇਸ ਕਦਮ ਨਾਲ, ਭਾਰਤ ਦੀ ਇਸ ਰਾਸ਼ਟਰਵਾਦੀ ਲਹਿਰ ਨੂੰ ਬਹੁਤ ਵੱਡਾ ਹੁੰਗਾਰਾ ਮਿਲਿਆ। ਭਾਵੇਂ ਇਸ ਨਾਮਿਲਵਰਤਨ ਲਹਿਰ ਦਾ ਕਾਂਗਰਸ ਪਾਰਟੀ ਨੂੰ ਬਹੁਤ ਲਾਭ ਹੋਇਆ ਤੇ ਪਾਰਟੀ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਸਭ ਤੋਂ ਮੋਹਰਲੀ ਕਤਾਰ 'ਚ ਆਣ ਖੜ੍ਹੀ ਹੋ ਗਈ। ਪਰ ਇਸ ਦੇ ਨਾਲ-ਨਾਲ ਦੂਸਰੀਆਂ ਹੋਰ ਕਈ ਸੰਸਥਾਵਾਂ ਤੇ ਸੰਗਠਨਾਂ ਨੇ ਵੀ ਇਸ ਰਾਸ਼ਟਰਵਾਦੀ ਲਹਿਰ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ-ਆਪਣਾ ਭਰਪੂਰ ਯੋਗਦਾਨ ਪਾਇਆ। ਭਾਵੇਂ ਆਜ਼ਾਦੀ ਦੀ ਮੰਗ ਨੇ 1930 ਤੋਂ ਬਹੁਤ ਜ਼ਿਆਦਾ ਜ਼ੋਰ ਫੜਿਆ ਪਰ ਇਸ ਦਾ ਅਸਲੀ ਚਿਹਰਾ, ਉਸ ਸਮੇਂ ਸਾਹਮਣੇ ਆਇਆ, ਜਦੋਂ 'ਸੰਸਾਰ ਦਾ ਦੂਜਾ ਮਹਾਂਯੁੱਧ' ਆਰੰਭ ਹੋਇਆ। ਇਸ ਸੰਸਾਰ ਦੇ ਦੂਸਰੇ ਮਹਾਂਯੁੱਧ 'ਚ 'ਇੰਡੀਅਨ ਨੈਸ਼ਨਲ ਕਾਂਗਰਸ' ਨੇ ਆਪਣਾ ਪੂਰਾ ਸਮਰਥਨ ਅੰਗਰੇਜ਼ ਸਰਕਾਰ ਨੂੰ ਦਿੱਤਾ। ਇਸ ਸਮੇਂ ਕਾਂਗਰਸ ਪਾਰਟੀ ਨੇ ਇਹ ਸੋਚਿਆ ਕਿ ਇਸ ਤਰ੍ਹਾਂ ਅੰਗਰੇਜ਼ ਸਰਕਾਰ ਦਾ ਸਮਰਥਨ ਕਰਨ ਨਾਲ ਉਹ ਆਪੇ ਹੀ ਭਾਰਤ 'ਚੋਂ ਆਪਣਾ ਰਾਜ ਖਤਮ ਕਰਕੇ ਚਲੇ ਜਾਣਗੇ ਪਰ ਇਸ ਤਰ੍ਹਾਂ ਨਹੀਂ ਹੋਇਆ ਤੇ ਅੰਗਰੇਜ਼ ਸਰਕਾਰ ਦਾ ਅਸਲੀ ਚਿਹਰਾ ਬੜੀ ਜਲਦੀ ਨੰਗਾ ਹੋ ਗਿਆ।

ਅੰਗਰੇਜ਼ ਸਰਕਾਰ ਦਾ ਬਦਲਿਆ ਰੁਖ ਦੇਖ ਕੇ ਕਾਂਗਰਸ ਪਾਰਟੀ ਮਹਾਤਮਾ ਗਾਂਧੀ ਦੀ ਅਗਵਾਈ 'ਚ 1942 ਨੂੰ 'ਭਾਰਤ ਛੱਡੋ ਅੰਦੋਲਨ' ਲਈ ਤਿਆਰ ਹੋ ਗਈ ਤੇ ਉਨ੍ਹਾਂ ਨੇ 'ਭਾਰਤ ਛੱਡੋ ਅੰਦੋਲਨ' ਦਾ ਐਲਾਨ ਕਰ ਦਿੱਤਾ। ਇਸ ਅੰਦੋਲਨ ਦਾ ਅੰਗਰੇਜ਼ ਸਰਕਾਰ 'ਤੇ ਇਤਨਾ ਦਬਾਅ ਪਿਆ ਤੇ ਇਹ ਪ੍ਰਭਾਵ ਸਾਰੇ ਸੰਸਾਰ ਪੱਧਰ 'ਤੇ ਦੇਖਿਆ ਗਿਆ ਕਿ ਹੁਣ ਦੁਨੀਆਂ ਦੇ ਦੂਸਰੇ ਮਹਾਂਯੁੱਧ ਦੀ ਸਮਾਪਤੀ ਦੇ ਬਾਅਦ ਅੰਗਰੇਜ਼ ਸਰਕਾਰ ਦਾ ਭਾਰਤ 'ਚ ਟਿਕੇ ਰਹਿਣਾ ਨਾਮੁਮਕਿਨ ਲੱਗਣ ਲੱਗ ਪਿਆ। ਅੰ-ਗਰੇਜ਼ ਸਰਕਾਰ ਨੇ ਵੀ ਅਜਿਹੇ ਦਬਾਅ ਦੇ ਅਧੀਨ ਆਪਣਾ ਮਨ ਬਣਾ ਲਿਆ ਕਿ ਭਾਰਤ 'ਤੇ ਹੁਣ ਹੋਰ ਰਾਜ ਕਰਨਾ ਅਸੰਭਵ ਹੈ ਤੇ ਇੱਥੋਂ ਚਲੇ ਜਾਣਾ ਹੀ ਠੀਕ ਹੋਵੇਗਾ।

ਦੂਸਰੇ ਪਾਸੇ ਮੁਸਲਿਮ ਲੀਗ ਨੇ ਅੰਗਰੇਜ਼ ਸਰਕਾਰ ਸਾਹਮਣੇ ਆਪਣੇ ਲਈ ਵੱਖਰੇ ਦੇਸ਼ ਪਾਕਿਸਤਾਨ ਦੀ ਮੰਗ ਰੱਖ ਦਿੱਤੀ। ਮੁਸਲਿਮ ਲੀਗ ਨੇ ਇਹ ਮਹਿਸੂਸ ਕੀਤਾ ਕਿ ਆਜ਼ਾਦ ਸੰਯੁਕਤ ਭਾਰਤ 'ਚ ਹਿੰਦੁਤਵ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਰਹੇਗਾ। ਸੰਨ 1945-46 ਨੂੰ 'ਕੇਂਦਰੀ ਲੈਜਿਸਲੈਟਿਵ ਅਸੈਂ-ਬਲੀ' ਦੀਆਂ ਹੋਈਆਂ ਚੋਣਾਂ 'ਚ ਮੁਹੰਮਦ ਅਲੀ ਜਿਨਾਹ ਦੀ 'ਮੁਸਲਿਮ ਲੀਗ ਪਾਰਟੀ' ਆਪਣੀਆਂ ਸਾਰੀਆਂ 30 ਰਿਜ਼ਰਵ ਸੀਟਾਂ ਜਿੱਤ ਗਈ। ਮੁਸਲਿਮ ਲੀਗ ਤੇ ਕਾਂਗਰਸ ਪਾਰਟੀ 'ਚ ਗਤੀਰੋਧ ਨੂੰ ਖਤਮ ਕਰਨ ਲਈ ਕਿ ਸਾਰੀਆਂ ਸ਼ਕਤੀਆਂ 'ਇਕੋ ਭਾਰਤੀ ਸੰਗਠਨ' ਕੋਲ ਆ ਜਾਣ, ਇਸ ਲਈ 1946 'ਚ ਤਿੰਨ ਮੈਂਬਰੀ ਕੈਬਨਿਟ ਮਿਸ਼ਨ ਬਣਾਇਆ ਗਿਆ। ਜਿਹੜਾ ਕਿ ਭਾਰਤ 'ਤੇ ਰਾਜ ਪ੍ਰਬੰਧ ਚਲਾਉਣ ਲਈ ਯੋਜਨਾ ਤਿਆਰ ਕਰੇਗਾ।

ਯੋਜਨਾ ਅਨੁਸਾਰ ਦੇਸ਼ ਨੂੰ ਤਿੰਨ ਪ੍ਰਾਂਤਕ ਭਾਗਾਂ 'ਚ ਵੰਡਿਆ ਜਾਵੇਗਾ। ਪਹਿਲੇ ਭਾਰਤ 'ਚ ਹਿੰਦੂ ਬਹੁਆਬਾਦੀ ਹਲਕਾ ਹੋਵੇਗਾ ਤੇ ਇਹ ਹਿੱਸਾ ਆਜ਼ਾਦ ਭਾਰਤ ਦਾ ਇਕ ਪ੍ਰਮੁੱਖ ਭਾਗ ਹੋਵੇਗਾ। ਦੂਸਰਾ ਬੀ ਤੇ ਸੀ ਭਾਗ 'ਚ ਮੁਸਲਮਾਨ ਬਹੁਗਿਣਤੀ ਹਲਕੇ 'ਚ ਸ਼ਾਮਲ ਹੋਵੇਗਾ। ਹਰ ਭਾਗ ਤੇ ਉਸ ਬਹੁਗਿਣਤੀ ਦਾ ਰਾਜ ਹੋਵੇਗਾ ਤੇ ਉਸ ਪਾਸ ਪੂਰੇ ਅਧਿਕਾਰ ਤੇ ਪੂਰਨ ਸੁਤੰਤਰਤਾ ਹੋਵੇਗੀ ਪਰ ਵਿਦੇਸ਼ ਵਿਭਾਗ, ਸੰਚਾਰ ਵਿਭਾਗ, ਫੌਜ ਤੇ ਵਿੱਤ ਵਿਭਾਗ ਦਾ ਸਾਰੇ ਦੇਸ਼ ਦਾ ਪ੍ਰਬੰਧ ਇਹਨਾਂ ਦੇ ਅਧੀਨ ਨਹੀਂ ਹੋਵੇਗਾ।

ਇਸ ਯੋਜਨਾ 'ਚ ਭਾਵੇਂ ਪੰਜਾਬ ਦੀ ਸਿੱਖ ਬਹੁਗਿਣਤੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਹੜੀ ਕਿ ਬੀ ਗਰੁੱਪ ਦੇ ਹਲਕਿਆਂ ਦੀ ਸ਼੍ਰੇਣੀ 'ਚ ਆਉਂਦੀ ਸੀ, ਭਾਵੇਂ ਕਿ ਇਸ ਹਲਕੇ 'ਚ ਇਹਨਾਂ ਦੀ ਆਬਾਦੀ ਬਾਕੀ ਦੇਸ਼ ਦੀ ਆਬਾਦੀ ਦੇ ਮੁਕਾਬਲੇ 'ਚ 2 ਪ੍ਰਤੀਸ਼ਤ ਹੀ ਸੀ ਪਰ ਫਿਰ ਵੀ ਸਿੱਖ ਆਪਣੀ ਬਹੁਗਿਣਤੀ ਵਾਲੀ ਪੰਜਾਬ ਸਟੇਟ ਅਲੱਗ ਲੈਣੀ ਚਾਹੁੰਦੇ ਸਨ ਤੇ ਉਹਨਾਂ ਨੇ 1946 'ਚ ਇਕ ਵੱਖਰੀ 'ਆਜ਼ਾਦ ਸਿੱਖ ਸਟੇਟ' ਦੀ ਮੰਗ ਰੱਖ ਦਿੱਤੀ ਸੀ। ਮੁਸਲਿਮ ਲੀਗ ਦੇ ਪ੍ਰਮੁੱਖ ਨੇਤਾ ਵਜੋਂ ਮੁਹੰਮਦ ਅਲੀ ਜਿਨਾਹ ਨੇ ਕੈਬਨਿਟ ਮਿਸ਼ਨ ਦੀ ਇਸ ਤਜਵੀਜ਼ ਨੂੰ ਆਪਣੀ ਪ੍ਰਵਾਨਗੀ ਦੇ ਦਿੱਤੀ ਸੀ ਪਰ ਫਿਰ ਵੀ ਪੰਡਤ ਜਵਾਹਰ ਲਾਲ ਨਹਿਰੂ ਜਦੋਂ ਦੂਜੀ ਵਾਰ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ, ਉਹਨਾਂ ਨੇ ਆਪਣੀ ਪਹਿਲੀ ਕਾਨਫਰੰਸ 'ਚ ਇਹ ਐਲਾਨ ਕੀਤਾ ਕਿ 'ਕੋਈ ਵੀ ਵਿਧਾਨਕ ਅਸੈਂਬਲੀ ਇਸ ਗੱਲ ਲਈ ਪਾਬੰਦ ਨਹੀਂ ਹੋਵੇਗੀ ਕਿ ਉਹ 'ਸੰਵਿਧਾਨਕ ਫ਼ਾਰਮੂਲਾ' ਬਣਨ ਤੋਂ ਪਹਿਲਾਂ ਹੀ ਇਸ ਨੂੰ ਮਨਜ਼ੂਰੀ ਦੇ ਦੇਵੇ।'' ਮੁਹੰਮਦ ਅਲੀ ਜਿਨਾਹ ਨੇ ਇਸ ਗੱਲ ਨੂੰ ਸਮੇਟਦੇ ਹੋਏ ਆਪਣੀ ਮੁਸਲਿਮ ਲੀਗ ਦੀ ਕਾਰਜਕਾਰੀ ਕਮੇਟੀ ਸਮੇਤ ਇਸ ਰਾਏ ਨੂੰ ਵਾਪਸ ਲੈ ਲਿਆ ਤੇ ਕਿਹਾ ਕਿ, 'ਮੁਸਲਮਾਨ ਇਸ 'ਚ ਸਿੱਧੀ ਦਖ਼ਲ-ਅੰਦਾਜ਼ੀ ਲਈ ਅਗਸਤ 1946 ਦੇ ਅੱਧ 'ਚ ਸੰਘਰਸ਼ ਕਰਨਗੇ।' ਇਸ ਨਾਲ ਹਿੰਦੂ ਤੇ ਮੁਸਲਮਾਨਾਂ 'ਚ ਪਾਗਲਪੁਣੇ ਦੀ ਹੱਦ ਤੱਕ ਦੰਗੇ-ਫਸਾਦ ਆਰੰਭ ਹੋ ਗਏ।

ਮਾਰਚ 1947 ਨੂੰ ਲਾਰਡ ਮਾਊਂਟ ਬੈਟਨ ਭਾਰਤ ਆਇਆ ਤੇ ਉਸ ਨੇ ਪੰਜਾਬ ਤੇ ਬੰਗਾਲ ਦੀ ਵੰਡ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਨਾਲ ਦੋਹਾਂ ਸੂਬਿਆਂ 'ਚ ਖ਼ਾਨਾ-ਜੰਗੀ ਛਿੜ ਗਈ। ਮਹਾਤਮਾ ਗਾਂਧੀ ਜੀ ਨੇ ਇਸ ਵੰਡ ਦੇ ਖਿਆਲ ਦਾ ਰੱਜ ਕੇ ਵਿਰੋਧ ਕੀਤਾ ਤੇ ਲਾਰਡ ਮਾਊਂਟ ਬੈਟਨ ਨੂੰ ਕਿਹਾ ਕਿ ਸਾਨੂੰ ਸੰਯੁਕਤ ਭਾਰਤ ਦੀ ਅਗਵਾਈ ਲਈ ਮੁਹੰਮਦ ਅਲੀ ਜਿਨਾਹ ਦੀ ਲੀਡਰਸ਼ਿਪ ਮਨਜ਼ੂਰ ਹੈ ਪਰ ਅਸੀਂ ਮੁਸਲਮਾਨਾਂ ਲਈ ਇਕ ਵੱਖਰਾ ਦੇਸ਼ ਹੋਵੇ, ਦੀ ਸਖ਼ਤ ਵਿਰੋਧਤਾ ਕਰਦੇ ਹਾਂ। ਪਰ ਮਹਾਤਮਾ ਗਾਂਧੀ ਜੀ ਦੇ ਇਨ੍ਹਾਂ ਵਿਚਾਰਾਂ ਨਾਲ, ਸਮੇਤ ਪੰਡਤ ਜਵਾਹਰ ਲਾਲ ਨਹਿਰੂ ਤੇ ਹੋਰ ਬਹੁਤ ਸਾਰੇ ਕੌਮੀ ਨੇਤਾਵਾਂ ਨੇ ਸਹਿਮਤੀ ਨਹੀਂ ਦਿੱਤੀ। ਜੁਲਾਈ 1947 'ਚ ਬਰਤਾਨੀਆ ਦੀ ਪਾਰਲੀਮੈਂਟ ਨੇ 'ਭਾਰਤ ਦੀ ਆਜ਼ਾਦੀ ਦਾ ਐਕਟ' ਪਾਸ ਕਰ ਦਿੱਤਾ। ਇਸ ਐਕਟ ਅਨੁਸਾਰ ਅਗਸਤ 14 ਤੇ 15, 1947 ਨੂੰ ਪਾਕਿਸਤਾਨ ਤੇ ਭਾਰਤ ਵੰਡ ਹੋ ਕੇ ਦੋ ਅਲੱਗ-ਅਲੱਗ ਦੇਸ਼ ਬਣ ਗਏ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੁਆਰਾ ਬਣਾਇਆ ਗਿਆ ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਭਾਰਤ ਸਰਕਾਰ ਨੇ ਸਵੀਕਾਰ ਕਰ ਲਿਆ ਤੇ ਇਸ ਨੂੰ 26 ਜਨਵਰੀ 1950 ਵਾਲੇ ਦਿਨ ਭਾਰਤ ਸਰਕਾਰ ਨੇ ਲਾਗੂ ਕਰ ਦਿੱਤਾ ਤੇ ਇਸ ਨੂੰ 'ਗਣਤੰਤਰ ਦਿਵਸ' ਦੇ ਤੌਰ 'ਤੇ ਹਰ ਸਾਲ ਉਦੋਂ ਤੋਂ ਹੀ ਮਨਾਇਆ ਜਾਂਦਾ ਹੈ। ਭਾਰਤ ਨੇ ਭਾਵੇਂ ਪਿਛਲੇ ਸੱਤ ਦਹਾਕਿਆਂ 'ਚ ਕਈ ਖੇਤਰਾਂ 'ਚ ਬੜੀ ਤਰੱਕੀ ਕੀਤੀ ਹੈ ਪਰ ਇਸ ਲੰਮੇ ਸਮੇਂ 'ਚ ਭਾਰਤ ਦੇ ਸੰਵਿਧਾਨ ਦੀਆਂ ਭਾਵਨਾਵਾਂ ਦੇ ਅਨੁਸਾਰ ਅਸੀਂ ਸਮੁੱਚੇ ਭਾਰਤੀਆਂ 'ਚ ਰਾਸ਼ਟਰਵਾਦੀ ਭਾਵਨਾਵਾਂ ਪੈਦਾ ਨਹੀਂ ਕਰ ਸਕੇ ਤੇ ਅਸੀਂ ਅੰਤਰ-ਰਾਸ਼ਟਰਵਾਦੀ ਭਾਵਨਾਵਾਂ ਤੋਂ ਅਜੇ ਕੋਹਾਂ ਦੂਰ ਹਾਂ। ਅਸੀਂ ਆਪਣੀਆਂ ਨਿੱਜੀ ਤੇ ਵਰਗਵਾਦੀ ਭਾਵਨਾਵਾਂ ਤੋਂ ਉਪਰ ਹੀ ਨਹੀਂ ਉੱਠ ਸਕੇ। ਚਾਰ-ਚੁਫੇਰੇ ਵਰਗਵਾਦ ਦਾ ਬੋਲਬਾਲਾ ਹੈ। ਇਸ ਵਰਗਵਾਦੀ ਸੋਚ ਨੇ ਮਾਨਵੀ ਕਦਰਾਂ-ਕੀਮਤਾਂ ਦਾ ਬੜਾ ਨੁਕਸਾਨ ਕੀਤਾ ਹੈ। ਮਾਨਵਵਾਦੀ ਤੇ ਰਾਸ਼ਟਰਵਾਦੀ ਸੋਚ ਅਲੋਪ ਹੋ ਚੁੱਕੀ ਹੈ। ਸਾਡਾ ਭਾਰਤੀ ਸਮਾਜ ਜਾਤੀ ਪ੍ਰਧਾਨ ਸਮਾਜ ਹੈ। ਇਸ ਸਮਾਜ 'ਚ 'ਮਾਨਵਵਾਦੀ ਸਮਾਜਿਕ ਬਰਾਬਰੀ' ਨਹੀਂ ਹੈ। ਦੇਸ਼ ਤਾਂ ਹੀ ਪੂਰੀ ਤਰ੍ਹਾਂ ਤਰੱਕੀ ਤੇ ਵਿਕਾਸ ਵਾਲਾ ਬਣ ਸਕਦਾ ਹੈ ਜੇਕਰ ਲੋਕਾਂ ਦੀ ਮਾਨਵਵਾਦੀ, ਰਾਸ਼ਟਰਵਾਦੀ, ਫਿਰ ਅੰਤਰ ਰਾਸ਼ਟਰਵਾਦੀ ਤੇ ਵਿਗਿਆਨਕ ਸੋਚ ਬਣਾਈ ਜਾ ਸਕੇ। ਨਹੀਂ ਤਾਂ ਇਸੇ ਤਰ੍ਹਾਂ ਹੀ ਮਨੁੱਖ ਦਾ ਮਨੁੱਖ ਹੱਥੋਂ ਸ਼ੋਸ਼ਣ ਹੁੰਦਾ ਰਹੇਗਾ। ਦੇਸ਼ 'ਚ ਭ੍ਰਿਸ਼ਟਾਚਾਰ ਵੀ ਆਪਣੀ ਪੂਰੀ ਚਰਮ ਸੀਮਾ 'ਤੇ ਹੈ ਤੇ ਰਾਜਨੀਤਿਕ ਲੋਕਾਂ ਤੇ ਅਫ਼ਸਰਸ਼ਾਹੀ ਨੇ ਇਸ ਨੂੰ ਇਕ ਵਧੀਆ ਵਪਾਰ ਬਣਾ ਲਿਆ ਹੈ ਤੇ ਉਹ ਲੋਕਾਂ ਨੂੰ ਉਹਨਾਂ ਦੇ ਜਾਇਜ਼ ਕੰਮ ਕਰਨ ਲਈ ਜਾਂ ਕਰਾਉਣ ਲਈ ਦੋਹਾਂ ਹੱਥਾਂ ਨਾਲ ਰਿਸ਼ਵਤ ਦੇ ਰੂਪ 'ਚ ਲੁੱਟ ਰਹੇ ਹਨ। ਇਹਨਾਂ ਲੋਕਾਂ ਨੇ ਰਾਜਨੀਤੀ ਨੂੰ, ਸਮਾਜਿਕ ਸੇਵਾ ਦੇ ਢੌਂਗ 'ਚ ਤਬਦੀਲ ਕਰ ਦਿੱਤਾ ਹੈ। ਪੈਸੇ ਦਿਓ ਤੇ ਕੰਮ ਕਰਾਓ ਦੀ ਦੋਹਰੀ ਨੀਤੀ 'ਤੇ ਕੰਮ ਕਰਦੇ ਹਨ ਹਰ ਰੋਜ਼ ਵੱਡੇ-ਵੱਡੇ ਭ੍ਰਿਸ਼ਟਾਚਾਰ ਦੇ ਸਕੈਂਡਲ ਨੰਗੇ ਹੋ ਰਹੇ ਹਨ।

ਇਸ ਤੋਂ ਇਲਾਵਾ ਰਹਿੰਦੀ ਖੂੰਹਦੀ ਕਸਰ 'ਆਪੇ ਬਣੇ ਰੱਬਾਂ' ਭਾਵ ਸਾਧਾਂ-ਫਕੀਰਾਂ, ਬਾਬਿਆਂ ਨੇ ਪੂਰੀ ਕਰ ਦਿੱਤੀ ਹੈ। ਉਹ ਆਮ ਜਨਤਾ ਨੂੰ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਕਰਨ ਤੋਂ ਵਰਜਦੇ ਹਨ ਪਰ ਆਪ ਉਹ ਇਹਨਾਂ ਪੰਜਾਂ ਪ੍ਰਵਿਰਤੀਆਂ ਦਾ ਪੂਰਾ ਆਨੰਦ ਮਾਣਦੇ ਹਨ। ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਂ 'ਤੇ ਜਾਂ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਢੌਂਗ ਕਰਕੇ ਪੈਸਾ ਲੁੱਟਦੇ ਹਨ ਤੇ ਵੱਡੀਆਂ-ਵੱਡੀਆਂ ਕਾਰਾਂ ਤੇ ਨਿੱਜੀ ਜਾਇਦਾਦ ਡੇਰਿਆਂ ਦੇ ਰੂਪ ਵਿਚ ਬਣਾਈ ਜਾ ਰਹੇ ਹਨ। ਇਹ ਸਾਧ-ਫਕੀਰ ਬਾਬੇ ਤੇ ਰਾਜਨੀਤਿਕ ਲੋਕ ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਭ ਤੋਂ ਵੱਧ ਅਮੀਰ ਹੋਏ ਹਨ। ਇਹਨਾਂ ਦੇ ਘਪਲਿਆਂ ਤੇ ਅਮਾਨਵੀ ਕਾਰਨ-ਾਮਿਆਂ ਦੇ ਅਦਾਲਤਾਂ ਵਿਚ ਕੇਸ ਚੱਲ ਰਹੇ ਹਨ ਤੇ ਅਦਾਲਤਾਂ 'ਚ ਜ਼ਮਾਨਤਾਂ ਪ੍ਰਾਪਤ ਕਰਨ ਲਈ ਲੇਲੜੀਆਂ ਕੱਢਦੇ ਹਨ। ਕਈਆਂ ਨੂੰ ਤਾਂ ਨਿਆਂ ਪ੍ਰਣਾਲੀ ਨੇ ਉਮਰਾਂ ਭਰ ਲਈ ਜੇਲ੍ਹ 'ਚ ਡੱਕ ਦਿੱਤਾ ਹੈ।

ਪਾਠਕ ਵੀਰੋ! ਇਹਨਾਂ ਹੈਵਾਨਾਂ ਤੋਂ ਆਪਣੇ ਆਪ ਨੂੰ ਬਚਾਓ ਤੇ ਆਪਣੀ ਮਿਹਨਤ ਦੀ ਕਮਾਈ ਇਹਨਾਂ ਨੂੰ ਐਵੇਂ ਹੀ ਨਾ ਲੁਟਾਓ। ਇਹ ਸਭ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਭਗੌੜੇ ਹੋਏ ਲੋਕ ਹਨ ਜਾਂ ਕਮਚੋਰ ਹੋਣ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਨਾ ਕਰਨ ਕਰਕੇ, ਸਾਧ ਬਣੇ ਹਨ। ਇਹਨਾਂ ਪਾਸ ਛਲ-ਕਪਟ ਤੇ ਬੇਈਮਾਨੀ ਤੋਂ ਸਿਵਾਏ ਕੁਝ ਵੀ ਨਹੀਂ ਹੈ ਤੇ ਨਾ ਹੀ ਇਹਨਾਂ ਨੇ ਤੁਹਾਨੂੰ ਰੱਬ ਨੂੰ ਮਿਲਾਉਣ ਦਾ ਕੋਈ ਪ੍ਰਮਾਤਮਾ ਤੋਂ ਲਾਇਸੈਂਸ ਲਿਆ ਹੋਇਆ ਹੈ। ਇਸ ਲਈ ਅੱਜ ਦੇ ਯੁੱਗ 'ਚ ਮਾਨਵਵਾਦੀ, ਸਮਾਜਵਾਦੀ ਸੋਚ, ਸਖ਼ਤ ਕਿਰਤ ਦੀ ਕਮਾਈ ਤੇ ਵਿਗਿਆਨਕ ਸੋਚ ਨਾਲ ਹੀ ਮਨੁੱਖਤਾ ਤਰੱਕੀ ਕਰ ਸਕਦੀ ਹੈ।

ਭਾਰਤ ਦੀ ਅਜੇ ਵੀ 30 ਫੀਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ। ਇਹਨਾਂ ਉਕਤ ਦੱਸੀ ਗਈ ਸਮਾਜਵਾਦੀ-ਯਥਾਰਥਵਾਦੀ ਸੋਚ ਨਾਲ ਹੀ ਕਲਿਆਣ ਹੋ ਸਕਦਾ ਹੈ। ਇਸ ਲਈ ਇਸ ਵਿਗਿਆਨਕ ਸੋਚ ਨੂੰ ਲਾਗੂ ਕਰਕੇ ਹੀ ਸਮੁੱਚੀ ਮਾਨਵਤਾ 'ਚ ਖੁਸ਼ਹਾਲੀ ਆ ਸਕਦੀ ਹੈ ਤੇ ਦੇਸ਼ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਿਰਜਿਆ ਜਾ ਸਕਦਾ ਹੈ ਤੇ ਦੇਸ਼ ਦੀ ਆਜ਼ਾਦ ਫਿਜ਼ਾ ਦਾ ਆਨੰਦ ਮਾਣਿਆ ਜਾ ਸਕਦਾ ਹੈ।

# ਨਸਲਵਾਦ ਤੇ ਜਾਤੀਵਾਦ ਦਾ ਅੰਤ ਕਦੋਂ ਹੋਵੇਗਾ?



ਲਾਲ ਸਿੰਘ ਸੁਲਹਾਣੀ
91-98721-55120

ਸਾਡੇ ਸਾਹਮਣੇ ਪ੍ਰਸਿੱਧ ਕਾਲਮ ਨਵੀਸ "ਸ੍ਰੀ ਪੂਰਨ ਚੰਦ ਸਰੀਨ" ਜੀ ਦਾ ਉਪਰੋਕਤ ਸਿਰਲੇਖ ਹੇਠ ਰੋਜ਼ਾਨਾ ਜਗਬਾਣੀ ਅਖ਼ਬਾਰ ਦੇ ਸੰਪਾਦਕੀ ਪੰਨੇ ਤੇ 1 ਜੁਲਾਈ 2017 ਨੂੰ ਪ੍ਰਕਾਸ਼ਤ ਲੇਖ ਪਿਆ ਹੈ। ਸਿਰਲੇਖ ਬੜਾ ਢੁਕਵਾਂ, ਖਿਚਪਾਊ ਤੇ ਮਾਨਵੀ ਮਨਾਂ ਨੂੰ ਟੁੰਬਣ ਵਾਲਾ ਹੈ। ਪਰ ਪੂਰਾ ਲੇਖ ਪੜ੍ਹ ਕੇ ਸਰੀਨ ਸਾਹਿਬ ਦੀ ਆਪਣੀ ਨਸਲਵਾਦੀ ਤੇ ਜਾਤੀਵਾਦੀ ਮਾਨਸਿਕਤਾ ਪੂਰੀ ਤਰ੍ਹਾਂ ਨੰਗੀ ਹੋ ਜਾਂਦੀ ਹੈ। ਉਹਨਾਂ ਨੇ 1857 ਚ ਕੁੱਝ ਕੁ ਰਜਵਾੜਿਆਂ ਦੇ ਆਪਣੀਆਂ ਆਪਣੀਆਂ ਰਿਆਸਤਾਂ ਨੂੰ ਬਚਾਈ ਰੱਖਣ ਦੀ ਨੀਤੀ ਵਜੋਂ ਕੀਤੇ ਗਏ ਛੁੱਟ ਪੁੱਟ ਵਿਰੋਧ ਨੂੰ ਆਜ਼ਾਦੀ ਦੀ ਲੜਾਈ ਗਰਦਾਨਿਆ ਹੈ ਪਰ ਬਹੁਤ ਸਾਰੇ ਇਤਿਹਾਸਕਾਰ ਇਸ ਵਿਰੋਧ ਨੂੰ ਆਜ਼ਾਦੀ ਦੀ ਲੜਾਈ ਮੰਨਣ ਤੋਂ ਸਿਰ ਫੇਰਦੇ ਹਨ। ਚਲੋ ਖੈਰ! ਇਸਨੂੰ ਉਹ ਜੂਨ 1857 ਚ ਵਾਪਰਿਆ ਸੱਭ ਤੋਂ ਵੱਡਾ ਸਾਕਾ ਮੰਨ ਕੇ ਚਲਦੇ ਹਨ। ਫਿਰ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀ ਖੋਹਣ ਲਈ ਏਸੇ ਮਹੀਨੇ ਜੂਨ 1975 ਚ ਲਗਾਈ ਐਮਰਜੈਂਸੀ ਦੀ ਤਾਂ ਸਰੀਨ ਸਾਹਿਬ ਯਾਦ ਦਿਵਾਉਂਦੇ ਹਨ। ਪਰ ਸਿੱਖ ਕੌਮ ਦੀ ਨਸਲਕੁਸ਼ੀ ਤੇ ਦਰਬਾਰ ਸਾਹਿਬ ਸਮੇਤ 38 ਗੁਰਦੁਆਰਿਆਂ ਗੁਰਧਾਮਾਂ ਦੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਸਮੇਂ ਮਿੱਥ ਕੇ ਏਸੇ ਮਹੀਨੇ ਜੂਨ1984 ਚ ਕੀਤੀ ਗਈ ਬੇਹੁਰਮਤੀ ਦਾ ਉਹਨਾਂ ਵਲੋਂ ਜ਼ਿਕਰ ਤੱਕ ਨਾ ਕਰਨਾ ਉਹਨਾਂ ਦੀ ਸੌੜੀ ਨਸਲਵਾਦੀ ਸੋਚ ਦਾ ਪ੍ਰਗਟਾਵਾ ਹੀ ਤਾਂ ਹੈ।

ਉੱਤਰ ਪੂਰਬ ਦਿੱਲੀ ਦੇ ਗੌਲਫ ਕਲੱਬ ਵਿਚ ਇਕ ਅਮੀਰ ਔਰਤ ਦੇ ਸ਼ਕਲ ਸੂਰਤ ਤੇ ਪਹਿਰਾਵੇ ਸਦਕਾ ਏਸੇ ਮਹੀਨੇ ਯਾਨੀ ਜੂਨ 2017 ਚ ਵਾਪਰੇ ਘਟਨਾਕ੍ਰਮ ਨੂੰ ਉਹ ਇਕ ਸੰਵੇਦਨਸ਼ੀਲ ਵਿਅਕਤੀ ਦੇ ਦਿਲ ਨੂੰ ਵੱਜਣ ਵਾਲੀ ਡੂੰਘੀ ਸੱਟ ਦੱਸਦਿਆਂ ਉਹ ਉਸ ਨਾਲ ਹੋਈ ਬਦਸਲੂਕੀ ਦੀ ਡਟ ਕੇ ਆਲੋਚਨਾ ਕਰਦੇ ਨਜ਼ਰ ਆਉਂਦੇ ਹਨ । ਅਮੀਰ ਵਰਗ ਵਿੱਚ ਵਾਪਰਨ ਵਾਲੀ ਕਿਸੇ ਅਜਿਹੀ ਘਟਨਾ ਪ੍ਰਤੀ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਉਹ ਲਿਖਦੇ ਹਨ ਕਿ--

"ਅੱਜ ਵੀ ਅਸੀਂ ਉਹ ਸੋਚ ਬਦਲਣ ਚ ਸਫ਼ਲ ਨਹੀਂ ਹੋ ਸਕੇ ਹਾਂ ਜੋ ਅੰਗਰੇਜ਼ਾਂ ਨੇ ਸਾਡੇ ਉਤੇ ਰਾਜ ਕਰਨ ਲਈ ਬਹੁਤ ਹੀ ਕਾਰਗਰ ਢੰਗ ਨਾਲ ਸਾਡੇ ਦੇਸ ਵਿੱਚ ਲਾਗੂ ਕੀਤੀ ਸੀ ਇਸ ਨੂੰ ਸਮਝਣ ਲਈ ਥੋੜ੍ਹਾ ਇਤਿਹਾਸ ਵਿਚ ਝਾਕਣਾ ਜ਼ਰੂਰੀ ਹੈ।"

ਏਥੇ ਹੀ ਮਨੂਵਾਦ ਦੀ ਜਾਤਪਾਤੀ, ਊਚਨੀਚ ਛੂਤਛਾਤ ਤੇ ਵੰਡ ਵਿਤਕਰਿਆਂ ਵਾਲੀ ਚਤੁਰ ਵਰਣ ਪ੍ਰਨਾਲੀ ਦੀ ਪ੍ਰੋੜਤਾ ਕਰਦਿਆਂ ਉਹ ਆਪਣੀ ਸੌੜੀ ਮਾਨਸਿਕਤਾ ਦਾ ਖੁਲ੍ਹ ਕੇ ਪ੍ਰਗਟਾਵਾ ਕਰਦੇ ਹਨ--

"ਪ੍ਰਾਚੀਨ ਕਾਲ ਵਿੱਚ ਕੰਮ ਕਾਜ ਤੇ ਅਧਾਰਤ ਬ੍ਰਾਹਮਣ, ਖੱਤਰੀ, ਵੈਸ਼ ਤੇ ਸੂਦਰ ਦੇ ਰੂਪ ਵਿੱਚ ਵਰਣ ਵਿਵਸਥਾ ਦੀ ਸਥਾਪਨਾ ਕੀਤੀ ਗਈ ਸੀ। ਇਸ ਦਾ ਸਿੱਧਾ ਅਰਥ ਇਹ ਸੀ ਕਿ ਜੋ ਪੂਜਾ ਪਾਠ, ਪੜ੍ਹਾਉਣ ਲਿਖਾਉਣ ਦਾ ਕੰਮ ਕਰੇਗਾ ਉਹ ਬ੍ਰਾਹਮਣ ਅਖਵਾਏਗਾ ਅਤੇ ਜੋ ਦੇਸ਼ ਦੀ ਰੱਖਿਆ ਕਰੇਗਾ ਉਹ ਖ ਸ਼ੈਂਤਰੀ ਅਖਵਾਏਗਾ । ਏਸੇ ਤਰ੍ਹਾਂ ਕਾਰੋਬਾਰ ਕਰਨ ਵਾਲਾ ਵੈਸ਼ ਅਤੇ ਨੌਕਰੀ ਚਾਕਰੀ ਕਰਨ ਵਾਲਾ ਸ਼ੂਦਰ ਅਖਵਾਏਗਾ। ਸਾਰੇ ਵਰਣਾਂ ਦੇ ਅਧਿਕਾਰ ਬਰਾਬਰ ਸਨ ਤੇ ਕੋਈ ਵੀ ਆਪਣੀ ਦਿਲਚਸਪੀ ਮੁਤਾਬਕ ਕੋਈ ਵੀ ਵਰਣ ਅਪਨਾ ਸਕਦਾ ਸੀ।"

ਸਿਤਮਜ਼ਰੀਫੀ ਦੀ ਹੱਦ ਈ ਕਹਿ ਸਕਦੇ ਹਾਂ "ਸਰੀਨ ਸਾਹਿਬ" 21ਵੀਂ ਸਦੀ ਵਰਗੇ ਇੰਟਰਨੈੱਟ ਤੇ ਸੋਸ਼ਲ ਮੀਡੀਆ ਦੇ ਜੁਗ ਚ ਉਕਤ ਵਰਨਣ ਝੂਠ ਦਾ ਸਹਾਰਾ ਲੈਕੇ ਜਨਤਾ ਨੂੰ ਗੁੰਮਰਾਹ ਕਰਨ ਦੀ ਅਸਫ਼ਲ ਕੋਸ਼ਿਸ਼ ਕਰ ਰਹੇ ਹਨ। ਜੱਗ ਜ਼ਾਹਰ ਹੈ ਕਿ ਜਾਤੀਵਾਦੀ ਵਿਵਸਥਾ ਦੀਆਂ ਜੜ੍ਹਾਂ ਸਨਾਤਨੀ ਗ੍ਰੰਥਾਂ ਵਿੱਚ ਹਨ। ਚਤੁਰ ਵਰਣ ਤੇ ਜਾਤ ਪਾਤ ਵਾਲੀ ਵਿਵਸਥਾ ਨੂੰ ਸਖਤੀ ਨਾਲ ਲਾਗੂ ਕਰਨ ਤੇ ਜਾਰੀ ਰੱਖਣ ਲਈ ਹਜ਼ਾਰਾਂ ਕਾਲੇ ਕਾਨੂੰਨ ਘੜੇ ਗਏ। ਜਿਸ ਮਨੁੱਖ ਨੇ ਵਰਣਵੰਡ ਜਾਂ ਜਾਤਪਾਤ ਵਾਲ਼ੀ ਗੈਰ ਮਨੁੱਖੀ ਵਿਵਸਥਾ ਦਾ ਵਿਰੋਧ ਕੀਤਾ ਉਸ ਲਈ ਸਖਤ ਤੋਂ ਸਖਤ ਸਜ਼ਾਵਾਂ ਨਿਰਧਾਰਤ ਕੀਤੀਆਂ ਗਈਆਂ। ਪੜ੍ਹਨ ਦੇ ਜਾਂ ਬੰਦਗੀ ਕਰਨ ਦੇ ਦੋਸ਼ਾਂ ਸਦਕਾ ਰਮਾਇਣ ਕਾਲ 'ਚ ਮਹਾਂਰਿਸ਼ੀ ਸੰਬੂਕ ਦਾ ਸਮੇਂ ਦੇ ਰਾਜੇ ਰਾਮ ਚੰਦਰ ਵੱਲੋਂ ਬ੍ਰਾਹਮਣਾਂ ਦੇ ਕਹਿਣ ਤੇ ਕੀਤਾ ਗਿਆ ਕਤਲ ਅਤੇ ਮਹਾਂਭਾਰਤ ਕਾਲ ਵਿਚ ਸ਼ਸਤਰ ਵਿੱਦਿਆ ਸਿੱਖਣ ਦੇ ਇੱਛਕ ਸੂਰਬੀਰ ਨੌਜਵਾਨ ਏਕਲਵਯ ਭੀਲ ਦਾ ਧੋਖੇ ਨਾਲ ਅੰਗੂਠਾ ਕੱਟਣਾ ਇਸ ਦੀਆਂ ਉਘੜਵੀਆਂ ਮਿਸਾਲਾਂ ਹਨ। ਬ੍ਰਾਹਮਣ ਦੀ ਉੱਚਤਾ ਸਦੀਵੀ ਬਣਾਈ ਰੱਖਣ ਲਈ ਬਕਾਇਦਾ ਕਾਲੇ ਕਾਨੂੰਨ ਘੜੇ ਗਏ। ਔਰਤ ਸਮੇਤ ਹਜ਼ਾਰਾਂ ਸਾਲਾਂ ਚ ਬ੍ਰਾਹਮਣ ਤੋਂ ਬਿਨਾਂ ਬਾਕੀ ਪੂਰੇ ਸਮਾਜ ਦੇ ਪੜ੍ਹਨ ਲਿਖਣ ਦੀ ਪਾਬੰਦੀ ਲਾਈ ਰੱਖੀ ਤੇ ਇਸ ਉਚਤਾ ਨੂੰ ਵੰਗਾਰਨ ਵਾਲੀ ਕਿਸੇ ਵੀ ਸ਼ਖ਼ਸੀਅਤ ਜਾਂ ਲਹਿਰ ਨੂੰ ਨੂੰ ਸਖਤੀ ਨਾਲ ਕੁਚਲਿਆ ਜਾਂਦਾ ਰਿਹਾ। ਅੰਗਰੇਜ਼ਾਂ ਦੇ ਸ਼ਾਸਨ ਦੌਰਾਨ ਭਾਰਤ ਦੇ ਕਰੋੜਾਂ ਲੋਕਾਂ (ਜੋ ਬ੍ਰਾਹਮਣਵਾਦ ਦੁਆਰਾ ਕੁੱਤਿਆਂ, ਪਸ਼ੂਆਂ ਤੇ ਕੀੜਿਆਂ ਮਕੌੜਿਆਂ ਵਾਂਗ ਰੀਂਘ ਰੀਂਘ ਕੇ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤੇ ਗਏ ਸਨ) ਲਈ ਸਦੀਆ ਬਾਦ ਮਾਨਵੀ ਕਾਨੂੰਨ ਘੜੇ ਤੇ ਕਾਲ਼ੇ ਕਾਨੂੰਨ ਰੱਦ ਕੀਤੇ ਗਏ। ਜੇ ਤਫ਼ਸੀਲ ਦੇਣ ਲਗੀਏ ਤਾਂ ਲੇਖ ਦਾ ਆਕਾਰ ਵਧ ਜਾਵੇਗਾ

ਉਚ ਵਰਗ ਦੇ ਲੋਕ ਮੁਗਲਾਂ ਨੂੰ ਆਪਣੀਆਂ ਧੀਆਂ ਦੇ ਡੋਲੇ ਦੇਕੇ ਰਾਜ ਪਾਟ ਵਿਚ ਹਿੱਸੇਦਾਰ ਬਣਕੇ ਅਨੰਦ ਮਾਣਦੇ ਅਤੇ ਮਾਨਵਤਾ ਦੇ ਹਿਤ ਵਿਚ ਉਠਣ ਵਾਲੀ ਕਿਸੇ ਵੀ ਲਹਿਰ ਨੂੰ ਰੋਕਣ ਲਈ ਪੱਬਾਂ ਭਾਰ ਰਹੇ। ਅੰਗਰੇਜ਼ਾਂ ਦੇ ਰਾਜ ਦੌਰਾਨ ਵੀ ਨਵਾਬੀਆਂ ਤੇ ਚੌਧਰਾਂ ਉਹੀ ਉਪਰਲੇ ਹੀ ਮਾਣਦੇ ਰਹੇ ਪਰ ਸਰੀਨ ਸਾਹਿਬ ਆਖਦੇ ਹਨ ਕਿ "ਉਹਨਾਂ ਨੇ ਦੋ ਨਵੇਂ ਵਰਗ ਬਣਾ ਦਿੱਤੇ। ਇਕ ਜ਼ਿਮੀਂਦਾਰਾਂ ਦਾ, ਜਿਹਨਾਂ ਨੂੰ ਤਾਲੁਕਦਾਰ, ਪਟੇਲ, ਚੌਧਰੀ, ਰਾਜਾ ਅਤੇ ਨਵਾਬ ਵਰਗੇ ਖਿਤਾਬਾਂ ਨਾਲ ਨਿਵਾਜ਼ ਕੇ ਆਪਣੇ ਪੱਖ ਵਿਚ ਕਰ ਲਿਆ ਅਤੇ ਦੂਜਾ ਵਰਗ ਬਣਾਇਆ ਦਲਿਤਾਂ ਦਾ, ਜਿਹਨਾਂ ਨੂੰ ਹਰੇਕ ਉਹ ਕੰਮ ਸੌਂਪ ਦਿਤਾ ਗਿਆ ਜਿਸਨੂੰ ਅੰਗਰੇਜ਼ ਨੀਚਤਾ ਵਾਲਾ ਕੰਮ ਕਹਿੰਦੇ ਹਨ।" ਸਰੀਨ ਸਾਹਿਬ! ਸੌ ਫ਼ੀਸਦੀ ਝੂਠ । ਨੀਚਤਾ ਵਾਲੇ ਕੰਮ ਤਾਂ ਬ੍ਰਾਹਮਣਵਾਦੀ ਦੇਣ ਹੈ।

"ਇਸ ਤੋਂ ਬਾਅਦ ਅੰਗਰੇਜ਼ਾਂ ਨੇ ਦਲਿਤ ਤੇ ਖੁਸ਼ਹਾਲ ਵਰਗ ਨੂੰ ਆਪਸ ਵਿੱਚ ਲੜਾ ਦਿੱਤਾ ਤੇ ਦੋਵੇਂ ਦੁਸ਼ਮਣ ਬਣ ਗਏ। ਖੁਸ਼ਹਾਲ ਵਰਗ ਨੂੰ ਦਲਿਤ ਵਰਗ ਦਾ ਸ਼ੋਸਣ ਕਰਨ ਅਤੇ ਦੁਤਕਾਰਨ ਦਾ ਅਧਿਕਾਰ ਦੇ ਦਿੱਤਾ ਇਸ ਨੂੰ ਦਾਸ ਪ੍ਰਥਾ ਵੀ ਕਹਿ ਸਕਦੇ ਹਾਂ।"

ਵਾਹ! ਸਰੀਨ ਸਾਹਿਬ ਵਾਹ! ਉਚ ਵਰਗ 6700 ਤੋਂ ਵਧ ਜਾਤਾਂ ਚ ਵੰਡ ਕੇ ਇਸ ਦੇਸ਼ ਦੇ ਮੂਲ ਨਿਵਾਸੀਆਂ ਨੂੰ ਮਨੁੱਖੀ ਅਧਿਕਾਰਾਂ ਤੋਂ ਹਜ਼ਾਰਾਂ ਵਰ੍ਹੇ ਮਹਿਰੂਮ ਰੱਖੇ, ਸ਼ੋਸ਼ਣ ਕਰੇ, ਸਾਰੇ ਅਧਿਕਾਰਾਂ ਤੇ ਕਾਲੇ ਕਾਨੂੰਨ ਘੜ ਕੇ ਕਬਜ਼ਾ ਜਮਾਈ ਰੱਖੇ, ਇਨਸਾਨੀਅਤ ਲਈ ਬਦਨੁਮਾ ਧੱਬਾ ਬਣਿਆਂ ਰਹੇ, ਜਾਤਾਂ ਕੁਜਾਤਾਂ ਚ ਵੰਡ ਕੇ ਭਾਈਚਾਰਾ ਬਣਨ ਤੋਂ ਰੋਕਣ ਲਈ ਰਾਹ ਵਿੱਚ ਹਰ ਤਰ੍ਹਾਂ ਦੇ ਸਾਧਨ ਜੁਟਾਏ ਹੋਣ ਧਰਮ ਦੇ ਨਾਮ ਤੇ ਕਾਲੇ ਕਾਨੂੰਨ ਠੋਸ ਕੇ ਸੋਨੇ ਦੀ ਚਿੜੀ ਅਖਵਾਉਣ ਵਾਲੇ ਭਾਰਤ ਨੂੰ ਕੰਗਾਲੀ, ਬਦਹਾਲੀ, ਬੇਬਸੀ ਤੇ ਲਾਚਾਰੀ ਵਾਲਾ ਜੀਵਨ ਜਿਉਣ ਲਈ ਪਸ਼ੂਆਂ ਤੋਂ ਵੀ ਗਿਰਾ ਦਿੱਤਾ ਗਿਆ ਹੋਵੇ ਉਸ ਦੀ ਵਡਿਆਈ ਉਸ ਵਿਵਸਥਾ ਤੇ ਗੌਰਵ। ਅੰਗਰੇਜ਼ ਸ਼ਾਸਕਾਂ ਦੁਆਰਾ ਜਿੰਹਨਾਂ ਮਾਨਵੀ ਕਾਨੂੰਨਾਂ ਦੇ ਤਹਿਤ ਕਰੋੜਾਂ ਲੋਕਾਂ ਨੂੰ ਸਦੀਆਂ ਜੁਗਾਂ ਬਾਅਦ ਮਨੁੱਖ ਬਣ ਕੇ ਜਿਉਣ ਦੇ ਅਧਿਕਾਰ ਮਿਲੇ ਹੋਣ ਉਹਨਾਂ ਦੀ ਨਿੰਦਾ, ਉਹਨਾਂ ਦੀ ਆਲੋਚਨਾ। ਊਚ ਨੀਚ ਤੇ ਜਾਤਪਾਤ ਨਾਂ ਮੁਗਲਾਂ ਦੀ ਦੇਣ ਹੈ ਨਾਂ ਅੰਗਰੇਜਾਂ ਦੀ ਜਾਂ ਕਿਸੇ ਹੋਰ ਦੀ ਜਾਤ ਪਾਤ ਬ੍ਰਾਹਮਣਵਾਦ ਦੀ ਦੇਣ ਹੈ। ਜੇ ਜ਼ਮੀਰ ਹੈ ਤਾਂ ਆਪਣੀ ਮੰਜੀ ਹੇਠ ਸੋਟਾ ਫੇਰ ਕੇ ਦੇਖੋ "ਸਰੀਨ ਸਾਹਿਬ"! ਆਪਣੀ ਜਾਤੀਵਾਦੀ ਮਾਨਸਿਕਤਾ ਤੋਂ ਪੀੜਤ "ਸਰੀਨ ਸਾਹਿਬ" ਜਦੋਂ ਇਹ ਕੁਫਰ ਤੋਲਦੇ ਹਨ ਕਿ

"ਆਜ਼ਾਦੀ ਤੋਂ ਬਾਅਦ ਵੀ ਅਸੀਂ ਏਸੇ ਰਵਾਇਤ ਨੂੰ ਕਾਇਮ ਰੱਖਦਿਆਂ ਜਿੱਥੇ ਇਕ ਪਾਸੇ ਜ਼ਿਮੀਦਾਰੀ ਪਰਥਾ ਨੂੰ ਖਤਮ ਕਰਕੇ ਹੇਠਲੇ ਵਰਗ ਦੀ ਵਾਹ ਵਾਹ ਲੁੱਟੀ ਉੱਥੇ ਹੀ ਰਾਖਵਾਂਕਰਨ ਦੇ ਨਾਂ ਤੇ ਪੂਰੇ ਦੇਸ਼ ਨੂੰ ਵੰਡ ਦਿਤਾ ਅਤੇ ਇਸ ਤਰ੍ਹਾਂ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ।-- ਇਕ ਆਮ--ਭਾਵ ਜਨਰਲ ਕੈਟਾਗਰੀ ਤੇ ਦੂਜੀ ਸੀ ਰਾਖਵੀਂ ਭਾਵ ਰਿਜ਼ਰਵ ਕੈਟਾਗਰੀ । "ਸਰੀਨ ਸਾਹਿਬ" ਦੀ ਬਿੱਲੀ ਪੂਰੀ ਤਰ੍ਹਾਂ ਥੈਲਿਓਂ ਬਾਹਰ ਆ ਗਈ। ਹਜ਼ਾਰਾਂ ਸਾਲਾ ਦਾ ਰਾਖਵਾਂਕਰਨ ਅੰਗਰੇਜ਼ਾਂ ਦੇ ਸ਼ਾਸ਼ਨ ਕਾਲ ਦੌਰਾਨ ਟੁੱਟਿਆ ਹੈ। ਬ੍ਰਾਹਮਣ ਦੀ ਵਿਦਿਆ ਸਮੇਤ ਹਰ ਹਰ ਤਰ੍ਹਾਂ ਦੀ ਅਜਾਰੇਦਾਰੀ ਟੁੱਟੀ। ਉਹ ਭੂ ਦੇਵਤਾ ਤੋਂ ਆਮ ਆਦਮੀ ਬਣਿਆਂ। ਉਹਦੇ ਲਈ ਆਮ ਆਦਮੀ ਵਾਂਗ ਸਜ਼ਾਵਾਂ ਨਿਰਧਾਰਤ ਹੋਈਆਂ। ਸਦੀਆਂ ਤੋਂ ਦੁਤਕਾਰੇ, ਅਪਮਾਨਿਤ ਤੇ ਪੀੜਤ ਮਨੁੱਖਾਂ ਨੂੰ ਬਰਾਬਰ ਦੇ ਹੱਕ ਹਕੂਕ ਮਿਲਣ ਲੱਗੇ। ਰਾਖਵਾਂਕਰਨ ਭੀਖ ਨਹੀਂ ਹਿਸੇਦਾਰੀ ਦਾ ਮਾਮਲਾ ਹੈ --

ਜਿੰਨੀ ਕਿਸੇ ਦੀ ਗਿਣਤੀ ਭਾਰੀ, ਓਨੀ ਉਹਨਾਂ ਦੀ ਹਿੱਸੇਦਾਰੀ। 15 ਫੀਸਦੀ ਉਚ ਵਰਗ ਆਜ਼ਾਦੀ ਤੋਂ ਬਾਅਦ ਵੀ ਜ਼ਿੰਦਗੀ ਦੇ ਹਰ ਖੇਤਰ ਵਿਚ ਕਾਬਜ਼ ਹੋ ਕੇ 85 ਫੀਸਦੀ ਲੋਕਾਂ ਦੀ ਲੁੱਟ ਕਰ ਰਿਹਾ ਹੈ।

ਜ਼ਿੰਦਗੀ ਜਿਉਣ ਦੇ ਸਾਰੇ ਵਸੀਲਿਆਂ ਤੇ ਮੁੱਠੀ ਭਰ ਟੋਲਾ ਹੀ ਕਾਬਜ਼ ਹੈ। ਸਮਾਜਿਕ, ਆਰਥਕ ਤੇ ਰਾਜਨੀਤਕ ਸ਼ੋਸ਼ਣ ਅੱਜ ਵੀ ਹੋ ਰਿਹਾ ਹੈ ਮੁੱਠੀ ਭਰ ਮਨੂਵਾਦੀ ਲੋਕਾਂ ਵਲੋਂ।

85 ਫੀਸਦੀ ਲੁੱਟੇ ਪੁੱਟੇ ਲੋਕਾਂ ਵਿਚੋਂ ਚੰਦ ਕੁ ਵਰਗਾਂ ਦੇ ਕੁਝ ਕੁ ਸਮੂਹਾਂ ਨੂੰ ਭਾਰਤ ਦੇ ਮਾਨਵਤਾ ਪੱਖੀ ਸੰਵਿਧਾਨਕ ਹੱਕਾਂ ਤਹਿਤ ਜੇ ਕੁਝ ਕੁ ਉਭਰਨ ਦਾ ਮੌਕਾ ਮਿਲ ਰਿਹਾ ਹੈ ਤਾਂ ਉਸ ਤੋਂ "ਸਰੀਨ ਸਾਹਿਬ" ਵਰਗੇ ਲੋਕ ਬਹੁਤ ਪੀੜਤ ਹਨ। ਇਸ ਨੂੰ ਦੇਸ਼ ਦੀ ਬਦਕਿਸਮਤੀ ਦੱਸਦੇ ਹਨ। ਜਾਤੀਵਾਦ ਦੇ ਨਾਂ ਤੇ ਜੇ ਰਾਖਵਾਂ ਕਰਨ ਕਾਇਮ ਹੈ ਤਾਂ ਜਾਤ ਕਰਕੇ ਹੈ--ਜਾਤਵਾਦ ਖਤਮ ਕਰ ਦਿਉ, ਜਾਤ ਦੇ ਨਾਂ ਤੇ ਮਿਲਣ ਵਾਲਾ ਰਾਖਵਾਂਕਰਨ ਆਪਣੇ ਅਪ ਖਤਮ ਹੋ ਜਾਵੇਗਾ।

"ਸਰੀਨ ਸਾਹਿਬ" ਨੇ ਰਾਸ਼ਟਰਪਤੀ ਦੇ ਸਰਬੋਤਮ ਅਹੁਦੇ ਲਈ ਵਿਰੋਧੀ ਧਿਰਾਂ ਵਲੋਂ ਉਤਾਰੇ ਉਮੀਦਵਾਰ ਤੇ ਟਿੱਪਣੀ ਕਰਦਿਆਂ ਲਿਖਿਆ ਹੈ - "ਜਿਹਨਾਂ ਨੂੰ ਉਮੀਦਵਾਰ ਬਣਾ ਕੇ ਮੈਦਾਨ ਵਿੱਚ ਉਤਾਰਿਆ ਹੈ ਉਹਨਾਂ ਦੀ ਪਛਾਣ ਉਹਨਾਂ ਦੇ ਗੁਣ, ਦੋਸ਼, ਯੋਗਤਾ ਦੇ ਆਧਾਰ ਤੇ ਨਹੀਂ ਸਗੋਂ ਇਹ ਕਹਿਕੇ ਦੱਸੀ ਜਾ ਰਹੀ ਹੈ ਕਿ ਦੋਹਾਂ ਵਿਚੋਂ ਵੱਡਾ ਦਲਿਤ ਕੌਣ ਹੈ।"

ਏਹੀ ਤਾਂ ਮਨੂਵਾਦੀ ਮਾਨਸਿਕਤਾ ਹੈ ਜਿਸ ਦਾ ਪ੍ਰਗਟਾਵਾ ਸੱਤਾਧਾਰੀ ਤੇ ਵਿਰੋਧੀ ਧਿਰ ਵਲੋਂ ਜਾਣ ਬੁੱਝ ਕੇ ਕੀਤਾ ਜਾ ਰਿਹਾ ਹੈ ਦੇਸ਼ ਦੇ ਮਨੂਵਾਦੀ ਮੀਡੀਆ ਰਾਹੀਂ। ਉਹ ਫੇਰ ਲਿਖਦੇ ਹਨ--

"ਮੰਦਭਾਗੀ ਗੱਲ ਹੈ ਦੋਵੇਂ ਹੀ ਉਮੀਦਵਾਰ ਖੁਦ ਨੂੰ ਦਲਿਤ ਵਜੋਂ ਪੇਸ਼ ਕੀਤੇ ਜਾਣ ਤੇ ਕੋਈ ਇਤਰਾਜ਼ ਨਹੀਂ ਕਰ ਰਹੇ । ਸੱਤਾ ਵਿਚ ਆਉਣ ਦੀ ਲਾਲਸਾ ਸਾਹਮਣੇ ਆਤਮ ਸਨਮਾਨ ਤੇ ਆਪਣੀ ਸ਼ਖ਼ਸੀਅਤ ਤੱਕ ਦੀ ਤੌਹੀਨ ਹੋ ਜਾਣ ਤੇ ਵੀ ਉਹਨਾਂ ਨੂੰ ਕੋਈ ਪਰਹੇਜ਼ ਨਹੀਂ।"

ਉਹਨਾਂ ਦੇ ਇਤਰਾਜ਼ ਨੂੰ ਲਾਂਭੇ ਰੱਖ ਕੇ ਮਨੂਵਾਦੀ ਮੀਡੀਆ ਜਾਣ ਬੁੱਝ ਕੇ ਉਹਨਾਂ ਦੀ ਹੇਠੀ ਕੀਤੇ ਜਾਣ ਵਾਲੇ ਪੱਖ ਨੂੰ ਪੂਰੇ ਜਾਹੋ ਜਲਾਲ ਵਿਚ ਆਕੇ ਉਭਾਰ ਰਿਹਾ ਹੈ। ਬਜਾਏ ਉਹਨਾਂ ਦੇ ਗੁਣਾਂ, ਦੋਸ਼ਾਂ ਤੇ ਚਰਚਾ ਕਰਨ ਦੇ। ਸਰੀਨ ਸਾਹਿਬ ਦੋਨੋਂ ਉਮੀਦਵਾਰ ਖੰਡਨ ਕਰ ਚੁੱਕੇ ਹਨ ਇਸ ਜਾਤੀਗਤ ਮਾਨਸਿਕਤਾ ਦਾ, ਪਰ ਤੂਤੀ ਦੀ ਬ੍ਰਾਹਮਣਵਾਦੀ ਨਗਾਰਖਾਨੇ 'ਚ ਕੀ ਵੁੱਕਤ ਐ। ਇਸ ਤੋਂ ਅੱਗੇ ਉਹ ਫੇਰ ਆਖਦੇ ਹਨ ਕਿ--"ਛੂਤਛਾਤ, ਜਾਤੀਗਤ ਵੰਡ, ਨਸਲੀ ਵਿਤਕਰੇ ਅਤੇ ਛੋਟੇ ਵੱਡੇ ਦੀ ਮਾਨਸਿਕਤਾ ਅੱਜ ਵੀ ਓਨੀ ਹੀ ਮਜ਼ਬੂਤ ਹੈ ਜਿੰਨੀ ਸਦੀਆਂ ਪਹਿਲਾਂ ਸੀ ਸਾਨੂੰ ਆਖਰ ਸੰਵਿਧਾਨ ਤੇ ਮਾਣ ਹੈ ਪਰ ਕੀ ਅਜਿਹਾ ਨਹੀਂ ਲੱਗਦਾ ਕਿ ਸਾਡੇ ਸੰਵਿਧਾਨ ਦੀਆਂ ਕੁਝ ਕਮਜ਼ੋਰੀਆਂ ਜਿਹਨਾਂ ਵੱਲ ਉਦੋਂ ਸੰਵਿਧਾਨ ਬਣਾਉਣ ਵਾਲਿਆਂ ਦਾ ਧਿਆਨ ਨਾ ਗਿਆ ਹੋਵੇ ਦਾ ਫਾਇਦਾ ਉਠਾ ਕੇ ਸਾਡੇ ਸਿਆਸੀ ਧਨੰਤਰ ਇਸ ਦੀ ਵਰਤੋਂ ਕਰ ਰਹੇ ਹੋਣ।"

--- ਪ੍ਰੰਤੂ ਮਾਰਦਿਆਂ ਆਪਣੀ ਅੰਤਰੀਵ ਭਾਵਨਾ ਤੇ ਜਾਤੀਗਤ ਮਾਨਸਿਕਤਾ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਹੈ ਕਿ--

"ਜੇ ਮੋਦੀ ਚਾਹੁਣ ਤਾਂ ਪੂਰਾ ਸੰਵਿਧਾਨ ਹੀ ਦੁਬਾਰਾ ਲਿਖਵਾ ਸਕਦੇ ਹਨ ਤਾਂ ਕਿ ਘੱਟੋ ਘੱਟ ਬਰਾਬਰ ਤੌਰ ਤੇ ਜਿਉਣ ਦੇ ਅਧਿਕਾਰ ਦੀ ਪ੍ਰੀਭਾਸ਼ਾ ਤੈਅ ਹੋ ਸਕੇ ਉਸ ਵਿਚ ਅਮੀਰ, ਗਰੀਬ, ਸੰਪੰਨ, ਦਲਿਤ, ਰਾਖਵੇਂ, ਗੈਰ ਰਾਖਵਾਂਕਰਨ ਵਰਗੀ ਵਿਤਕਰੇ ਭਰੀ ਸੋਚ ਲਈ ਕੋਈ ਥਾਂ ਨਾ ਹੋਵੇ ਘੱਟੋ ਘੱਟ ਅਜਿਹੀ ਅਪਮਾਨਜਨਕ ਸਥਿਤੀ ਤਾਂ ਨਾ ਪੈਦਾ ਹੋਵੇ ਜਿਹੋ ਜਿਹੀ ਅਸੀਂ ਅੱਜ ਕਲ੍ਹ ਰੋਜ਼ਾਨਾ ਦੇਖਦੇ ਹਾਂ।"

ਦੇਸ਼ ਦੀ ਸਭ ਤੋਂ ਵੱਡੀ, ਗੰਭੀਰ, ਜਟਿਲ ਤੇ ਵਿਕਰਾਲ ਸਮੱਸਿਆ ਛੂਤਛਾਤ, ਜਾਤੀਵੰਡ, ਨਸਲੀ ਵਿਤਕਰੇ ਤੇ ਊਚਨੀਚ ਦੀ ਪ੍ਰਬਲ ਤੇ ਸਦੀਆਂ ਤੋਂ ਭਾਰ ਮਾਨਸਿਕਤਾ ਦਾ ਜ਼ਿਕਰ ਕਰਦਿਆਂ "ਸਰੀਨ ਸਾਹਿਬ" ਇਹ ਤਾਂ ਮੰਨਦੇ ਹਨ ਕਿ ਇਹ ਮਾਨਸਿਕਤਾ ਅੱਜ ਵੀ ਉਨੀ ਹੀ ਮਜ਼ਬੂਤ ਹੈ ਜਿੰਨੀ ਸਦੀਆਂ ਪਹਿਲਾਂ ਸੀ ਪਰ ਉਹਦੇ ਕਾਰਨਾਂ ਤੇ ਜ਼ਿੰਮੇਵਾਰ ਸਨਾਤਨੀ ਸੋਚ ਤੇ ਧਰਮ ਦੇ ਨਾਂ ਤੇ ਠੋਸੇ ਕਾਲੇ ਕਾਨੂੰਨਾਂ ਤੇ ਨਜ਼ਰਸਾਨੀ ਕਰਨ ਦੀ ਬਜਾਏ ਉਹ ਕਿੰਤੂ ਪ੍ਰੰਤੂ ਮਾਰਦਿਆਂ ਭਾਰਤੀ ਸੰਵਿਧਾਨ ਬਦਲਣ ਲਈ ਸੰਘੀ ਸੋਚ ਦੀ ਤਰਜਮਾਨੀ ਕਰ ਰਹੇ ਹਨ ਤੇ ਨਰਿੰਦਰ ਮੋਦੀ ਦੀ ਸ਼ਖ਼ਸੀਅਤ ਨੂੰ ਢੁਕਵੀਂ ਤੇ ਸਾਰਥਿਕ ਮੰਨਦੇ ਹਨ। "ਸਰੀਨ ਸਾਹਿਬ" ਨੇ ਇਸ ਲੇਖ ਦੀ ਆੜ ਵਿੱਚ ਦਲਿਤ ਵਰਗ ਨੂੰ ਮਿਲੇ ਸੰਵਿਧਾਨਕ ਹੱਕ ਹਕੂਕ ਦਿਵਾਉਣ ਵਾਲੇ ਸੰਵਿਧਾਨ ਨਾਲ ਛੇੜ ਛਾੜ ਕਰਨ ਦੇ ਆਪਣੇ ਨਾਪਾਕ ਇਰਾਦਿਆਂ ਦਾ ਸ਼ਰੇਆਮ ਪ੍ਰਗਟਾਵਾ ਕਰ ਦਿਤਾ ਹੈ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੁਆਰਾ ਰਚਿਤ ਭਾਰਤੀ ਸੰਵਿਧਾਨ ਜਿਹੜਾ ਸੈਕੂਲਰ ਸਮਤਾ, ਸਮਾਨਤਾ ਤੇ ਭਾਈਚਾਰਕ ਸਾਂਝਾਂ ਵਾਲੀ ਮੌਲਿਕ ਸੋਚ ਤੇ ਆਧਾਰਿਤ ਹੈ ਅਤੇ ਮਨੁੱਖੀ ਆਜ਼ਾਦੀ ਦਾ ਮੁਦੱਈ ਹੈ ਜਿਸਨੇ ਹਜ਼ਾਰਾਂ ਸਾਲਾਂ ਬਾਅਦ ਮਨੂ ਦੇ ਕਾਲੇ ਕਾਨੂੰਨਾਂ ਨੂੰ ਲਾਂਭੇ ਲਾ ਦਿੱਤਾ, ਕਰੋੜਾਂ ਸ਼ੂਦਰਾਂ ਅਤਿ ਸ਼ੂਦਰਾਂ ਨੂੰ ਬਰਾਬਰੀ ਦੇ ਤਲ ਤੇ ਖੜ੍ਹਾ ਕਰ ਦਿੱਤਾ। ਇਹੀ ਗੱਲ ਮਨੂਵਾਦੀਆਂ ਨੂੰ ਹਜ਼ਮ ਨਹੀਂ ਹੋ ਰਹੀ ਤੇ ਉਹ ਅਜਿਹਾ ਸੰਵਿਧਾਨ ਖਤਮ ਕਰਨ ਲਈ ਤਰਲੋ ਮੱਛੀ ਹੋ ਰਹੇ ਹਨ ਪਰੰਤੂ ਮਨੂਵਾਦੀ ਮਾਨਸਿਕਤਾ ਵਾਲੇ ਮਨੁੱਖਾਂ ਨੂੰ ਇਹ ਭਲੀ ਭਾਂਤ ਵਿੱਦਤ ਰਹੇ ਕਿ ਬਾਬਾ ਸਾਹਿਬ ਦਾ ਸੰਵਿਧਾਨ ਮਨੂਵਾਦੀਆਂ ਲਈ ਗਲ਼ ਚ ਫਸੇ ਕਸੀਰ ਵਾਂਗ ਹੈ ।

ਵਾਜਪਾਈ ਸਰਕਾਰ ਮੌਕੇ ਸੰਵਿਧਾਨ ਨਾਲ ਛੇੜਛਾੜ ਕਰਨ ਦਾ ਨਾਪਾਕ ਯਤਨ ਉਸ ਸਮੇਂ ਦੇ ਪੜ੍ਹੇ ਲਿਖੇ ਜਾਗਰੂਕ ਤੇ ਬਾਬਾ ਸਾਹਿਬ ਦੀ ਸੋਚ ਨੂੰ ਪਰਨਾਏ ਤੇ ਸੁਲਝੇ ਹੋਏ ਤੱਤਕਾਲੀ ਰਾਸ਼ਟਰਪਤੀ ਮਾਨਯੋਗ ਕੇ। ਆਰ। ਨਰਾਇਣਨ ਵੱਲੋਂ ਨਾਕਾਮ ਬਣਾ ਦਿੱਤੇ ਗਏ ਸਨ।ਹੁਣ ਨਵੇਂ ਰਾਸ਼ਟਰਪਤੀ ਦੋਹਾਂ ਵਿਚੋਂ ਕੋਈ ਵੀ ਬਣੇ ਮਨੂਵਾਦੀਆਂ ਦੇ ਪਰਖੇ ਹੋਏ ਸੰਦ ਹਨ ਅਤੇ ਰਾਸ਼ਟਰਪਤੀ ਦੀ ਚੋਣ ਦਾ ਮੌਜੂਦਾ ਰੱਦਿ- ਅਮਲ ਸੰਵਿਧਾਨ ਨਾਲ ਛੇੜਛਾੜ ਦੇ ਨਾਪਾਕ ਇਰਾਦਿਆਂ ਦੀ ਕਵਾਇਦ ਵਜੋਂ ਵੇਖਿਆ ਜਾਣਾ ਬਣਦਾ ਹੈ। 85 ਫੀਸਦੀ ਮੂਲ ਨਿਵਾਸੀ ਸਮਾਜ (ਪਛੜੇ ਵਰਗ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨ ਜਾਤੀ ਕਬੀਲੇ ਅਤੇ ਧਾਰਮਿਕ ਘੱਟ ਗਿਣਤੀਆਂ ਸਿੱਖ, ਮੁਸਲਮਾਨ, ਈਸਾਈ, ਬੋਧੀ ਤੇ ਪਾਰਸੀ ਸਾਵਧਾਨ !

ਬਾ ਮੁਲਾਹਜ਼ਾ ਹੋਸ਼ਿਆਰ!!

# ਰਹਿਣਗੇ ਸਦਾ ਨਿਸ਼ਾਨ ਝੂਲਦੇ ਗ਼ਦਰੀ ਬਾਬਿਆਂ ਦੇ,ਬਲਵੀਰ ਸ਼ੇਰਪੁਰੀ ਵੱਲੋਂ ਸੱਚੀ ਸ਼ਰਧਾਂਜਲੀ– ਸੰਤ ਸੀਚੇਵਾਲ

**ਨਿਊਯਾਰਕ (ਰਾਜ ਗੋਗਨਾ)–** ਵਾਤਾਵਰਨ ਅਤੇ ਸੱਭਿਆਚਾਰ ਸਮਾਜਿਕ ਮੁਦਿਆਂ ਤੇ ਲਗਾਤਾਰ ਗੀਤ ਸਮਾਜ ਦੇ ਸਾਹਮਣੇ ਰੱਖਣ ਵਾਲੇ ਪ੍ਰਸਿੱਧ ਲੋਕ ਗਾਇਕ ਬਲਵੀਰ ਸ਼ੇਰਪੁਰੀ ਇਸ ਮੌਕੇ ਪੂਰੀ ਚਰਚਾ ਵਿਚ ਹਨ। ਇਹ ਸ਼ਬਦ ਲੋਕ ਗਾਇਕ ਬਲਵੀਰ ਸ਼ੇਰਪੁਰੀ ਦੇ (ਗ਼ਦਰੀ ਬਾਬੇ) ਸਿੰਗਲ ਟ੍ਰੈਕ ਦਾ ਪੋਸਟਰ ਪ੍ਰਮੋਸ਼ਨ ਕਰਦੇ ਹੋਏ ਸੁਤੰਤਰਤਾ ਦਿਵਸ ਤੇ ਆਮ ਆਦਮੀ ਪਾਰਟੀ ਦੇ ਮੋਜੂਦਾ ਐਮਪੀ ਅਤੇ ਵਾਤਾਵਰਨ ਪ੍ਰੇਮੀ ਅਤੇ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਸੰਤ ਸੀਚੇਵਾਲ ਜੀ ਨੇ ਕਹੇ। ਸੰਤ ਸੀਚੇਵਾਲ ਨੇ ਕਿਹਾ ਕਿ ਆਜ਼ਾਦੀ ਦੇ ਸ਼ਹੀਦਾਂ ਨੂੰ ਸਮਰਪਿਤ ਬਲਵੀਰ ਸ਼ੇਰਪੁਰੀ ਦੀ ਬੁਲੰਦ ਆਵਾਜ਼ ਵਿੱਚ ਗਾਇਆ ਗੀਤ ਰਹਿਣਗੇ ਸਦਾ ਨਿਸ਼ਾਨ ਝੂਲਦੇ ਗ਼ਦਰੀ ਬਾਬਿਆਂ ਦੇ ਇੱਕ ਸੱਚੀ ਸ਼ਰਧਾਂਜਲੀ ਹੈ। ਇਹ ਗੀਤ ਪ੍ਰਸਿੱਧ ਗੀਤਕਾਰ ਨਿਰਵੈਲ ਮਾਲੂਪੂਰੀ ਦੀ ਕਲਮ ਤੋਂ ਲਿਖਿਆ ਅਤੇ ਸਾਂਝਾ ਟੀਵੀ ਕੈਨੇਡਾ ਦੇ ਬੈਨਰ ਹੇਠ ਯੂ ਟਿਊਬ ਸੋਸ਼ਲ ਮੀਡੀਆ ਤੇ ਰਿਲੀਜ਼ ਹੋ ਚੁੱਕਾ ਹੈ। ਇਸਦਾ ਮਿਊਜ਼ਿਕ ਹਰੀ ਅਮਿਤ ਨੇ ਕੀਤਾ ਅਤੇ ਇਸ ਦਾ ਵੀਡੀਓ ਡਾਇਰੈਕਟਰ ਐਡੀਟਰ ਕੁਲਦੀਪ ਸਿੰਘ ਨੇ ਤਿਆਰ ਕੀਤਾ ਹੈ। ਮਾਡਲਿੰਗ ਦੀ ਭੂਮਿਕਾ ਨਿਰਵੈਲ ਮਾਲੂਪੂਰੀ, ਸਾਹਿਬ ਥਿੰਦ, ਬਲਦੇਵ ਸਿੰਘ ਦੂਲੇ, ਰਫ਼ਤਾਰ ਸਿੰਘ ਗਿੱਲ , ਸੁਖਰਾਜ ਸੁੱਖਾ ਨੇ ਨਿਭਾਈ ਹੈ। ਇੰਡੀਆ ਅਤੇ ਕੈਨੇਡਾ ਵਿੱਚ ਸ਼ੂਟ ਕੀਤਾ ਗਿਆ ਹੈ। ਪੋਸਟਰ ਪ੍ਰਮੋਸ਼ਨ ਕਰਦੇ ਸਮੇਂ ਬਲਵੀਰ ਸ਼ੇਰਪੁਰੀ, ਡਾ ਰਵਿੰਦਰ ਪਾਲ ਸ਼ੁਭ (ਐਸ ਐਮ ਓ) ਸੁਲਤਾਨਪੁਰ ਲੋਧੀ, ਮਾਸਟਰ ਦੇਸਰਾਜ ਜੀ, ਮਾਸਟਰ ਜਗੀਰ ਸਿੰਘ ਬਾਜਵਾ, ਸ ਜਰਨੈਲ ਸਿੰਘ ਗਿੱਲ,ਦਇਆ ਸਿੰਘ ਸੀਚੇਵਾਲ ਅਤੇ ਹੋਰ ਵੀ ਸੱਜਣ ਮੌਜੂਦ ਸਨ। ਇਸ ਗੀਤ ਦਾ ਅਸਰ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿੱਚ ਸ਼ਹੀਦਾ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪ੍ਰੇਰਿਤ ਕਰੇਗਾ। ਸਾਡੇ ਵੱਲੋਂ ਵੀ ਆਜ਼ਾਦੀ ਦੇ ਮਹਾਨ ਸ਼ਹੀਦਾਂ ਨੂੰ ਪ੍ਰਨਾਮ ਅਤੇ ਭਾਰਤ ਵਾਸੀਆਂ ਨੂੰ ਬਹੁਤ ਬਹੁਤ ਮੁਬਾਰਕਾਂ ਜੀ।



# ਬਹੁਜਨ ਸਮਾਜ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਹੈ ਪੁਸਤਕ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ'


ਭਾਰਤੀ ਸਿਆਸਤ ਦੇ ਸਮੀਕਰਨ ਬਦਲਣ ਅਤੇ ਟੁਕੜਿਆਂ 'ਚ ਵੰਡੇ ਹੋਏ ਬਹੁਜਨ ਸਮਾਜ ਨੂੰ ਇਕ ਸੂਤਰ 'ਚ ਪ੍ਰੋਣ ਵਾਲੇ ਆਗੂ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਹੈ ਪੁਸਤਕ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ'। ਡਾ। ਭੀਮ ਰਾਓ ਅੰਬੇਡਕਰ ਤੋਂ ਬਾਅਦ ਦਲਿਤ ਰਾਜਨੀਤੀ 'ਚ ਪੈਦੇ ਹੋਏ ਖ਼ਲਾਅ ਨੂੰ ਭਰਨ ਲਈ ਬਾਬੂ ਕਾਂਸ਼ੀ ਰਾਮ ਨੂੰ ਸਾਈਕਲ ਯਾਤਰਾ ਕਰਦਿਆਂ ਕਿਨ੍ਹਾਂ ਬਿਖੜੇ ਪੈਂਡਿਆਂ ਰਾਹੀਂ ਗੁਜ਼ਰਨਾ ਪਿਆ ਉਸ ਨੂੰ ਡਾ। ਬਦਰੀ ਨਾਰਾਇਣ ਨੇ ਸਖ਼ਤ ਮਿਹਨਤ ਪਿੱਛੋਂ ਬਹੁਤ ਬਾਰੀਕੀ ਨਾਲ ਤੱਥ ਆਧਾਰਤ ਪੇਸ਼ ਕੀਤਾ ਹੈ। ਉਨ੍ਹਾਂ ਦੀ ਅੰਗਰੇਜ਼ੀ 'ਚ ਲਿਖੀ ਇਸ ਪੁਸਤਕ

**ਬਿੰਦਰ ਬਸਰਾ**

ਦਾ ਪੰਜਾਬੀ ਅਨੁਵਾਦ ਵਿਦੇਸ਼ ਵਸਦੇ ਡਾ ਹਰਜਿੰਦਰ ਕੁਮਾਰ ਅਤੇ ਡਾ ਪਰਮਜੀਤ ਚੁੰਬਰ ਨੇ ਸਾਂਝੇ ਉਦਮ ਨਾਲ ਕੀਤਾ ਹੈ।

ਲੇਖਕ ਨੇ ਪੁਸਤਕ ਨੂੰ ਵੱਖ-ਵੱਖ 8 ਸਿਰਲੇਖਾਂ 'ਚ ਵੰਡਿਆ ਹੈ। ਪਹਿਲੇ ਭਾਗ 'ਮੁੱਢਲੇ ਸਾਲ' 'ਚ ਬਿਆਨਿਆ ਗਿਆ ਹੈ ਕਿ ਦੇਸ਼ 'ਚ ਦਲਿਤ ਰਾਜਨੀਤੀ ਦਾ ਜੋ ਮੂੰਹ-ਮੁਹਾਂਦਰਾ ਅੱਜ ਨਜ਼ਰ ਆ ਰਿਹਾ ਹੈ ਇਹ ਇਕ-ਦੋ ਦਿਨ ਦਾ ਚਮਤਕਾਰ ਨਹੀਂ। ਇਸ ਪਿੱਛੇ ਸਮੇਂ-ਸਮੇਂ ਉਠੀਆਂ ਦਲਿਤ ਲਹਿਰਾਂ ਅਤੇ ਦਲਿਤ ਆਗੂਆਂ ਦਾ ਯੋਗਦਾਨ ਹੈ ਜਿਨ੍ਹਾਂ ਨੇ ਪੀੜਤ ਧਿਰਾਂ ਨੂੰ ਸਮਾਜ ਅਤੇ ਰਾਜਨੀਤੀ 'ਚ ਸਨਮਾਨਜਨਕ ਥਾਂ ਦਿਵਾਉਣ ਲਈ ਘਾਲਣਾ ਘਾਲੀ ਹੈ। ਪੰਜਾਬ 'ਚੋਂ ਉੱਠੀ 'ਆਦਿ ਧਰਮ ਮੰਡਲ ਲਹਿਰ', ਬੰਗਾਲ ਦੀ 'ਨਮੋਸ਼ੂਦਰ ਲਹਿਰ', ਤਾਮਿਲਨਾਡੂ ਦੀ 'ਆਦਿ-ਦਰਾਵਿੜ ਲਹਿਰ', ਆਂਧਰਾ ਪ੍ਰਦੇਸ਼ ਦੀ ਆਦਿ-ਆਂਧਰਾ ਲਹਿਰ, ਆਦਿ ਕਰਨਾਟਕ ਲਹਿਰ ਅਤੇ ਯੂਪੀ ਵਿਚ ਕਾਨਪੁਰ ਦੇ ਆਲੇ ਦੁਆਲੇ ਆਦਿ-ਹਿੰਦੂ ਲਹਿਰ ਪ੍ਰਮੁੱਖ ਹਨ ਜੋ 1920 ਦੇ ਦਹਾਕੇ 'ਚ ਪੈਦਾ ਹੋਈਆਂ ਅਤੇ ਉਨ੍ਹਾਂ ਦੇ ਆਗੂਆਂ ਦੀ ਜਦੋ-ਜਹਿਦ ਦਾ ਵਰਨਣ ਬਾਖੂਬੀ ਕੀਤਾ ਗਿਆ ਹੈ।

ਆਦਿ ਧਰਮ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ, ਭਾਗਿਆ ਰੈਡੀ ਵਰਮਾ, ਸਵਾਮੀ ਅਛੂਤਾਨੰਦ, ਪੇਰੀਆਰ ਰਾਮਸਵਾਮੀ ਨਾਇਕਰ ਆਦਿ ਵਲੋਂ ਖੜ੍ਹੀਆਂ ਕੀਤੀਆਂ ਜਾਤ ਵਿਰੋਧੀ ਲਹਿਰਾਂ ਦੀ ਭੂਮਿਕਾ ਨੂੰ ਵਿਸਥਾਰ 'ਚ ਵਿਚਾਰਿਆ ਗਿਆ ਹੈ। ਬਾਬੂ ਕਾਂਸੀ ਰਾਮ ਨੇ ਦਲਿਤ ਬਰਾਦਰੀਆਂ 'ਚ ਇਨ੍ਹਾਂ ਲਹਿਰਾਂ ਵਲੋਂ ਲਾਈ ਜਾਗ ਨੂੰ ਬਹੁਜਨਾਂ ਦੀ ਰਾਜਨੀਤੀ 'ਚ ਤਬਦੀਲ ਕਰਨ ਲਈ ਲੰਬਾ ਪੈਂਡਾ ਤੈਅ ਕਰਨਾ ਪਿਆ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਦੋ ਚਾਰ ਹੁੰਦਿਆਂ ਅਤੇ ਬਚਪਨ 'ਚ ਹੰਢਾਏ ਜਾਤੀ ਤ੍ਰਿਸਕਾਰ ਅਤੇ ਨੌਕਰੀ ਦੌਰਾਨ ਦਲਿਤਾਂ ਨਾਲ ਹੁੰਦੇ ਵਿਤਕਰੇ ਨੂੰ ਦੇਖ ਜੋ ਅੰਤਰ ਆਤਮਾ 'ਚੋਂ ਆਵਾਜ਼ ਉੱਠੀ ਉਸ ਨੇ ਬਾਬੂ ਕਾਂਸੀ ਰਾਮ ਨੂੰ ਦਲਿਤਾਂ ਅੰਦਰ ਅਣਖ ਅਤੇ ਸਵੈਮਾਣ ਦੀ ਭਾਵਨਾ ਭਰਨ ਦੇ ਰਾਹ ਤੋਰਿਆ।




ਲੇਖਕ ਨੇ ਪਹਿਲੇ ਭਾਗ 'ਚ ਇਕ ਖ਼ਾਸ ਨੁਕਤਾ ਬਹੁਤ ਜ਼ੋਰ ਨਾਲ ਉਭਾਰਿਆ ਹੈ ਕਿ ਕਮਿਊਨਿਸਟ ਲਹਿਰ ਦੇ ਆਗੂਆਂ ਵਾਂਗ ਬਾਬੂ ਕਾਂਸ਼ੀ ਰਾਮ ਨੇ ਵੀ ਆਪਣੇ ਜੀਵਨ ਸੰਘਰਸ਼ ਨੂੰ ਬਿਆਨਦੀਆਂ ਲਿਖਤਾਂ ਅਤੇ ਚਿੱਠੀਆਂ ਨੂੰ ਸੰਭਾਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇੱਥੋਂ ਤਕ ਕਿ ਆਪਣੇ ਰਾਜਸੀ ਮਿਸ਼ਨ ਦੀ ਪ੍ਰਾਪਤੀ ਲਈ ਘਰ ਦਾ ਤਿਆਗ ਕਰਨ ਬਾਰੇ ਲਿਖਿਆ 24 ਸਫ਼ਿਆਂ ਦਾ ਖ਼ਤ ਵੀ ਘਰ ਵਾਲਿਆਂ ਨੇ ਨਹੀਂ ਸੰਭਾਲਿਆ।

'ਗੁਰੂ ਕਿੱਲੀ ਦੀ ਭਾਲ' ਅਧਿਆਏ 'ਚ ਲੇਖਕ ਨੇ ਸੱਤਾ ਦੀ ਚਾਬੀ ਕਿਵੇਂ ਹਥਿਆਉਣੀ ਹੈ, ਇਸ ਲਈ ਉਨ੍ਹਾਂ ਰਾਜਸੀ ਤੌਰ 'ਤੇ ਚੇਤੰਨ ਹੁੰਦਿਆਂ ਰਿਪਬਲਿਕਨ ਪਾਰਟੀ ਆਫ ਇੰਡੀਆ ਤੋਂ ਸ਼ੁਰੂਆਤ ਕਰ ਕੇ ਬਹੁਜਨ ਸਮਾਜ ਪਾਰਟੀ ਦੇ ਗਠਨ ਤਕ ਦਾ ਸਫ਼ਰ ਕਿਨ੍ਹਾਂ ਪੜਾਵਾਂ 'ਚੋਂ ਲੰਘਦਿਆਂ ਕੀਤਾ, ਸਬੰਧੀ ਚਰਚਾ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਵੱਲੋਂ ਸਰਕਾਰੀ ਨੌਕਰੀਆਂ ਕਰਦੇ ਪੜ੍ਹੇ ਲਿਖੇ ਦਲਿਤਾਂ ਨੂੰ ਟਰੇਡ ਯੂਨੀਅਨਾਂ ਦੀ ਲੀਹ 'ਤੇ ਜੋੜਨ ਦਾ ਕਾਰਜ ਕਰਦਿਆਂ 6 ਦਸੰਬਰ 1978 ਨੂੰ ਬਾਮਸੇਫ ਦਾ ਰਸਮੀ ਐਲਾਨ ਕੀਤਾ। ਉਸ ਤੋਂ ਪਿੱਛੋ ਰਾਜਨੀਤਕ ਸੰਸਥਾ ਦੀ ਲੋੜ ਮਹਿਸੂਸ ਕਰਦਿਆਂ ਉਨ੍ਹਾਂ 1981 ਵਿਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀਐੱਸ4) ਦੀ ਸਥਾਪਨਾ ਕੀਤੀ ਅਤੇ ਫਿਰ 1984 'ਚ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਰ ਕੇ ਪੰਜਾਬ 'ਚ ਚੋਣਾਂ ਦੌਰਾਨ ਕੁਝ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਅਤੇ ਫਿਰ ਯੂਪੀ 'ਚ ਸੱਤਾ 'ਤੇ ਕਾਬਜ਼ ਹੋਣ ਦੀ ਕਹਾਣੀ ਪੁਸਤਕ 'ਚ ਦਰਜ ਕੀਤੀ ਗਈ ਹੈ।

'ਚਮਚਾ ਯੁੱਗ' ਡਾ ਅੰਬੇਡਕਰ ਤੋਂ ਅਗਲਾ ਏਜੰਡਾ' ਭਾਗ 'ਚ ਬਾਬੂ ਕਾਂਸ਼ੀ ਰਾਮ ਦੀ 1982 'ਚ ਲਿਖੀ ਕਿਤਾਬ 'ਚਮਚਾ ਯੁੱਗ' ਨਾ ਸਿਰਫ ਉਦੋਂ ਤਕ ਦੀ ਲੀਹੋਂ ਲੱਥੀ ਦਲਿਤ ਲਹਿਰ ਦੀ ਆਲੋਚਨਾ ਹੀ ਕਰਦੀ ਹੈ ਬਲਕਿ ਦਲਿਤ ਸਮਾਜ ਦੇ ਵੱਕਾਰ ਨੂੰ ਆਪਣੇ ਨਿੱਜੀ ਹਿੱਤਾਂ ਲਈ ਵੇਚਣ ਵਾਲੇ ਦਲਿਤ ਨੇਤਾਵਾਂ 'ਤੇ ਤਿੱਖੇ ਵਾਰ ਕਰਦੀ ਹੈ। ਅਜਿਹੇ ਨੇਤਾ ਹੀ ਬਾਬੂ ਕਾਂਸ਼ੀ ਰਾਮ ਦੀ ਨਜ਼ਰ 'ਚ ਮੁੱਖਧਾਰਾ ਦੀਆਂ ਪਾਰਟੀਆਂ ਵੱਲੋਂ ਪੈਦਾ ਕੀਤੇ ਚਮਚੇ ਸਨ ਜਿਹੜੇ ਉੱਠ ਰਹੀਆਂ ਦਲਿਤ ਲਹਿਰਾਂ ਨੂੰ ਖੁੰਢਿਆਂ ਕਰਨ ਦੇ ਕੰਮ ਆਉਂਦੇ ਰਹੇ। ਚਮਚਾ ਯੁੱਗ ਦੇ ਪੈਦਾ ਹੋਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਦੀਆਂ ਕਿਸਮਾਂ 'ਤੇ ਵੀ ਚਾਨਣਾ ਪਾਇਆ ਗਿਆ ਹੈ। ਭਾਰਤ ਦੇ ਸਮਾਜਿਕ ਤੇ ਰਾਜਸੀ ਢਾਂਚੇ 'ਤੇ ਬ੍ਰਾਹਮਣਵਾਦ ਦੀ ਪੀਡੀ ਜਕੜ ਨੂੰ ਢਿੱਲਿਆਂ ਕਰਨ ਲਈ ਬਾਬੂ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਦਾ ਸੰਕਲਪ ਲਿਆਂਦਾ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਵਿਚ ਹਿੱਸੇਦਾਰੀ ਲਈ ਛੋਟੀਆਂ-ਛੋਟੀਆਂ ਜਾਤਾਂ 'ਚ ਵੰਡੇ ਲੋਕਾਂ ਨੂੰ ਇੱਜ਼ਤ ਅਤੇ ਸਵੈਮਾਣ ਲਈ ਇਕੱਠੇ ਹੋ ਕੇ ਲੜਨ ਦੀ ਲਾਈ ਚਿਣਗ ਨੇ ਦਲਿਤ ਸਮਾਜ ਨੂੰ ਰਾਜਸੀ ਸਮੀਕਰਨ ਬਦਲਣ ਦੇ ਕਿਵੇਂ ਯੋਗ ਬਣਾਇਆ ਇਸ ਦਾ ਖੁਲਾਸਾ ਇਸ ਪੁਸਤਕ ਵਿਚ ਕੀਤਾ ਗਿਆ ਹੈ। ਦੇਸ਼ ਦੇ ਵੱਖ-ਵੱਖ ਖਿੱਤਿਆਂ 'ਚ ਵਸਦੀਆਂ ਟੁਕੜਿਆਂ 'ਚ ਵੰਡੀਆਂ ਅਤੇ ਪੀੜਿਤ ਦਲਿਤ ਧਿਰਾਂ ਨੂੰ ਇਕ ਸਾਂਝੇ ਪਲੇਟਫਾਰਮ 'ਤੇ ਲਿਆਉਣ ਲਈ ਬਾਬੂ ਕਾਂਸ਼ੀਰਾਮ ਵੱਲੋਂ ਕੀਤੇ ਲੰਬੇ ਸੰਘਰਸ਼ ਦੀ ਕਹਾਣੀ ਡੂੰਘੀ ਖੋਜ ਤੇ ਸਖ਼ਤ ਮੁਸ਼ੱਕਤ ਵਾਲਾ ਅਹਿਮ ਕਾਰਜ ਹੈ ਜਿਸ ਨੂੰ ਲੇਖਕ ਨੇ ਕਰ ਦਿਖਾਇਆ ਹੈ।

ਦੇਸ਼ 'ਚ ਧਾਰਮਿਕ ਅਤੇ ਜਾਤੀ ਪਛਾਣ ਵਾਲੀ ਰਾਜਨੀਤੀ ਕਾਰਨ ਪੈਦਾ ਹੋਏ ਹਾਲਾਤ ਨੂੰ ਕਾਂਸ਼ੀ ਰਾਮ ਨੇ ਆਪਣੀ ਪਾਰਟੀ ਨੂੰ ਸੱਤਾ ਵਿਚ ਲਿਆਉਣ ਲਈ ਕਿਵੇਂ ਵਰਤਿਆ ਇਸ ਦੇ ਤਫਸੀਲੀ ਵੇਰਵੇ ਉਨ੍ਹਾਂ ਦੀ ਰਾਜਸੀ ਸਮਝ ਅਤੇ ਦੂਰਅੰਦੇਸ਼ੀ ਦੀ ਮਿਸਾਲ ਪੇਸ਼ ਕਰਦੇ ਹਨ। 'ਹਾਥੀ ਦੀ ਚੜ੍ਹਤ- ਬਾਬੂ ਕਾਂਸ਼ੀ ਰਾਮ ਦੀ ਸੱਭਿਆਚਾਰਕ ਰਾਜਨੀਤੀ ਅਤੇ ਬਸਪਾ ਦਾ ਗਠਨ' ਲੇਖ 'ਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਪਿੱਛੋਂ ਪੈਂਦਾ ਹੋਏ ਹਾਲਤ ਵਿੱਚੋਂ ਬਹੁਜਨ ਸਮਾਜ ਪਾਰਟੀ ਨੂੰ ਰਾਜਸੀ ਰੰਗਮੰਚ 'ਤੇ ਲਿਆ ਖੜ੍ਹੇ ਕਰਨ ਅਤੇ ਅਣਗੌਲੇ ਹੋਏ ਦਲਿਤ ਨਾਇਕਾਂ ਨੂੰ ਉਭਾਰਨ ਦੀ ਕਹਾਣੀ ਬਿਆਨੀ ਗਈ ਹੈ। ਇਸ ਤੋਂ ਇਲਾਵਾ ਪਾਰਟੀ ਦੇ ਸੰਗਠਨ ਦੀ ਬਣਤਰ ਬਾਰੇ ਜਾਣਕਾਰੀ ਦਿੱਤੀ ਗਈ ਹੈ। 'ਸੱਤਾ ਪ੍ਰਾਪਤੀ ਵੱਲ ਵਧਦੇ ਕਦਮ- ਬਸਪਾ ਦੀ ਚੁਣਾਵੀ ਸਿਆਸਤ' 'ਚ ਬਸਪਾ ਦੀ ਚੋਣ ਰਣਨੀਤੀ ਅਤੇ ਗਠਜੋੜਾਂ ਅਤੇ ਚੋਣ ਪ੍ਰਚਾਰ ਲਈ ਰਿਵਾਇਤੀ ਪਾਰਟੀਆਂ ਦੇ ਮੁਕਾਬਲੇ ਲਈ ਜੁਟਾਏ ਗਏ ਜਨਤਕ ਸਾਧਨਾਂ ਦੀ ਲੰਬੀ ਕਹਾਣੀ ਦਰਜ ਕੀਤੀ ਹਈ ਹੈ। 'ਆਲੋਚਨਾਵਾਂ ਦੇ ਘੇਰੇ ਵਿਚ-ਮੌਕਾਪ੍ਰਸਤੀ ਇਕ ਰਣਨੀਤੀ ਦੇ ਰੂਪ ਵਿਚ' ਬਾਬੂ ਕਾਂਸ਼ੀ ਰਾਮ ਵਲੋਂ ਖੁਦ ਘੜੇ ਰਾਜਨੀਤਕ ਆਦਰਸ਼ਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ।

ਪੁਸਤਕ ਦੇ ਅਧਿਆਏ 'ਅੰਤਲੇ ਦਿਨ-ਪਾਰਟੀ ਅਤੇ ਪਰਿਵਾਰ ਦਰਮਿਆਨ ਖਿੱਚੋਤਾਣ' 'ਚ ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਅਤੇ ਕੁਮਾਰੀ ਮਾਇਆਵਤੀ ਦਰਮਿਆਨ ਰਹੀ ਖਿੱਚੋਤਾਣ ਦੇ ਕਾਰਨਾਂ ਨੂੰ ਵਿਚਾਰਿਆ ਗਿਆ ਹੈ। ਪੁਸਤਕ ਦੇ ਆਖ਼ਰੀ ਭਾਗ 'ਪੈਗ਼ਾਮ ਜ਼ਿੰਦਾਬਾਦ- ਬਾਬੂ ਕਾਂਸ਼ੀ ਰਾਮ ਦੀ ਸਿਆਸਤ ਦੀਆਂ ਸੀਮਾਵਾਂ' ਵਿਚ ਜਾਤੀ ਆਧਰਿਤ ਸਿਆਸਤ ਦੀ ਚੁਣੌਤੀਆਂ ਅਤੇ ਸੀਮਾਵਾਂ ਦਾ ਵਰਣਨ ਕੀਤਾ ਗਿਆ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰਕ ਮੈਂਬਰਾਂ ਅਤੇ ਘਰ ਦੀਆਂ ਤਸਵੀਰਾਂ ਪੁਸਤਕ ਦੀ ਗੁਣਵੱਤਾ 'ਚ ਹੋਰ ਵਾਧਾ ਕਰਦੀਆਂ ਹਨ। ਜੋ ਖੋਜਾਰਥੀ ਦਲਿਤ ਰਾਜਨੀਤੀ ਬਾਰੇ ਜਾਣਨਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਪੁਸਤਕ ਬਹੁਤ ਲਾਭਕਾਰੀ ਹੋਵੇਗੀ।






ਇੰਦਰ ਕੁਮਾਰ ਮੇਗਵਾਲ ਜਿਸ ਦੀ ਰਜਸਥਾਨ 'ਚ ਮਨੂੰ ਵਾਦੀ ਅਧਿਆਪਕ ਵਲੋ ਸਿਰਫ ਇਸ ਕਰਕੇ ਹੱਤਿਆ ਕਰ ਦਿੱਤੀ ਕੇ ਉਸ ਨੇ ਉਸ ਦੇ ਪੀਣ ਵਾਲੇ ਪਾਣੀ ਦੇ ਘੜੇ ਨੂੰ ਹੱਥ ਲਾਇਆ ਸੀ ਇਸ ਇਸ ਘਟਨਾ ਦੇ ਵਿਰੋਧ 'ਚ ਫਗਵਾੜਾ 'ਚ ਜਾਗਦੇ ਜਮੀਰ ਵਾਲਿਆ ਵਲੋ ਰੋਸ ਮਾਰਚ ਕੱਢਿਆ ਗਿਆ ਅਤੇ ਰਾਜਸਥਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਰਾਸ਼ਟਰਪਤੀ ਦੇ ਨਾਮ ਤਹਿਸੀਲਦਾਰ ਜੀ ਨੂੰ ਮੰਗ ਪੱਤਰ ਵੀ ਦਿੱਤਾ ਗਿਆ। **ਵਲੋਂ – ਅੰਬੇਡਕਰ ਸੈਨਾ ਮੂਲਨਿਵਾਸੀ ਭਗਵਾਨ ਵਾਲਮੀਕ ਐਕਸ਼ਨ ਕਮੇਟੀ ਅਤੇ ਗੁਰੂ ਰਵਿਦਾਸ ਟਾਈਗਰ ਫੋਰਸ**

# ਰਫ਼ੀਕ, ਮੈਨੂੰ ਨਨਕਾਣੇ ਲੈ ਚੱਲ.ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ...

## ਉਜਾੜੇ ਦਾ ਦਰਦ ਇਸ ਕਦਰ ਹਿੱਕ ਨਾਲ ਲਾ ਕੇ ਰੱਖਿਆ ਕਿ ਪੰਜਾਬ ਤੋਂ ਤੁਰਨ ਵੇਲੇ ਬੰਨ੍ਹੀ ਪੱਗ ਮਰਨ ਤੱਕ ਸਿਰ 'ਤੇ ਰੱਖੀ

ਸਾਹ ਲੈਂਦਾ ਹਰ ਜੀਵ, ਬੂਟਾ, ਮਨੁੱਖ ਆਜਾਦੀ ਲੋੜਦੈ। ਪਿੰਜਰੇ 'ਚ ਕੈਦ ਤੋਤੇ, ਚਿੜੀਆਂ ਵੀ ਖੁੱਲ੍ਹੇ ਅੰਬਰੀਂ ਉੱਡਣਾ ਲੋਚਦੇ ਹਨ ਪਰ ਤਾਕਤਵਰ ਧਿਰ ਇਨਸਾਨ ਆਪਣੀ ਖੁਸ਼ੀ ਲਈ ਉਹਨਾਂ ਨਿਤਾਣਿਆਂ ਨੂੰ ਗੁਲਾਮ ਬਣਾ ਕੇ ਰੱਖਦੈ। ਗੁਲਾਮੀ ਖਿਲਾਫ ਆਜ਼ਾਦ ਹੋਣ ਦੀ ਇੱਛਾ ਨਿਰੰਤਰ ਆਪਣੇ ਸਫ਼ਰ 'ਤੇ ਰਹਿੰਦੀ ਹੈ। ਜਦੋਂ ਭਾਰਤ ਪਾਕਿਸਤਾਨ ਦੀ 'ਆਜ਼ਾਦੀ' ਦੀ ਗੱਲ ਕਰਦੇ ਹਾਂ ਤਾਂ 1947 ਵੇਲੇ ਹੋਏ ਭਿਆਨਕ ਉਜਾੜੇ, ਕਤਲੇਆਮ, ਲੁੱਟ ਖੋਹ, ਆਪਣਿਆਂ ਕੋਲੋਂ ਵਿੱਛੜਣ ਵੇਲੇ ਦਾ ਵਿਰਲਾਪ ਕੰਨਾਂ 'ਚ ਕੁਰਬਲ ਕੁਰਬਲ ਕਰਨ ਲੱਗਦੈ। ਇੱਜ਼ਤਾਂ ਦੀ ਚੀਰਫਾੜ ਦਾ ਦੁੱਖ, ਆਪਣਿਆਂ ਵੱਲੋਂ ਆਪਣਿਆਂ ਦੇ ਕਤਲ ਕਿਹੜੀ ਆਜ਼ਾਦੀ ਵੱਲ ਲੈ ਕੇ ਗਏ ਸਨ? ਇਹ ਸਵਾਲ ਅੱਜ ਵੀ ਦੋਵੇਂ ਦੇਸ਼ਾਂ ਦੇ ਹੁਕਮਰਾਨਾਂ ਨੂੰ ਮੂੰਹ ਚਿੜਾਉਂਦੇ ਨਜ਼ਰੀਂ ਪੈਂਦੇ ਹਨ। ਇੱਕ ਦੂਜੇ ਦੀ ਕੰਧ ਨਾਲ ਕੰਧ ਸਾਂਝੀ, ਖੇਤੀਬਾੜੀ ਦੇ ਸੰਦ-ਸੰਦੇੜੇ ਤੋਂ ਲੈ ਕੇ ਕੰਧਾਂ ਵਿਚਕਾਰ ਬਣਾਏ ਮੋਘਰਿਆਂ ਥਾਈਂ ਦਾਲ ਸਬਜ਼ੀਆਂ ਵਾਲੀਆਂ ਕੌਲੀਆਂ ਦੇ ਵਟਾਂਦਰਿਆਂ ਵਾਲੀ ਸਾਂਝ ਨੂੰ ਕੌਣ ਖੂਨ ਦੀ ਰੰਗਤ ਦੇ ਗਿਆ?

ਸੋਚ ਕੇ ਦੇਖੋ ਕੀ ਸਿਆਸਤਦਾਨਾਂ ਦੇ ਵਚਨਾਂ 'ਤੇ ਫੁੱਲ ਚੜ੍ਹਾਉਂਦੇ ਘੜੰਮ ਚੌਧਰੀ ਕਿੰਨੀ ਜ਼ਹਿਰ ਆਪਣੇ ਅੰਦਰ ਸਮੋਈ ਬੈਠੇ ਹੋਣਗੇ ਕਿ ਪਿੰਡ ਪਿੰਡ, ਸ਼ਹਿਰ ਸ਼ਹਿਰ 'ਚ ਨਫ਼ਰਤ ਦੇ ਬੀਜੇ ਬੀਜ ਕਿਵੇਂ ਅਮਰਵੇਲ ਬਣ ਕੇ ਭਾਈਚਾਰੇ ਦੇ ਬੂਟੇ ਨੂੰ ਸੁਕਾ ਗਏ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਇੱਕ ਸੁਨੇਹਾ ਚੁਟਕੀ ਮਾਰਿਆਂ ਦੇਸ਼ਾਂ ਦੀਆਂ ਹੱਦਾਂ ਟੱਪ ਜਾਂਦਾ ਹੈ। ਅੱਜ ਤੋਂ 75 ਸਾਲ ਪਹਿਲਾਂ ਸਿਆਸਤ ਕਿੰਨੀ ਕਰੂਪ ਹੋਵੇਗੀ, ਜਿਸਨੇ ਘਰ ਘਰ ਨਫ਼ਰਤ ਦੇ ਥੋਹਰ ਖਿਲਾਰ ਦਿੱਤੇ ਸਨ? ਲੱਖਾਂ ਲੋਕਾਂ ਦਾ ਕਤਲੇਆਮ, ਗਿਣਤੀ ਮਿਣਤੀ ਤੋਂ ਪਰ੍ਹੇ ਮਾਲੀ ਨੁਕਸਾਨ, ਅਮੁੱਲੀਆਂ ਸਾਂਝਾਂ ਦੇ ਵਿਛੋੜੇ ਆਪੋ ਆਪਣੀਆਂ ਝੋਲੀਆਂ 'ਚ ਪੁਆ ਕੇ ਸਾਨੂੰ ਕਿਹੜੀ ਆਜ਼ਾਦੀ ਵਾਲਾ ਛੁਣਛੁਣਾ ਫੜਾ ਦਿੱਤਾ ਗਿਆ?

ਬੇਸ਼ੱਕ ਓਹ ਦਰਦੀਲਾ ਦੌਰ ਸਾਡੇ ਦਾਦਿਆਂ ਬਾਬਿਆਂ ਦਾ ਦੌਰ ਸੀ, ਪਰ ਜਦੋਂ ਲੰਮੀਆਂ ਉਮਰਾਂ ਵਾਲੇ ਬਜ਼ੁਰਗਾਂ ਦੀਆਂ ਹਾਉਕਿਆਂ ਹਟਕੋਰਿਆਂ ਭਰੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਨਸ਼ਰ ਹੋਈਆਂ ਦੇਖਦੇ ਹਾਂ ਤਾਂ ਦਿਲ ਪਾਟ ਜਾਂਦੈ। ਕਿਵੇਂ ਅੱਜ ਵੀ ਬਜ਼ੁਰਗ ਆਪਣੇ ਪਿਛਲੇ ਪਿੰਡਾਂ, ਪਰਿਵਾਰਾਂ, ਖੇਤਾਂ, ਦੋਸਤਾਂ ਨੂੰ ਯਾਦ ਕਰਕੇ ਖੂਨ ਦੇ ਅੱਥਰੂ ਰੋਂਦੇ ਹਨ। ਆਮ ਲੋਕਾਂ ਨੇ ਤਾਂ ਅਜਿਹੀ ਆਜ਼ਾਦੀ ਦੀ ਕਲਪਨਾ ਵੀ ਨਹੀਂ ਸੀ ਕੀਤੀ, ਜਿਹੜੀ ਆਪਣਿਆਂ ਦੇ ਖ਼ੂਨ 'ਚ ਗੁੰਨ੍ਹੀ ਹੋਵੇ।

ਤਿੰਨ ਕੁ ਸਾਲ ਪਹਿਲਾਂ ਮੈਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਆ ਕੇ ਵਸਿਆ ਤਾਂ ਮਿਲੇ ਦੋ ਸਖਸ਼ਾਂ ਦੀਆਂ ਗੱਲਾਂ ਸੁਣ ਕੇ ਇਉਂ ਲੱਗਿਆ ਜਿਵੇਂ ਮੈਂ ਉਹਨਾਂ ਦੇ ਪਿਓ ਦਾਦਿਆਂ ਦੀਆਂ ਚੀਕਾਂ ਆਪਣੇ ਕੰਨੀਂ ਸੁਣ ਰਿਹਾ ਹੋਵਾਂ। ਪਹਿਲਾ ਸਖਸ਼ ਸੀ ਅਬਦੁਲ ਕਯੂਮ ਨਾਂ ਦਾ ਦੁਕਾਨਦਾਰ ਵੀਰ। ਉਹਦੀ ਦੁਕਾਨ 'ਤੇ ਗਿਆ ਤਾਂ ਜਿਹੜਾ ਮੋਹ, ਅਪਣੱਤ ਕਯੂਮ ਵੱਲੋਂ ਮੇਰੇ ਸੀਨੇ 'ਤੇ ਉੱਕਰ ਦਿੱਤਾ, ਉਹ ਇਹ ਦੱਸਣ ਲਈ ਕਾਫੀ ਸੀ ਕਿ 'ਉਜਾੜੇ' ਤੋਂ ਪਹਿਲਾਂ ਸਾਡਾ 'ਭਰੱਪਾ' ਕਿਹੋ ਜਿਹਾ ਹੋਵੇਗਾ? ਕਯੂਮ ਨੇ ਆਪਣੀਆਂ ਗੱਲਾਂ ਦੀ ਸ਼ੁਰੂਆਤ ਤਾਂ ਬਹੁਤ ਖੁਸ਼ਮਿਜਾਜ਼ੀ ਨਾਲ ਕੀਤੀ ਪਰ ਅਚਾਨਕ ਅੱਖਾਂ ਦੇ ਕੋਏ ਅੱਥਰੂਆਂ ਨੂੰ ਸਾਂਭ ਨਾ ਸਕੇ। ਕਯੂਮ ਦਾ ਕਹਿਣਾ ਸੀ ਕਿ "ਸਾਡਾ ਜਗਰਾਵਾਂ ਕੋਲ ਪਿੰਡ ਸਵੱਦੀ ਚੰਗਾ ਖਾਸਾ ਪਰਿਵਾਰ, ਕੰਮਕਾਰ ਸੀ। ਉਜਾੜਾ ਹੋਇਆ ਤਾਂ ਪਾਕਿਸਤਾਨ ਦੇ ਟੋਬਾ ਟੇਕ ਸਿੰਘ ਜਾ ਕੇ ਵਸਣਾ ਪਿਆ। ਮੇਰੇ ਦਾਦਾ ਦਾ ਸਰਦਾਰਾਂ ਨਾਲ ਅੰਤਾਂ ਦਾ ਮੁਲਾਹਜਾ ਸੀ, ਪਿਆਰ ਸੀ। ਦਾਦੇ ਦੀਆਂ ਗੱਲਾਂ 'ਚ ਓਹ ਮੋਹ ਆਖਰੀ ਸਾਹ ਤੱਕ ਜਿਉਂਦਾ ਰਿਹਾ। ਉਹ ਦਸਤਾਰਾਂ ਵਾਲੇ ਤੇ ਉੱਚੇ ਕਿਰਦਾਰਾਂ ਵਾਲੇ ਯਾਰਾਂ ਸਰਦਾਰਾਂ ਦੀ ਯਾਦ 'ਚ ਬਾਹਾਂ ਖੜ੍ਹੀਆਂ ਕਰ ਕਰ ਅੱਲ੍ਹਾ ਅੱਗੇ ਉਹਨਾਂ ਦੀਆਂ ਖੈਰਾਂ ਮੰਗਦਾ। ਜਿੰਨੀ ਦੇਰ ਦਾਦਾ ਨਿਜ਼ਾਮਦੀਨ ਜਿਉਂਦਾ ਰਿਹਾ, ਸਵੱਦੀ ਤੋਂ ਬੰਨ੍ਹ ਕੇ ਲਿਆਂਦੀ ਪੱਗ ਹੀ ਬੰਨ੍ਹਦਾ ਰਿਹਾ। ਕੋਈ ਦੂਜੀ ਪੱਗ ਖਰੀਦੀ ਵੀ ਨਾ"

ਆਪਣੇ ਦਾਦੇ ਦੀਆਂ ਗੱਲਾਂ ਸੁਣਾਉਂਦਾ ਕਯੂਮ ਨੀਵੀਂ ਪਾਈ ਦੁਕਾਨ ਦੇ ਕਾਊਂਟਰ 'ਤੇ ਉਂਗਲ ਨਾਲ ਇਬਾਰਤ ਜਿਹੀ ਲਿਖਦਾ ਮੇਰੇ ਕੋਲੋਂ ਅੱਖਾਂ ਦੇ ਗਿੱਲੇ ਹੋਏ ਕੋਏ ਛੁਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

"ਮਨਦੀਪ ਬਾਈ, ਮੇਰੇ ਅੱਬਾ ਨੂੰ ਦਾਦੇ ਨੇ ਕਹਿਣਾ ਕਿ ਰਫੀਕ ਮੈਨੂੰ ਨਨਕਾਣੇ ਲੈ ਚੱਲ, ਮੈਂ ਪੱਗਾਂ ਵਾਲੇ ਸਰਦਾਰ ਦੇਖਣੇ ਆ।"

ਇਸੇ ਤਰ੍ਹਾਂ ਹੀ ਬਾਗੀ ਬਿਰਤੀ ਦੇ ਸ਼ਾਇਰ ਸਲੀਮ ਰਜ਼ਾ ਨੂੰ ਮਿਲਣ ਦਾ ਸਬੱਬ ਬਣਿਆ। ਸਲੀਮ ਰਜ਼ਾ ਦੇ ਪਰਿਵਾਰ ਦਾ ਪਿੱਛਾ ਰਾਏਕੋਟ ਦਾ ਸੀ। ਉਹੀ ਦਰਦ, ਓਹੀ ਆਪਣਿਆਂ ਨੂੰ ਮਿਲਣ ਦੀ ਚਾਹਤ ਸਲੀਮ ਰਜ਼ਾ ਦੀਆਂ ਗੱਲਾਂ 'ਚ ਦੇਖਣ ਨੂੰ ਮਿਲੀ। ਹੈਰਾਨੀ ਉਦੋਂ ਹੋਈ ਜਦੋਂ ਸਲੀਮ ਰਜ਼ਾ ਜੀ ਨੇ ਆਪਣੀ ਉਰਦੂ ਸ਼ਾਇਰੀ ਨੂੰ ਗੁਰਮੁਖੀ 'ਚ ਅਨੁਵਾਦ ਕਰਕੇ ਛਾਪਣ ਲਈ ਭੇ-ਜਿਆ ਤਾਂ ਤਾਕੀਦ ਕਰਦਿਆਂ ਬੋਲੇ, "ਮਨਦੀਪ, ਮੇਰੀ ਇੱਛਾ ਹੈ ਕਿ ਤੁਸੀਂ ਰਚਨਾ ਦੇ ਅਖੀਰ 'ਚ ਮੇਰਾ ਨਾਮ ਸਲੀਮ ਰਜ਼ਾ ਰਾਏਕੋਟੀ ਜ਼ਰੂਰ ਲਿਖਣਾ।"



ਮਨਦੀਪ ਖੁਰਮੀ ਹਿੰਮਤਪੁਰਾ

ਸ ੂ ਇ ੇ ਕੱਸੀਆਂ 'ਚ ਤੈਰਦੀਆਂ ਲਾਸ਼ਾਂ ਨੂੰ ਬਾਲ ਉਮਰੇ ਤੱਕ ਬੈਠਾ ਸਲੀਮ ਰਜ਼ਾ ਅਜੇ ਵੀ ਉਹ ਭਿਆਨਕ ਤਸਵੀਰਾਂ ਦਿਲ 'ਚ ਸਾਂਭੀ ਬੈਠਾ ਹੈ। ਅੱਜ ਦੋਵੇਂ ਦੇਸ਼ਾਂ ਦੇ ਹਾਕਮ ਆਜ਼ਾਦੀ ਦਾ ਜਿੰਨਾ ਮਰਜ਼ੀ ਡੌਂਡਕਾ ਪਿੱਟਣ ਪਰ ਉਹ ਸਮਾਂ ਆਜ਼ਾਦੀ ਦਾ ਸੀ ਜਾਂ ਬਰਬਾਦੀ ਦਾ, ਪਿੰਡਿਆਂ 'ਤੇ ਹੰਢਾਉਣ ਵਾਲੇ ਲੋਕ ਹੀ ਜਾਣਦੇ ਹਨ।

ਦੇਸ਼ ਮਹਿੰਗਾਈ, ਭੁੱਖਮਰੀ, ਭ੍ਰਿਸ਼ਟਾਚਾਰ ਦੀ ਦਲਦਲ 'ਚ ਧਸਿਆ ਹੋਵੇ ਤੇ ਲੋਕਾਂ ਨੂੰ ਘਰ ਘਰ ਝੰਡੇ ਲਾਉਣ ਦੇ ਫੁਰਮਾਨ ਸੁਣਾਏ ਜਾ ਰਹੇ ਹੋਣ? ਇਉਂ ਲਗਦੈ ਜਿਵੇਂ ਭੁੱਖੇ ਨੂੰ ਰੋਟੀ ਦੇਣ ਦੀ ਬਜਾਏ ਕਾਗਜ਼ 'ਤੇ ਰੋਟੀ ਦੀ ਤਸਵੀਰ ਬਣਾ ਕੇ ਫੜਾ ਦਿੱਤੀ ਹੋਵੇ।

# ਭੂਆ ਨਾਲ ਪੁੰਨਿਆ 'ਤੇ ਜਾਣ ਦੇ ਦਿਨਾਂ ਦੀ ਯਾਦ ਆਈ



ਤਸਵਿੰਦਰ ਸਿੰਘ ਬੜੈਚ
91-98763-22677

ਜੇਕਰ ਅੱਜ ਦਾ ਜ਼ਮਾਨਾਂ ਚਾਂਦੀ ਵਾਂਗ ਚਮਕਦਾ ਨਜ਼ਰ ਆਉਂਦਾ ਹੈ ਤਾਂ ਪੁਰਾਣੇ ਸਮੇਂ ਦਾ ਮੁਕਾਬਲਾ ਲਾਜ਼ਮੀ ਸੋਨੇ ਬਰਾਬਰ ਕੀਤਾ



ਜਾ ਸਕਦਾ ਹੈ। ਸਾਦਾ ਖਾਣਾ ਪੌਸ਼ਟਿਕ ਤੱਤਾਂ ਨਾਲ ਭਰਪੂਰ ਉਸ ਵੇਲੇ ਦੀਆਂ ਬਾਤਾਂ ਬਣ ਕੇ ਰਹਿ ਗਈਆਂ। ਕੱਚੇ ਰਾਹ, ਰੇਤਾ ਭਰੇ ਟਿੱਬੇ, ਸਰਕੜੇ ਕਾਨੇ ਜਵਾਰਾਂ ਕੰਢਿਆਂ ਨਾਲ ਭਰੀਆਂ ਪਗਡੰਡੀਆਂ, ਪੁਰਾਣੇ ਉੱਚੇ ਉੱਚੇ ਰੁੱਖ ਸਾਡੇ ਏਰੀਆ ਵਿਚ ਬਿਰਾਜਮਾਨ ਸਨ। ਪੰਜਾਬ ਮੇਲਿਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਰਾਜ ਸੀ ਤੇ ਅੱਜ ਵੀ ਹੈ, ਨੰਗੇ ਪੈਰੀਂ ਅਸੀਂ ਪਿੰਡ ਵਿਚ ਘੁੰਮਦੇ ਸਾਂ, ਕੋਈ ਪਰਵਾਹ ਨਹੀਂ ਸੀ। ਘਰ ਵਿਚ ਬਾਪੂ ਹੋਰਾਂ ਦੇ ਘਰ ਦੇ ਕੰਮਾਂ 'ਚ ਪੂਰਾ ਹੱਥ ਵਿਟਾਉਂਦੇ ਸਾਂ ਅਤੇ ਵੇਲੇ ਸਿਰ ਸਕੂਲ ਵੀ ਜਾਂਦੇ ਸਾਂ, ਪੜ੍ਹਦੇ ਵੀ ਤਸੱਲੀਬਖਸ ਸਾਂ। ਚੰਗੇ ਨੰਬਰਾਂ 'ਤੇ ਜਮਾਤਾਂ ਵੀ ਪਾਸ ਕਰੀ ਜਾਂਦੇ ਸਾਂ ਤੇ ਮੇਲਿਆਂ ਮੱਸਿਆ, ਪੁੰਨਿਆ, ਟੂਰਨਾਮੈਂਟਾ 'ਤੇ ਵੀ ਹਾਜ਼ਰੀ ਲਗਾਉਂਦੇ ਸਾਂ, ਕਦੇ ਖੂੰਜੇ ਨਹੀਂ ਸਾਂ, ਸ਼ਾਮ ਨੂੰ ਵੇਲੇ ਸਿਰ ਪਸ਼ੂ ਵੀ ਚਾਰਨ ਜਾਂਦੇ ਸਾਂ।

ਅੱਜ ਮੈਨੂੰ ਸਾਜਰੇ ਹੀ ਇਕ ਪੁਰਾਣੀ ਯਾਦ ਨੇ ਕੋਰੇ ਕਾਗਜ ਦੀ ਹਿੱਕ 'ਤੇ ਲਿਖਣ ਲਈ ਉਤੇਜਿਤ ਕੀਤਾ। ਪੁਰਾਤਨ ਸਮੇਂ ਸਾਡੇ ਪਿੰਡ ਦੇ ਲਾਗੇ ਪਿੰਡ ਸਨੇਰਾਂ ਵਿਖੇ ਪੁੰਨਿਆ ਲੱਗਿਆ ਕਰਦੀ ਸੀ। ਉਹਨਾਂ ਵੇਲਿਆਂ ਵਿਚ ਪਿੰਡ ਸੁਨੇਰਾ ਦੀ ਪੁੰਨਿਆ ਇਲਾਕੇ ਵਿਚ ਮਸ਼ਹੂਰ ਸੀ, ਇਲਾਕੇ ਦੇ ਸਾਡੇ ਪਿੰਡਾਂ ਦੇ ਲੋਕ ਇਸ ਪੁੰਨਿਆ 'ਤੇ ਹੁੰਬ ਹੰਬਾ ਜਾਇਆ ਕਰਦੇ ਸਨ। ਅੱਜ ਇਥੇ ਪੁੰਨਿਆ ਨਹੀਂ ਲੱਗਦੀ । ਨਵੀਂ ਪੀੜ੍ਹੀ ਨੂੰ ਇਸ ਬਾਰੇ ਕੋਈ ਇੱਲਮ ਨਹੀਂ ਹੈ, ਪਰ ਮੇਰੇ ਵਰਗੇ ਬਜ਼ੁਰਗਾਂ ਨੂੰ ਇਸ ਬਾਰੇ ਪਤਾ ਹੈ ਜੋ ਜਿੰਨਾ ਅੱਖਾਂ ਨਾਲ ਵੇਖਿਆ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੱਲ੍ਹ ਦੀਆਂ ਬਾਤਾਂ ਵਾਪਰੀਆਂ ਹੋਣ ਪਰ ਇਹ 60 ਵਰ੍ਹੇ ਪੁਰਾਣੀਆਂ ਯਾਦਾਂ ਹਨ। ਪੁੰਨਿਆ ਵਾਲੀ ਜਗ੍ਹਾਂ 'ਤੇ ਇਕ ਬਹੁਤ ਵੱਡਾ ਸੰਘਣਾ ਬੋਹੜ ਦਾ ਰੁੱਖ ਹੁੰਦਾ ਸੀ ਪਰ ਅੱਜ ਵੀ ਮੌਜੂਦ ਹੈ, ਪਰ ਉਥੋ ਪੁੰਨਿਆ ਨੂੰ ਨਹੀਂ ਮਨਾਇਆ ਜਾਂਦਾ ਹੈ। ਇਹ ਖੜ੍ਹਾ ਬੋਹੜ ਦਾ ਰੁੱਖ ਸ਼ਾਇਦ ਸੋਚ ਰਿਹਾ ਹੈ ਕਿ ਅੱਜ ਕੋਈ ਮੇਰੇ ਹੇਠਾਂ ਆ ਕੇ ਪੁੰਨਿਆ ਦੀ ਰੌਣਕ ਲਾਇਗਾ। ਅਸੀਂ ਪੱਤੀ ਦੇ ਨਿਆਣੇ ਆਪਣੀ ਭੂਆ ਨਿਕੋ ਤੇ ਕੁੰਦੋ ਦੇ ਨਾਲ ਇਸ ਪੁੰਨਿਆ 'ਤੇ ਹਰ ਮਹੀਨੇ ਜਾਂਦੇ ਸੀ। ਆਂਢ-ਗੁਆਂਢ ਦੀਆਂ ਭੂਆ ਦੀਆਂ ਸਹੇਲੀਆਂ ਸੀਤੋ, ਭੋਲੂ, ਚੂਹੀ, ਗੁੱਡੀ, ਜੀਤੋ, ਪਾਲੋ ਆਦਿ ਸਾਰੀਆਂ ਰੱਲਕੇ ਕੱਚੇ ਰਾਹ ਸਨੇਰੀ ਪੁੰਨਿਆ 'ਤੇ ਜਾਂਦੀਆਂ ਸਨ। ਸਾਡੇ ਪਿੰਡ ਤੋਂ ਸਨੇਰ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਰ ਪੂਰਾ ਰਸਤਾ ਟਿੱਬਿਆ, ਸਰਕੜਿਆ, ਰੇਤਾ, ਪੁਰਾਣੀਆਂ ਕਿੱਕਰਾਂ, ਕੱਢਿਆਂ ਨਾਲ ਭਰਿਆ ਹੁੰਦਾ ਸੀ। ਅਸੀਂ ਸਾਰੇ ਹੀ ਨਿਆਣੇ ਜੁੱਤੀਆਂ ਚੱਪਲਾਂ ਲਾਹ ਕੇ ਭੱਜ ਭੱਜ ਰਸਤਾ ਤੈਹ ਕਰਦੇ ਸਾਂ ਤੇ ਇਕ-ਦੂਜੇ 'ਤੇ ਰੇਤਾ ਪਾਉਂਦੇ, ਖੇਡਦੇ ਮੱਲਦੇ ਪੁੰਨਿਆ ਦੇ ਚਾਅ ਵਿਚ ਹੀ ਦੌੜ ਦੌੜ ਕਦੇ ਥੱਕਦੇ ਨਾ। ਸਾਡੀਆਂ ਭੂਆ ਨੇ ਕਹਿਣਾ ਜਵਾਕੋਂ ਇੱਲਤਾਂ ਨਾ ਕਰੋ ਨਹੀਂ ਤਾਂ ਅਗਲੀ ਪੁੰਨਿਆ 'ਤੇ ਤੁਹਾਨੂੰ ਲੈਕੇ ਨਹੀਂ ਆਉਂਣਾ। ਇਹੋ ਜਿਹੀਆਂ ਝਿੜਕਾਂ ਸਾਨੂੰ ਘਿਉ ਦੀਆਂ ਨਾਲਾਂ ਵਾਗੂੰ ਲੱਗਣੀਆਂ, ਉਹਨਾਂ (ਭੂਆ) ਹੋਰਾਂ



ਆਪਣੀਆਂ ਗੱਲਾਂ ਕਰਦੀਆਂ ਤੁਰੀਆਂ ਜਾਣੀਆਂ। ਕੱਚੇ ਰਸਤੇ ਵਿਚ ਪਾਣੀ ਦਾ ਪੜਾਅ ਹੁੰਦਾ ਸੀ ਉਹ ਇਕ ਖੂਹੀ ਸੀ। ਜਿਸਦਾ ਪਾਣੀ ਬਹੁਤ ਜਿਆਦਾ ਨੀਵਾਂ ਸੀ, ਝਾਤ ਮਾਰਿਆ ਤਾਰੇ ਦੀ ਤਰਾਂ ਦਿਖਾਈ ਦਿੰਦਾ ਸੀ, ਭੂਆ ਹੋਰਾਂ ਸਾਨੂੰ ਹਦਾਇਤ ਦੇਣੀ ਕਿ ਕਾਕਾ ਖੂਹੀ ਦੇ ਨਜ਼ਦੀਕ ਨਾ ਆਉ ਕਿਤੇ ਇਸ 'ਚ ਡਿੱਗ ਨਾ ਜਾਇਓ, ਸਾਨੂੰ ਉਹਨਾਂ ਘੂਰੀ ਰੱਖਣਾ।

ਖੂਹ 'ਤੇ ਇਕ ਲੋਹੇ ਦਾ ਡੋਲ ਤੇ ਲੱਜ ਹੁੰਦੀ ਸੀ ਜਿਸ ਨਾਲ ਅਸੀਂ ਪਾਣੀ ਖਿੱਚਕੇ ਵਾਰੀ ਵਾਰੀ ਪੀ ਲੈਂਦੇ ਸਾਂ ਪਰ ਭੂਆ ਹੋਰੀਂ ਸਾਨੂੰ ਉੱਕ ਨਾਲ ਪਿਲਾ ਦੇਦੀਆਂ ਸਨ। ਉਥੋਂ ਅੱਗੇ ਅਸੀਂ ਸਾਰਿਆਂ ਨੇ ਤੁਰ ਪੈਣਾ ਤੇ ਦੜੰਗੇ ਮਾਰਦੇ ਪੁੰਨਿਆ 'ਤੇ ਪਹੁੰਚ ਜਾਣਾ। ਅੱਗੇ ਪਾਠ ਖੁੱਲ੍ਹੇ ਹੁੰਦੇ ਸਨ, ਰੌਣਕ ਬਹੁਤ ਹੁੰਦੀ ਸੀ, ਬੋਹੜ ਹੇਠਾਂ ਛਹਿਬਰਾਂ ਲੱਗੀਆਂ ਹੁੰਦੀਆਂ ਸਨ। ਸਾਨੂੰ ਭੂਆ ਹੋਰਾਂ ਨੇ ਬੋਹੜ ਦਿਆਂ ਪੱਤਿਆ 'ਤੇ ਖਾਣ ਲਈ ਪਕੌੜੇ, ਸਮੋਸੇ ਨਾਲ ਚੱਟਨੀ ਲੈ ਦੇਣੀ, ਅਸੀਂ ਆਨੰਦ ਪੂਰਭਵਕ ਜੋ ਮਿਲਿਆ ਖਾ ਲੈਣਾ, ਠੰਢੀ ਲੱਸੀ ਪਿਲਾਣੀ ਸਾਨੂੰ ਤਾਂ ਮੌਜਾਂ ਲੱਗ ਜਾਣੀਆਂ, ਅਸੀਂ ਭੂਆ ਹੋਰਾਂ ਨੂੰ ਕਹਿਣਾ ਪੁੰਨਿਆ ਰੋਜ਼ ਲੱਗਣੀ ਚਾਹੀਦੀ ਹੈ। ਭੂਆ ਹੋਰਾਂ ਅੱਗੋਂ ਕਹਿਣਾ ਪੜੂ ਤੁਹਾਡਾ ਪਿਉ, ਰੋਜ਼ ਪੁੰਨਿਆ ਇਹਨਾਂ ਲਈ ਚਾਹੀਦੀ ਹੈ। ਚਲੋ ਕੰਮ ਕਰੋ। ਭੂਆ ਹੋਰਾਂ ਮੱਥਾ ਟੇਕ ਕੇ ਵਾਪਸੀ ਕਰ ਦੇਣੀ। ਸ਼ਾਮ ਨੂੰ ਵਾਪਸ ਉਸੇ ਤਰ੍ਹਾਂ ਚੱਲ ਪੈਣਾ, ਕੋਈ ਥਕਾਵਟ ਨਾ ਹੋਣੀ। ਅੱਜ ਦੇ ਦੌਰ ਵਿਚ ਪੁੰਨਿਆ ਦਾ ਰਿਵਾਜ਼ ਤਾਂ ਹੈ ਪਰ ਇਕ ਨਕਲੀ ਮੇਲਿਆਂ ਦਾ ਰੂਪ ਧਾਰਨ ਹੋ ਗਿਆ। ਉਹਨਾਂ ਦਿਨਾਂ ਨੂੰ ਯਾਦ ਕਰਕੇ ਅੱਜ ਵੀ ਮੈਂ ਉਸ ਬੋਹੜ ਨੂੰ ਵੇਖਣ ਚਲਾ ਜਾਂਦਾ ਹਾਂ ਉਥੇ ਕੋਈ ਨਹੀਂ ਹੈ।

**-ਲੇਖਕ ਜਗਜੀਤ ਸਿੰਘ ਝੱਤਰਾ**
**-ਅਨੁਵਾਦ ਤਸਵਿੰਦਰ ਸਿੰਘ ਬੜੈਚ**

## ਪਿਆਰੇ ਬੱਚਿਓ

ਆਖੇ ਸਭ ਨੂੰ ਕੁਦਰਤ ਰਾਣੀ
ਆਓ ਬਣੀਏ ਸਮੇਂ ਦੇ ਹਾਣੀ ।
ਸਵੇਰੇ ਸਮੇਂ ਨਾਲ ਉੱਠ ਜਾਈਏ,
ਬੀਬੇ ਰਾਣੇ ਬੱਚੇ ਕਹਾਈਏ।
ਦਾਦੀ-ਦਾਦੇ ਨਾਲ ਸੈਰ ਨੂੰ ਜਾਈਏ,
ਆਪਣੀ ਸੋਹਣੀ ਸਿਹਤ ਬਣਾਈਏ।
ਦੰਦ ਸਾਫ ਕਰਕੇ ਫਿਰ ਨਹਾਈਏ,
ਸਿਰ ਵਾਹ ਸੋਹਣੀ ਵਰਦੀ ਪਾਈਏ।
ਮਾਪਿਆਂ ਕੋਲੋਂ ਅਸ਼ੀਰਵਾਦ ਲੈ ,
ਚਾਈਂ ਚਾਈਂ ਸਕੂਲ ਨੂੰ ਜਾਈਏ ।
ਪੜ੍ਹਾਈ ਸ਼ੁਰੂ ਕਰਨ ਤੋਂ ਪਹਿਲਾਂ ,
ਸੱਚੇ ਰੱਬ ਦਾ ਨਾਮ ਧਿਆਈਏ ।
ਪੜ੍ਹੀਏ ਲਿਖੀਏ ਵਧੀਏ ਫੁੱਲੀਏ,
ਅਧਿਆਪਕਾਂ ਦਾ ਮਾਣ ਵਧਾਈਏ।
ਆ ਕੇ ਘਰ ,ਘਰ ਦਾ ਕੰਮ ਕਰੀਏ,
ਸ਼ਾਮੀਂ ਫੇਰ ਗੁਰੂ ਘਰੇ ਜਾਈਏ ।
ਹੱਸ ਕੇ ਸਭ ਦੇ ਨਾਲ ਬੋਲੀਏ,
ਸਭਨਾਂ ਦੇ ਨਾਲ ਪਿਆਰ ਵਧਾਈਏ।
ਵਾਤਾਵਰਣ ਸੰਭਾਲੋ ਰਲ ਕੇ
ਸਾਰੇ ਇਕ -ਇਕ ਰੁੱਖ ਲਗਾਈਏ
ਕੁਦਰਤੀ ਦੀ ਗੋਦੀ ਬਹਿ ਸਾਰੇ
ਰੱਜ ਰੱਜ ਕੇ ਅਸੀਸਾਂ ਪਾਈਏ
'ਕੰਵਲ'ਕਹੇ ਆਓ ਪਿਆਰੇ ਬੱਚਿਓ,
ਇਸ ਧਰਤੀ ਨੂੰ ਸਵਰਗ ਬਣਾਈਏ ।

**ਕੰਵਲਜੀਤ ਕੌਰ ਕੰਵਲ**
91-99159-86343



# ਗੁਰਮੁਖੀ ਅੱਖਰਾਂ ਦਾ ਪਿਛੋਕੜ ਅਤੇ ਅਜੋਕੀ ਗੁਰਮੁਖੀ



ਨਾਜ਼ਰ ਸਿੰਘ
91-94641-58136

ਗੁਰਮੁਖੀ ਨਾਲ ਮਿਲਦੇ ਜੁਲਦੇ ਅੱਖਰ ਪੰਜ ਹਜ਼ਾਰ ਵਰ੍ਹਿਆਂ ਤੋਂ ਮਿਲਦੇ ਹਨ।ਪੰਜਾਬ ਵਿੱਚ ਵਰਤੇ ਗਏ ਅੱਖਰ ਕਈ ਭਾਂਤ ਦੇ ਉਪਲੱਬਧ ਹਨ। ਸੱਭ ਤੋਂ ਪੁਰਾਣੇ ਅੱਖਰ ਹੜੱਪਾ ਅਤੇ ਮੋਇੰਜੋਦੜੋ ਦੇ ਹਨ, ਜਿਹੜੇ ਕਿ ਅਜੇ ਤੱਕ ਪੜੇ ਨਹੀ ਗਏ।ਦੂਜੇ ਪੁਰਾਣੇ ਅੱਖਰ ਖਰੋਟੀ ਜਾਂ ਖਰੋਸ਼ਟੀ ਦੇ ਹਨ। ਤੀਜੇ ਗ੍ਰੀਕ ਸਿੱਕਿਆਂ ਅਤੇ ਉਦੰਬਰ ਰਾਜਿਆਂ ਦੇ ਸਿੱਕਿਆਂ ਤੋਂ ਅੱਖਰ ਮਿਲੇ ਹਨ।ਇਸ ਤੋਂ ਇਲਾਵਾ ਅਸ਼ੋਕ ਮਹਾਨ ਦੇ ਅੱਖਰ, ਸ਼ਾਹਬਾਜਗੜੀ, ਟੈਕਸਲਾ ਤੋਂ ਮਿਲੇ ਸਿੱਕਿਆ ਤੋਂ ਮਿਲੇ ਅੱਖਰ, ਟਾਕਰੀ ਅੱਖਰ, ਸਾਹਸੀ ਰਾਜਿਆ ਦੇ ਅੱਖਰ, ਭੱਟੀਆਂ ਦੇ ਭੱਠਛਰ ਜਾਂ ਅਲਬਰੂਨੀ ਦੇ ਅਨੁਸਾਰ ਅਰਧ ਨਾਕਰੀ, ਹਰਸ਼ਵਰਧਨ ਦੇ ਅੱਖਰ, ਮਹਿਮੂਦ ਬਾਦਸ਼ਾਹ ਵੇਲ਼ੇ ਕੂਫੀ ਅੱਖਰ ਆਏ, ਲੰਡੇ ਅੱਖਰ, ਅੰਗਰੇਜ਼ਾ ਵੇਲ਼ੇ ਰੋਮਨ ਅੱਖਰ ਆਏ, ਅਜੋਕੀ ਦੇਵਨਾਗਰੀ ਹਿੰਦੂ ਧਰਮ ਪ੍ਰਚਾਰਕ ਲੈ ਕੇ ਆਏ, ਸੋ ਇਸ ਤਰ੍ਹਾਂ ਪੰਜਾਬ ਵਿੱਚ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਅੱਖਰ ਪ੍ਰਚੱਲਿਤ ਹੋਏ। ਇਸ ਤੋਂ ਇਲਾਵਾ ਯੋਗੀਆਂ ਦੀ ਸਿੱਧ ਮਾਤਰਕਾ ਲਿੱਪੀ ਵੀ ਚਲਦੀ ਰਹੀ।

ਉਪਰੋਕਤ ਕਈ ਅੱਖਰਾਂ ਦੇ Sign Value ਦੇ ਹਿਸਾਬ ਨਾਲ ਪੰਜਾਬੀ ਜਾਂ ਗੁਰਮੁਖੀ ਦੇ ਅੱਖਰਾਂ ਦੀ Sign Value ਨਾਲੋਂ ਵੱਖਰੀ ਹੈ।ਕਈ ਅੱਖਰਾਂ ਦੀ ਸ਼ਗਿਨ ੜਓਲੁਏ ਪੰਜਾਬੀ ਦੇ ਅੱਖਰਾਂ ਨਾਲੋਂ ਵੱਧ ਹੈ ਅਤੇ ਗੁਰਮੁਖੀ ਨਾਲੋਂ ਵੱਖਰੀ ਹੈ।ਇਸ ਤਰ੍ਹਾਂ ਜੇਕਰ ਗੁਰਮੁਖੀ ਤੋਂ ਇਲਾਵਾ ਕਿਸੇ ਹੋਰ ਲਿੱਪੀ ਵਿੱਚ ਗੁਰਬਾਣੀ ਲਿਖੀ ਜਾਵੇ ਤਾਂ ਉਸ ਦਾ ਉਚਾਰਣ ਠੀਕ ਨਹੀ ਹੋਵੇਗਾ ਅਤੇ ਗੁਰਬਾਣੀ ਅਟਕਲ ਪੱਚੂ ਪੜ੍ਹੀ ਜਾਵੇਗੀ। ਗੁਰਬਾਣੀ ਵਿੱਚ ਕੁੱਝ ਵੱਖਰੀਆਂ ਧੁਨੀਆਂ ਵੀ ਮਿਲਦੀਆਂ ਹਨ ਜਿਵੇਂ ਅਯੋਗਵਾ (:), ਅੱਖਰ ਦੇ ਪੈਰੀ ਪੁੱਠਾ 'ਹ' ( )। ਕਿਸੇ ਅੱਖਰ ਦੇ ਪੈਰੀ ਅੱਖਰ ਪਾਉਣ ਦਾ ਰਿਵਾਜ਼ ਪੁਰਾਣੀ ਟਾਕਰੀ ਲਿੱਪੀ ਵਿੱਚ ਪ੍ਰਚੱਲਿਤ ਸੀ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਅੱਧਕ (ੱ) ਦਾ ਪ੍ਰਯੋਗ ਨਹੀ ਕੀਤਾ ਗਿਆ।ਅੱਧਕ ਦੀ ਵਰਤੋਂ ਸਿੰਘ ਸਭਾ ਵੇਲ਼ੇ ਪ੍ਰਚੱਲਿਤ ਹੋਈ। 'ਸ਼', '.ਖ', 'ਗ਼', 'ਜ਼', '.ਫ' ਆਦਿ ਪੰਜ ਅੱਖਰ ਵੀ ਉਸੇ ਵੇਲ਼ੇ ਓਦਜੁਸਟ ਕੀਤੇ ਗਏ। 'ਲ਼' ਅੱਖਰ 1973 ਵਿੱਚ ਪੰਜਾਬ ਦੇ ਅੱਜ ਦੇ ਭਾਸ਼ਾ ਵਿਭਾਗ ਨੇ ਮੰਨਜ਼ੂਰ ਕੀਤਾ। ਇੰਝ ਉਕਤ ਛੇ ਅੱਖਰ ਗੁਰਬਾਣੀ ਵਿੱਚ ਵਰਣਨ ਅੱਖਰਾਂ ਤੋਂ ਪਿੱਛੋਂ ਗੁਰਮੁਖੀ ਵਿੱਚ ਦਾਖ਼ਲ ਕੀਤੇ ਗਏ। ਪਹਿਲੇ ਪੰਜ ਅੱਖਰ (ਸ਼, .ਖ, ਗ਼, ਜ਼ ਅਤੇ .ਫ) ਅਸੀਂ ਕੂਫੀ ਲਿੱਪੀ ਤੋਂ ਲਏ ਹਨ ਕਿਉਂਕਿ ਮਹਿਮੂਦ ਬਾਦਸ਼ਾਹ ਵੇਲ਼ੇ ਕੂਫੀ ਲਿੱਪੀ ਪੰਜਾਬ ਦੀ ਅਧਿਕਾਰਕ ਤੌਰ ਤੇ ਵਰਤੀ ਜਾਣ ਲੱਗੀ ਅਤੇ ਫਾਰਸੀ ਸਰਕਾਰੀ ਬੋਲੀ ਹੋਣ ਕਰਕੇ ਮਜ਼ਬੂਰੀ ਵਸ ਲੋਕਾਂ ਨੂੰ ਪੜ੍ਹਨੀ ਪਈ। ਮਹਾਰਾਜਾ ਰਣਜੀਤ ਸਿੰਘ ਜਿਹੜਾ ਪ੍ਰਭੂਸੱਤਾ ਸੰਪਨ ਸੀ ਉਸ ਵੇਲ਼ੇ ਵੀ ਸਰਕਾਰੀ ਬੋਲੀ ਫਾਰਸੀ ਰੱਖੀ ਅਤੇ ਲਿੱਪੀ ਕੂਫੀ ਹੀ ਲਾਗੂ ਕਰੀ ਰੱਖੀ। ਉਪਰੋਕਤ ਪੰਜ ਧੁਨੀਆਂ ਪੰਜਾਬ ਦੇ ਲੋਕ ਬੋਲਦੇ ਨਹੀ ਸਨ ਅਤੇ ਨਾ ਹੀ ਹੁਣ ਬੋਲਦੇ ਹਨ।ਇਹ ਪੰਜ ਧੁਨੀਆਂ ਸੈਮਟਿਕ ਮੂਲ਼ ਦੀਆਂ ਹਨ ਇਹ ਪੰਜ ਧੁਨੀਆਂ ਪੰਜਾਬ ਮੂਲ ਦੀਆਂ ਨਹੀ ਹਨ। ਪੰਜਾਬ ਵਿੱਚ ਫਾਰਸੀ ਬੋਲੀ ਨੂੰ ਕੂਫੀ ਲਿੱਪੀ ਵਿੱਚ ਅਪਣਾਉਣ ਕਰਕੇ ਉਕਤ ਪੰਜ ਧੁਨੀਆਂ ਨੂੰ ਵੀ ਪੰਜਾਬੀ ਨੇ ਵੀ ਅਪਣਾ ਲਈਆਂ। ਇਸ ਪਿੱਛੋ ਅੰਗਰੇਜ਼ਾਂ ਨੇ ਉਰਦੂ ਸਰਕਾਰੀ ਬੋਲੀ ਲਾਗੂ ਕਰੀ ਰੱਖੀ।ਬਾਕੀ ਸਿੱਖ ਰਾਜੇ ਅੰਗਰੇਜ਼ਾ ਦੀ ਟ੍ਰਿਬਿਊਟਰੀ ਸਨ। ਉਨ੍ਹਾਂ ਨੇ ਵੀ ਸਰਕਾਰੀ ਬੋਲੀ ਫਾਰਸੀ ਜਾਂ ਅੰਗਰੇਜ਼ੀ ਹੀ ਲਾਗੂ ਕਰੀ ਰੱਖੀ।ਪਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾਂ ਜੀ ਨੇ ਵੀ 1912 ਵਿੱਚ ਸਰਕਾਰੀ ਬੋਲੀ ਪੰਜਾਬੀ ਐਲਾਨੀ ਪਰ ਸ਼ਬਦਾਵਲੀ (Vocabulary) ਪੱਖੋਂ ਪੰਜਾਬੀ ਮੂਲ਼ ਦੇ ਸ਼ਬਦ ਬਹੁਤ ਘੱਟ ਘੜੇ ਹੋਣ ਕਰਕੇ ਅਰਬੀ, ਫਾਰਸੀ ਅਤੇ ਤੁਰਕੀ ਦੀ ਸ਼ਬਦਾਵਲੀ (Vocabulary) ਨਾਲ ਹੀ ਕੰਮ ਚਲਾਇਆ। ਜੇਕਰ ਸਿੱਖ ਰਾਜਿਆ ਨੇ ਗੁਰਬਾਣੀ ਅਤੇ ਪੰਜਾਬੀ ਦੇ ਪ੍ਰਚਾਰ ਵੱਲ ਧਿਆਨ ਦਿੱਤਾ ਹੁੰਦਾ ਤਾਂ ਲੋਕ ਸਿੱਖੀ ਨੂੰ ਛੱਡ ਕੇ ਦੂਜੇ ਭਾਈਚਾਰੇ ਪੰਜਾਬੀ ਅਤੇ ਗੁਰਮੁੱਖੀ ਤੋਂ ਦੂਰ ਨਾ ਜਾਂਦੇ ਅਤੇ ਨਾ ਹੀ ਗੁਰਮੁਖੀ ਵਰਤਣ ਵਿੱਚ ਕਿਸੇ ਤਰ੍ਹਾਂ ਦੀ ਢੁੱਚਰ ਡਾਹੁੰਦੇ। ਉਰਦੂ ਮਾਧਿਅਮ ਪੰਜਾਬ ਵਿੱਚ 1948 ਤੱਕ ਜਾਰੀ ਰਿਹਾ। ਇਸ ਪਿੱਛੋਂ ਪੰਜਾਬ ਵਿੱਚ ਅਧਿਕਾਰਕ ਤੌਰ ਤੇ ਪੰਜਾਬੀ ਅਤੇ ਹਿੰਦੀ ਮਾਧਿਅਮ ਸਵੀਕਾਰ ਕੀਤੇ ਗਏ। ਪਾਕਿਸਤਾਨ ਪੰਜਾਬ ਵਿੱਚ ਹੁਣ ਵੀ ਉਰਦੂ ਮੀਡੀਅਮ ਹੈ। ਪਾਕਿਸਤਾਨੀ ਪੰਜਾਬ ਦੀ ਸਰਕਾਰੀ ਬੋਲੀ ਉਰਦੂ ਹੈ। ਜੇ ਕੋਈ ਟਾਵਾਂ ਪੰਜਾਬੀ ਵਿੱਚ ਲਿਖਦਾ ਹੈ ਤਾਂ ਉਹ ਗੁਰਮੁਖੀ ਲਿੱਪੀ ਦੀ ਵਰਤੋਂ ਨਹੀ ਕਰਦਾ ਹੈ, ਜਿਹੜੀ ਲਿੱਪੀ ਦੀ ਉਹ ਵਰਤੋਂ ਕਰਦੇ ਹਨ ਉਸ ਨੂੰ ਸ਼ਾਹਮੁੱਖੀ ਕਹੀ ਜਾ ਰਹੇ ਹਨ ਅਤੇ ਬਹਾਨਾ ਲਉਂਦੇ ਹਨ ਕਿ ਸਿੱਖਾਂ ਨੇ ਸਾਨੂੰ ਪੰਜਾਬੀ ਤੋਂ ਦੂਰ ਕੀਤਾ ਹੈ। ਜਦੋਂ ਉਹ ਅੰਗਰੇਜ਼ੀ ਰੋਮਨ ਵਿੱਚ ਲਿਖਦੇ ਹਨ ਤਾਂ ਫਿਰ ਨ੍ਹੀ ਉਹ ਕਹਿੰਦੇ ਕਿ ਅੰਗਰੇਜ਼ਾਂ ਦੀ ਲਿੱਪੀ ਹੈ।

John Beam ਨੇ ਆਪਣੀ ਕਿਤਾਬ 'Modern Ayrian Comparative grammar ਵਿੱਚ ਜੇਮਜ਼ ਪ੍ਰਿੰਸੇਪ ਦਾ ਵਰਣਨ ਕੀਤਾ ਹੈ ਕਿ ਗੁਰਮੁਖੀ ਦੇ ਕਈ ਅੱਖਰ ਅਸ਼ੋਕ ਦੀ ਲਿੱਪੀ ਨਾਲ ਮਿਲਦੇ ਹਨ ਅਤੇ ਕਈ ਅੱਖਰ ਉਸ ਤੋਂ ਵੀ ਪੁਰਾਣੇ ਹਨ। ਗੌਰੀ ਸ਼ੰਕਰ ਓਝਾ ਦੀ ਕਿਤਾਬ ਭਾਰਤੀ ਲਿੱਪੀ ਮਾਲਾ ਵਿੱਚ ਅਸ਼ੋਕ ਦੀ ਲਿੱਪੀ ਨੂੰ ਬ੍ਰਹਮੀ ਲਿੱਪੀ ਕਹਿੰਦਾ ਹੈ, ਦੇਖੋ ਉਕਤ ਕਿਤਾਬ ਦੀ ਭੂਮਿਕਾ ਵਿੱਚ ਅਤੇ ਭਾਰਤੀ ਲਿੱਪੀ ਮਾ.ਲਾ ਦੇ ਆਖਰੀ ਸਫਿਆਂ ਤੇ ਵਰਣਨ ਕੀਤਾ ਹੈ ਕਿ ਜਿਸ ਵਿੱਚ ਗੁਰਮੁਖੀ ਦੇ 'ੜ' ਅੱਖਰ ਦਾ ਕੋਈ ਵਰਣਨ ਨਹੀ ਹੈ ਅਤੇ ਉਹ ਇਸ ਧੁਨੀ ਨੂੰ ਰਿਰੀ ਹੀ ਸਮਝੀ ਜਾਂਦਾ ਹੈ। ਇੱਕ ਵਰਕੇ ਉੱਤੇ ਟਾਕਰੀ ਲਿੱਪੀ ਦਾ ਵਰਣਨ ਕਰਦਾ ਹੈ ਕਿ 'ਵ' ਦੀ ਸ਼ਕਲ ਗੁਰਮੁਖੀ ਦੇ 'ਵਉ ਵਰਗੀ ਹੈ। 16ਵੀਂ ਸਦੀ ਦੇ ਕੁੱਲੂ ਦੇ ਰਾਜੇ ਬਹਾਦਾਰ ਸਿੰਘ ਦੀ ਲਿੱਪੀ ਦੀ ਫੋਟੋ ਕਾਪੀ ਵੀ ਦਿੱਤੀ ਹੈ ਜਿਹੜੀ ਕਿ ਟਾਕਰੀ ਲਿੱਪੀ ਵਿੱਚ ਹੈ ਅਤੇ ਉਸਦੀ ਸ਼ਕਲ ਗੁਰਮੁਖੀ ਦੇ 'ਧ' ਵਰਗੀ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਇਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੂੰ ਪੰਜਾਬ ਦੀਆਂ ਲਿੱਪੀਆਂ ਦੀ ਜਾਣਕਾਰੀ ਨਹੀ ਸੀ ਕਿਉਂਕਿ 16ਵੀਂ ਸਦੀ ਪਿੱਛੋਂ ਗੁਰਮੁਖੀ ਵਿੱਚੋਂ ਨਕ਼ਲ ਕੀਤੀ ਗਈ ਹੈ। ਇਹ ਵੀ ਦੱਸਦਾ ਹੈ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ ਸਾਰੀਆਂ ਲਿੱਪੀਆਂ ਅਸ਼ੋਕ ਦੀ ਲਿੱਪੀ ਵਿੱਚੋਂ ਹੀ ਨਿਕ਼ਲੀਆਂ ਹਨ। ਸਾਨੂੰ ਟਾਕਰੀ ਦੇ ਨਮੂਨੇ ਦੂਜੀ ਸਦੀ B.C ਦੇ ਕੁਸ਼ਾਨ, ਉਦੰਬਰ ਅਤੇ ਕੁਨਿੰਦਿਆਂ ਦੇ ਸਿੱਕਿਆ ਤੋਂ ਮਿਲਦੇ ਹਨ। ਉਂਜ ਵਿਕੀਪੀਡੀਆ ਅਨੁਸਾਰ ਉਦੰਬਰਾਂ ਦਾ ਵਰਣਨ ਪੰਜਵੀ ਸਦੀ B.C ਤੋਂ ਚੌਥੀ ਸਦੀ A.D ਤੱਕ ਦੱਸਦੇ ਹਨ। ਇਹਨਾਂ ਨੇ ਖਰੋਸ਼ਟੀ ਜਾਂ ਖਰੋਟੀ ਅਤੇ ਟਾਕਰੀ ਲਿੱਪੀ ਨੂੰ ਆਪਣੇ ਸਿੱਕਿਆ ਤੇ ਵਰਤਿਆ। ਸਿੱਕਿਆ ਦੇ ਇੱਕ ਪਾਸੇ ਖਰੋਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਵਰਤੀ। ਆਰਕਿਆਲੋਜੀ ਵਾਲੇ ਟਾਕਰੀ ਲਿੱਪੀ ਨੂੰ ਬ੍ਰਹਮੀ ਲਿੱਪੀ ਹੀ ਦੱਸੀ ਜਾ ਰਹੇ ਹਨ।ਇੱਥੋਂ ਪਤਾ ਲੱਗਦਾ ਹੈ ਕਿ ਉਹ ਬ੍ਰਹਮੀ ਕਰਨ ਦੇ ਪਾਖੂ ਬਣੇ ਹੋਏ ਹਨ ਅਤੇ ਸੱਚ ਨੂੰ ਅੱਖੋਂ ਪਰੋਖੇ ਕਰ ਰਹੇ ਹਨ।

ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾ ਨੰਬਰ 418 ਤੇ ਲਿਖਿਆ ਹੈ ਕਿ ਗੁਰਮੁਖੀ ਵਰਣਮਾ.ਲਾ ਸ਼ਾਰਦਾ ਅਤੇ ਟਾਕਰੀ ਵਿੱਚੋਂ ਨਿਕਲੀ ਹੈ, ਇੰਜ ਉਹਨਾਂ ਦੇ ਅੱਖਰਾਂ ਸਬੰਧੀ ਜਾਣਕਾਰੀ ਦਾ ਪਤਾ ਲਗਦਾ ਹੈ ਕਿ ਉਹ Epigraphy ਤੋਂ ਅਣਜਾਣ ਸਨ। ਜੇ ਅਸੀਂ ਸ਼ਾਰਦਾ ਲਿੱਪੀ ਦੀ ਗੱਲ ਕਰੀਏ ਤਾਂ ਸ਼ਾਰਦਾ ਲਿੱਪੀ ਦੇ ਸਿਰਫ ਅੱਠ ਅੱਖਰ ਹੀ ਗੁਰਮੁਖੀ ਨਾਲ ਮੇ.ਲ ਖਾਂਦੇ ਹਨ ਅਤੇ ਜਦਕਿ ਟਾਕਰੀ ਲਿੱਪੀ ਦੇ ਅਠਾਈ ਅੱਖਰ ਗੁਰਮੁਖੀ ਨਾਲ ਮੇ.ਲ ਖਾਂਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਇਹ ਸੁਣ ਸੁਣਾ ਕੇ ਜਾਂ ਕਿਸੇ ਲਿਖਾਰੀ ਤੋਂ ਪ੍ਰਭਾਵਿਤ ਹੋ ਕੇ ਇਹ ਲਿਖ ਦਿੱਤਾ ਹੈ ਕਿ ਇਹ ਲਿੱਪੀ ਸ਼ਾਰਦਾ ਲਿੱਪੀ ਵਿੱਚੋਂ ਨਿਕਲੀ ਹੈ। ਇੱਕ ਅੱਖਰ ਉਹਨਾਂ ਨੇ ਖਰਵੇ ਸ਼ ਨੂੰ ਪ੍ਰਗਟ ਕਰਨ ਲਈ ਕਲਪਿਆ ਜਦਕਿ ਗੁਰਮੁਖੀ ਵਿੱਚ ਨਾ ਤਾਂ ਤਾਲਵੀ ਸ਼ ਅਤੇ ਨਾ ਹੀ ਖਰਵਾ ਸ਼ ਹੈ। ਗੁਰੂ ਸਾਹਿਬ ਨੇ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਗੁਰਬਾਣੀ ਰਚੀ ਹੈ।ਉਹਨਾਂ ਨੇ ਕੂਫੀ ਅੱਖਰਾਂ ਨੂੰ ਗੁਰਮੁਖੀ ਅਨੁਸਾਰੀ ਅੱਖਰਾਂ ਨਾਲ ਹੀ ਵਰਤਿਆ। ਕਈ ਸੰਸਕ੍ਰਿਤ ਦੀਆਂ ਅੱਡਰੇਵੀਆਂ ਧੁਨੀਆਂ ਜਿਹੜੀਆਂ ਗੁਰਮੁਖੀ ਨਾਲ ਮੇ.ਲ ਨਹੀ ਖਾਂਦੀਆ ਗੁਰਮੁਖੀ ਵਿੱਚ ਨਹੀ ਵਰਤੀਆਂ।





ਸ. ਜੀ.ਬੀ. ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਇੱਕ ਵੀ ਅੱਖਰ ਦੀ ਰਚਨਾ ਨਹੀ ਕੀਤੀ ਭਾਵ ਇਹ ਅੱਖਰ ਪਹਿਲਾ ਹੀ ਬਣੇ ਹੋਏ ਹਨ। ਸ. ਜੀ.ਬੀ ਸਿੰਘ ਹੋਰਾਂ ਨੇ ਗੋਰੀ ਸ਼ੰਕਰ ਓਜਾ ਦੀ ਨਕਲ ਕੀਤੀ ਲਗਦੀ ਹੈ।ਗੌਰੀ ਸ਼ੰਕਰ ਓਜਾ ਤਾਂ ਪੰਜਾਬ ਮੂਲ ਦੇ ਨਹੀ ਸਨ ਪਰ ਸ. ਜੀ. ਬੀ ਸਿੰਘ ਜੀ ਤਾਂ ਪੰਜਾਬ ਮੂ.ਲ ਦੇ ਸਨ ਜਿਹਨਾਂ ਨੇ ਆਪਣੀ ਕਿਤਾਬ ਵਿੱਚ ਕਈ ਲਿੱਪੀਆਂ ਦਾ ਟਾਕਰਾ ਕੀਤਾ ਹੋਇਆ ਹੈ ਜਿਵੇਂ ਕਿ ਅਸ਼ੋਕਨ ਲਿੱਪੀ, ਖਰੋਟੀ ਲਿੱਪੀ, ਜ਼ੰਦ ਅਵੇਸਤਾਂ ਦੀ ਲਿੱਪੀ, ਟਾਕਰੀ ਲਿੱਪੀ ਅਤੇ ਹਠੂਰ ਤੋਂ ਮਿਲੇ ਸਿਵਿਆਂ ਤੋਂ ਕਿਸੇ ਮਕਾਨ ਦੇ ਡਾਟ ਤੇ ਲਿਖੇ ਹੱਥ ਅੱਖਰ, ਜਿਹਨਾਂ ਨੂੰ ਉਹ ਉਦਾਹਣ ਦੇ ਤੌਰ ਤੇ ਵਰਤਦਾ ਹੈ ਕਿ ਇਹ ਅੱਖਰ ਬਾਬੇ ਨਾਨਕ ਤੋਂ ਪਹਿਲਾ ਦੇ ਹਨ ਉਹਨਾਂ ਨੇ ਇੱਕ ਵੀ ਅੱਖਰ ਨਹੀ ਘੜਿਆ। ਮੈਂ ਵੀ 1985 ਵਿੱਚ ਉੱਥੇ ਜਾ ਕੇ ਦੇਖ ਆਇਆ ਹਾਂ ਕਿ 16 ਅੱਖਰਾਂ ਦਾ ਗੁਰਮੁਖੀ ਨਾਲ ਮੇ.ਲ ਨਹੀ ਹੈ ਅਤੇ ਅੱਠ ਅੱਖਰ ਗਾਇਬ ਹਨ ਅਤੇ ਕਈ ਅੱਖਰਾਂ ਦਾ ਗੁਰਮੁਖੀ ਦੇ ਅੱਖਰਾਂ ਦੀਆਂ ਸ਼ਕਲਾਂ ਨਾਲੋਂ ਫਰਕ ਹੈ। 16 ਅੱਖਰਾਂ ਦਾ ਅੱਡਰੇਂਵਾ ਹੋਣਾ ਦੱਸਦਾ ਹੈ ਕਿ ਉਸਦੀ ਦਲੀ.ਲ ਵਿੱਚ ਵਜ਼ਨ ਨਹੀ ਹੈ ਕਿ ਗੁਰਮੁਖੀ ਅੱਖਰ ਗੁਰੂ ਸਾਹਿਬ ਤੋਂ ਪਹਿਲਾ ਹੀ ਬਣੇ ਹੋਏ ਸਨ।

ਪੰਡਿਤ ਕਰਤਾਰ ਸਿੰਘ ਦਾਖਾ ਆਪਣੀ ਕਿਤਾਬ ਗੁਰਮੁਖੀ ਹਿੰਦੀ ਟਾਕਰਾ ਵਿੱਚ ਗੁਰਮੁਖੀ ਨੂੰ ਗੁਰੂ ਸਾਹਿਬ ਦੀ ਗੁਰੁਕ੍ਰਿਤ ਮੰਨਦਾ ਹੈ ਅਤੇ ਨਾਲ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਤੋਂ ਪਹਿਲਾ 1800 ਸਾਲ ਤੱਕ ਪੰਜਾਬ ਵਿੱਚ ਲਿੱਪੀਆਂ ਦਾ ਅਭਾਵ ਸੀ। ਪਰ ਗੁਰੂ ਸਾਹਿਬ ਤੋਂ ਪਹਿਲਾ ਪੰਜਾਬ ਵਿੱਚ ਕਈ ਲਿੱਪੀਆਂ ਪ੍ਰਚੱਲਿਤ ਸਨ ਜਿਵੇਂ ਮਾਣਕਿਆ.ਲ ਤੋਂ ਜਨਰਲ ਵੈਂਤੂਰਾ ਦੀ ਖੋਜ ਦੌਰਾਨ ਸਤੂਪ ਵਿੱਚੋਂ ਜਿਹੜਾ ਸਮਾਨ ਮਿਲਿਆਂ ਉਹ ਕਈ ਲਿੱਪੀ ਵਿੱਚ ਲਿਖਿਆ ਹੋਇਆ ਸੀ ਜਿਵੇਂ ਗ੍ਰੀਕ ਲਿੱਪੀ, ਅਸ਼ੌਕਨ ਲਿੱਪੀ, ਟਾਕਰੀ ਲਿੱਪੀ, ਕੂਫੀ ਅਤੇ ਪਹਿਲਵੀ ਲਿੱਪੀ ਆਦਿ। An Essay on Antiquity of India ਵਿੱਚ ਦੱਸਿਆ ਗਿਆ ਕਿ ਕਾਬ.ਲ ਤੋਂ ਪੰਜਵੀਂ ਸਦੀ ਦੀ ਇੱਕ ਲਿੱਪੀ ਮਿਲੀ ਹੈ ਜਿਸ ਦੇ 23 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ। ਜਪਾਨ ਦੇ ਹੋਜ਼ੀ ਮੱਠ ਤੋਂ ਵੀ ਇੱਕ 5ਵੀਂ ਸਦੀ ਦੀ ਲਿੱਪੀ ਮਿ.ਲੀ ਹੈ ਜਿਸ ਦੇ 22 ਅੱਖਰ ਅੱਜ ਦੀ ਗੁਰਮੁਖੀ ਨਾਲ ਮਿਲਦੇ ਹਨ।

ਜਿੱਥੋ ਤੱਕ ਲੰਡਿਆਂ ਦਾ ਸਬੰਧ ਹੈ ਇਹ ਲਿੱਪੀ ਅਲਫਾਬੈਟਿਕ ਲਿੱਪੀ ਹੈ। ਇਸ ਲਿੱਪੀ ਵਿੱਚ ਲਗਾਂ ਦੀ ਵਰਤੋਂ ਨਹੀ ਕੀਤੀ ਜਾਂਦੀ ਹੈ ਅਤੇ ਇਸ ਨੂੰ ਅਟਕਲ ਪੱਚੂ ਹੀ ਪੜ੍ਹਿਆ ਜਾਂਦਾ ਸੀ।ਲੰਡੇ ਬਹੀ ਖਾਤਿਆ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਸੰਨ 1980 ਵਿੱਚ ਲੁਧਿਆਣੇ ਦੇ ਚੌੜੇ ਬਾਜ਼ਾਰ ਵਿੱਚ ਇੱਕ ਸਰਦਾਰ ਨੂੰ ਲੰਡੇ ਲਿੱਪੀ ਵਿੱਚ ਲਿਖਦਿਆ ਦੇਖਿਆ। ਅਤੇ ਅੱਜ ਬਹੀ ਖਾਤੇ ਅੰਗਰੇਜੀ ਵਿੱਚ ਲਿਖੇ ਜਾਂਦੇ ਹਨ। ਜਿੱਥੋਂ ਤੱਕ ਟਾਕਰੀ ਲਿੱਪੀ ਦਾ ਸਬੰਧ ਹੈ ਇਸ ਲਿੱਪੀ ਨੂੰ ਚੰਬੇ ਅਤੇ ਕੱਲੂ ਦੇ ਰਾਜੇ ਰਾਜ ਲਿੱਪੀ ਦੇ ਤੌਰ ਤੇ ਵਰਤਦੇ ਰਹੇ। ਇਸ ਲਿੱਪੀ ਦੇ ਮਾਧਿਅਮ ਰਾਹੀਂ ਹਿੰਦੂ ਸੰਸਕ੍ਰਿਤ ਲਿਖਦੇ ਸਨ ਅਤੇ ਮੰਦਰਾਂ ਦੇ ਮੱਥਿਆਂ ਤੇ ਵੀ ਇਸੇ ਲਿੱਪੀ ਵਿੱਚ ਸੰਸਕ੍ਰਿਤ ਲਿਖਿਆਂ ਕਰਦੇ ਸਨ।ਪੰਡਿਤ ਜੀ ਟਾਕਰੀ ਲਿੱਪੀ ਨੂੰ ਨਿਰੇ ਲੰਡੇ ਮੰਨਣਾ, ਇਹ ਗੱਲ ਠੀਕ ਨਹੀ ਲੱਗਦੀ।

Alexander Cunnigham ਆਪਣੀ ਕਿਤਾਬ Ancient Geography of India ਵਿੱਚ ਲਿਖਦਾ ਹੈ ਕਿ ਉਸਨੂੰ ਪੰਡਿਤ ਕ.ਲਹਣ ਦੀ ਕਿਤਾਬ 'ਰਾਜ ਤ੍ਰਿੰਗਣੀ' ਮਿ.ਲੀ ਹੈ ਜਿਹੜੀ ਕਿ ਸੰਸਕ੍ਰਿਤ ਬੋਲੀ ਅਤੇ ਟਾਕਰੀ ਵਿੱਚ ਲਿਖੀ ਹੋਈ ਸੀ ਜੋ ਕਿ 1150 ਅ.ਧ. ਦੀ ਹੈ। ਇਥੋ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਟਾਕਰੀ ਲਿੱਪੀ ਕਸ਼ਮੀਰ ਵਿੱਚ ਸੰਸਕ੍ਰਿਤ ਲਿਖਣ ਲਈ ਵਰਤੀ ਜਾਂਦੀ ਰਹੀ ਅਤੇ ਨਾ ਕਿ ਸ਼ਾਰਦਾ ਲਿੱਪੀ। Alexander Cunnigham ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਦਾ ਪੁਰਾਣਾ ਨਾਮ ਟੱਕ ਦੇਸ਼ ਸੀ ਜਿਵੇਂ ਫਾਰਸੀ ਦੇ ਸ਼ਬਦ ਪੰਜਾਬ ਤੋਂ ਪੰਜਾਬੀ ਸ਼ਬਦ ਬਣਿਆ ਹੈ ਉਵੇਂ ਹੀ ਟੱਕ ਦੇਸ਼ ਤੋਂ ਟਾਕਰੀ ਲਿੱਪੀ ਦਾ ਨਾਮਕਰਨ ਹੋਇਆ ਹੈ।

Wikipedia ਤੋਂ ਪਤਾ ਲਗਦਾ ਹੈ ਕਿ ਟੈਕਸਲਾ ਦੇ ਮੁਕਾਮ ਤੇ ਇੱਕ ਯੂਨੀਵਰਸਿਟੀ ਸੀ ਜਿਹੜੀ ਕਿ 1000 B.C. ਦੀ ਸਥਾਪਿਤ ਮੰਨੀ ਜਾਂਦੀ ਹੈ। ਇਥੇ ਦੂਰੋਂ ਦੂਰੋਂ ਵਿਦਿਆਰਥੀ ਪੜ੍ਹਣ ਲਈ ਆਉਂਦੇ ਸਨ ਅਤੇ ਪੜ੍ਹ ਕੇ ਲਾਭ ਉਠਾਉਂਦੇ ਸਨ। ਚਣਕਯ ਅਤੇ ਚੰਦਰ ਗੁਪਤ ਮੌਰੀਆ ਵਰਗੇ ਇਸੇ ਯੂਨੀਵਰਸੀਟੀ ਤੋਂ ਹੀ ਪੜੇ ਸਨ। ਇੱਥੇ ਅਕਸਰ ਕੋਈ ਲਿੱਪੀ ਜਰੂਰ ਹੋਵੇਗੀ ਜਿਸ ਦੇ ਮਾਧਿਅਮ ਨਾਲ ਲਿਖਿਆ ਜਾਂ ਪੜ੍ਹਾਇਆਂ ਜਾਂਦਾ ਸੀ। Alexander Cunnigham ਸਾਹਿਬ ਦਾ ਦਾਅਵਾ ਹੈ ਕਿ ਉਹਨਾਂ ਨੂੰ ਯਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਟਾਕਰੀ ਲਿੱਪੀ ਦੇ 26 ਥਾਵਾਂ ਤੋਂ ਨਮੂਨੇ ਮਿਲੇ ਹਨ। ਇੱਥੋਂ ਟਾਕਰੀ ਲਿੱਪੀ ਦੇ ਪਸਾਰੇ ਦਾ ਵੀ ਪਤਾ ਲਗਦਾ ਹੈ।

ਜੇਕਰ ਟੈਕਸਲਾ ਯੂਨੀਵਰਸੀਟੀ ਬਰਬਾਦ ਨਾ ਹੁੰਦੀ ਤਾਂ ਜਰੂਰ ਸਾਨੂੰ ਪੂਰੀ ਜਾਣਕਾਰੀ ਮਿਲ ਜਾਂਦੀ। ਇੰਡੀਅਨ ਸੱਬਕੰਟੀਨੈਂਟ ਵਿੱਚ ਇਸ ਤੋਂ ਹੋਰ ਕੋਈ ਪੁਰਾਣੀ ਯੂਨੀਵਰਸੀਟੀ ਨਹੀ ਹੈ। ਪੰਜਾਬੀਆ ਨੂੰ ਟਾਕਰੀ ਲਿਪੀ ਤੇ ਮਾਣ ਹੋਣਾ ਚਾਹੀਦਾ ਹੈ। ਇਹ ਫੂਨੀਸ਼ੀਅਨ ਤੋਂ ਪੁਰਾਣੀ ਹੈ ਅਤੇ ਫ੍ਹੀਨੀਸ਼ੀਅਨ ਲਿੱਪੀ ਦਾ ਸਮਾਂ 1000 B.C. ਮੰਨਿਆਂ ਜਾਦਾ ਹੈ ਅਤੇ ਗ੍ਰੀਕ ਦਾ ਸਮਾਂ 800 B.C. ਮੰਨਿਆ ਜਾਦਾਂ ਹੈ।

ਅਸ਼ੋਕ ਲਿੱਪੀ ਦਾ ਸਮਾਂ 500 B.C. ਦਾ ਮੰਨਿਆ ਜਾਂਦਾ ਹੈ। ਅਸ਼ੋਕ ਬਾਦਸ਼ਾਹ ਨੇ ਆਪਣੇ ਰਾਜ ਦੇ ਬੱਲ-ਬੂਤੇ ਇਸ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਬੋਧੀ ਰਾਜਿਆ ਨੇ ਅਤੇ ਜਿਹੜੇ ਬ੍ਰਾਹਮਣੀਕਲ ਸਿਸਟਮ ਨੂੰ ਮੰਨਦੇ ਸਨ, ਉਹਨਾਂ ਨੇ ਟਾਕਰੀ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਅਜਿਹਾ ਸਾਨੂੰ 200 B.C. ਦੇ ਮਿਲੇ ਸਿੱਕਿਆਂ ਤੋਂ ਪਤਾ ਲਗਦਾ ਹੈ ਕਿ ਉਹਨਾਂ ਨੇ ਸਿੱਕਿਆਂ ਦੇ ਇਕ ਪਾਸੇ ਖਰੋਸਟੀ ਅਤੇ ਦੂਜੇ ਪਾਸੇ ਟਾਕਰੀ ਲਿੱਪੀ ਦੀ ਵਰਤੋਂ ਕੀਤੀ ਹੈ। ਇਸ ਲਿੱਪੀ ਨੂੰ ਰਾਜ ਲਿੱਪੀ ਦਾ ਦਰਜ਼ਾ ਦਿੱਤਾ ਅਤੇ ਟਾਕਰੀ ਲਿੱਪੀ ਤਾਲਮੇ.ਲ ਲਿੱਪੀ ਵੀ ਰਹੀ ਹੋਵੇਗੀ। ਇਸ ਦਾ ਘੇਰਾ ਈਰਾਨ ਤੋਂ ਲੈ ਕੇ ਇੰਡੀਅਨ ਸੱਬ-ਕੰਟੀਨੈਂਟ ਤੱਕ ਰਿਹਾ ਹੈ ਅਤੇ ਇਸ ਦੀ ਹੋਰ ਖੌਜ ਕਰਨ ਦੀ ਲੋੜ ਹੈ। ਇੰਜ ਸਾਨੂੰ ਪਤਾ ਲਗਦਾ ਹੈ ਪੰਜਾਬੀ epigraphy ਵਿੱਚ ਕਾਫੀ ਮਾਹਰ ਸਨ ਅਤੇ ਵਿੱਦਿਆ ਪ੍ਰੇਮੀ ਸਨ। ਸੰਸਾਰ ਵਿੱਚ ਪਹਿਲੀ ਵਾਰ Urbanisation ਅਤੇ ਲਿੱਪੀ ਦੀ ਕਾਢ ਇਹਨਾਂ ਲੋਕਾਂ ਨੇ ਹੀ ਕੱਢੀ ਹੈ।ਇਸ ਤੋਂ ਦੇਖ ਕੇ ਬਾਕੀ ਸੰਸਾਰ ਦੇ ਲੋਕਾਂ ਨੇ ਆਪਣੀਆਂ ਲਿੱਪੀਆਂ ਘੜੀਆਂ ਹਨ।

ਲੋਕਾਂ ਦਾ ਕਿਤਾਬਾਂ ਪੜ੍ਹਣ ਦਾ ਸ਼ੌਕ ਮੈਂ 1950 ਤੋਂ ਦੇਖ ਰਿਹਾ ਹਾਂ। ਜਦੋਂ ਲੋਕਾਂ ਲਈ ਜੀਅ ਪਰਚਾਵੇ ਦੇ ਘੱਟ ਸਾਧਨ ਸਨ ਤਾਂ ਪੁਤਲੀਆਂ ਦੇ ਤਮਾਸ਼ੇ, ਨਕਲਾਂ, ਭਜਨ, ਬੁਝਾਰਤਾਂ, ਕਵਾਲੀਆਂ ਅਤੇ ਕਿੱਸਿਆ ਆਦਿ ਨੂੰ ਤਰਜੀਹ ਦਿੰਦੇ ਸਨ ਅਤੇ ਇੰਜ ਲੋਕ ਆਪਣਾ ਜੀਅ ਪਰਚਾਵਾ ਕਰ ਲੈਂਦੇ ਸਨ। ਕਈਆਂ ਨੂੰ ਕਿੱਸੇ ਪੜ੍ਹਣ ਦਾ ਸ਼ੌਕ ਹੁੰਦਾ ਤਾਂ ਉਹ ਗੁਰੂਦੁਆਰਿਆਂ ਦੇ ਭਾਈਆਂ ਤੋਂ ਉਦਾਸੀ ਅਤੇ ਨਿਰਮਲਿਆਂ ਸਾਧਾਂ ਕੋਲੋ ਗੁਰਮੁਖੀ ਸਿੱਖ ਕੇ ਮਾਹਰ ਹੋ ਜਾਂਦੇ ਸਨ। ਇੰਜ ਲੋਕ ਆਪਣੇ ਆਪ ਕਿੱਸੇ ਪੜਣਾ ਸਿੱਖ ਗਏ ਅਤੇ ਇਸ ਤਰਾਂ ਲੋਕਾਂ ਦੇ ਜੀਅ ਪਰਚਾਵੇ ਲਈ ਕਿੱਸੇ ਪੜ ਕੇ ਸੁਣਾਉਂਦੇ। ਇਸ ਤਰ੍ਹਾਂ ਹੋਰਾਂ ਲੋਕਾਂ ਦਾ ਵੀ ਜੀਅ ਪਰਚਾਵਾ ਕਰਦੇ ਅਤੇ ਉਹਨਾਂ ਨੂੰ ਸੰਤੁਸ਼ਟੀ ਮਿਲਦੀ। ਗੁਰਮੁਖੀ ਦੇ ਛਪੇ ਕਿੱਸੇ ਅਕਸਰ ਮਿ.ਲ ਜਾਂਦੇ ਸਨ। ਇਹ ਗੁਰਮੁਖੀ ਦਾ ਸਾਦਾਪਨ ਹੀ ਹੈ ਕਿ ਥੋੜੀ ਜਿਹੀ ਖੇਚ.ਲ ਨਾਲ ਸ਼ਬਦ ਜੋੜ ਸਿੱਖ ਜਾਂਦੇ ਸਨ, ਖਾਸ ਕਰਕੇ ਮੁਹਾਰਨੀ ਸਿੱਖਣ ਨਾਲ ਅੱਖਰਾਂ ਦੀਆਂ ਅਵਾਜਾਂ ਦਾ ਗਿਆਨ ਹੋ ਜਾਂਦਾ ਹੈ ਇੱਥੋ ਤੱਕ ਗੁਰਬਾਣੀ ਪੜ੍ਹਣ ਦੇ ਯੋਗ ਜੋ ਜਾਂਦੇ ਸਨ ਜਿਸ ਤੋਂ ਉਹਨਾਂ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਸੀ ਅਤੇ ਉਹਨਾਂ ਵਿੱਚੋਂ ਕਈ ਰਾਗੀ, ਢਾਡੀ, ਭਜਨੀਏ ਅਤੇ ਕਥਾਕਾਰ ਬਣ ਜਾਂਦੇ ਸਨ।

ਜਦੋਂ ਅਸੀਂ ਗੁਰਬਾਣੀ ਗੁਰਮੁਖੀ ਤੋਂ ਛੁੱਟ ਕਿਸੇ ਹੋਰ ਲਿੱਪੀ ਵਿੱਚ ਲਿਖਦੇ ਤਾਂ ਇਸ ਦੀ ਫੋਨੋਲੋਜੀ ਵਿੱਚ ਫਰਕ ਆ ਜਾਂਦਾ, ਕਿਉਕਿ ਜਿਵੇਂ ਅਰਬੀ, ਰੋਮਨ ਅਤੇ ਦੇਵ ਨਾਗਰੀ ਆਦਿ ਲਿੱਪੀਆਂ ਦਾ ਫੋਨੋਲੋਜੀ ਸਿਸਟਿਮ ਅੱਡ ਹੈ।ਦੂਜੇ ਪਾਠਕ ਨੂੰ ਗਿਆਨ ਪ੍ਰਾਪਤ ਕਰਨ ਦੀ ਬਜਾਏ ਉਸਨੂੰ ਸਸ਼ੋਪੰਜ ਵਿੱਚ ਪਾ ਦਿੰਦਾ। ਪਾਠਕ ਕਿਸ ਧੁਨੀ ਜਾਂ ਉਚਾਰਨ ਨੂੰ ਠੀਕ ਮੰਨੇ ਜਾਂ ਗਲਤ, ਇਹ ਉਸਨੂੰ ਮੁਸ਼ਕਿਲ ਵਿੱਚ ਪਾ ਦਿੰਦਾ ਹੈ। ਸੋ ਗੁਰਮੁਖੀ ਲਿੱਪੀ ਹੀ ਗੁਰਬਾਣੀ ਲਿਖਣ ਲਈ ਢੁੱਕਵੀਂ ਹੈ। ਗੁਰਮੁਖੀ ਲਿੱਪੀ ਦੀ ਉਪਜ ਪੰਜਾਬ ਵਿੱਚ ਹੀ ਹੋਈ ਹੈ। ਇਹ ਪੰਜਾਬ ਦੇ ਲੋਕਾਂ ਦੀਆਂ ਧੁਨੀਆਂ ਦੀ ਪੂਰਤੀ ਕਰਦੀ ਹੈ। ਲੋਕ ਇਸ ਨੂੰ ਛੇਤੀ ਹੀ ਯਾਦ ਕਰਕੇ ਸਿੱਖ ਲੈਂਦੇ ਹਨ। ਗੁਰਮੁਖੀ ਅੱਖਰਾਂ ਦੀ ਅਰਬੀ ਅਤੇ ਦੇਵ ਨਾਗਰੀ ਵਾਂਗ ਭੰਨ ਤੋੜ ਨਹੀ ਕਰਨੀ ਪੈਂਦੀ ਅਤੇ ਸਫੁਟ ਅੱਖਰ ਲਿਖੇ ਜਾਂਦੇ ਹਨ। ਕਈ features ਦੂਜੀਆਂ ਬੋਲੀਆਂ ਵਿੱਚ ਨਹੀ ਹੁੰਦੇ ਹਨ। ਕਈ ਇਹਨਾਂ features ਨੂੰ ਜਾਨਣ ਦੀ ਬਜਾਏ ਵਿਅੰਗ ਕਰਕੇ ਉਹਨਾਂ ਨੂੰ ਓਜਡ ਨਾ ਦੇ ਕੇ ਤ੍ਰਿਸਕਾਰਦੇ, ਇਹ ਉਹਨਾਂ ਦੀ ਅਗਿਆਨਤਾ ਹੈ।

ਸਿੱਖ ਪੰਥ ਦੇ ਮੋਢੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਕਈ ਧਰਮਾਂ ਦੇ ਲੋਕਾਂ ਅਤੇ ਆਮ ਲੋਕਾਂ ਨਾਲ ਸੰਵਾਦ ਰਚਾਏ ਅਤੇ ਆਪਣੇ ਖਿਆ.ਲ ਦਿੱਤੇ ਅਤੇ ਦੂਜਿਆ ਦੇ ਵੀ ਖਿਆ.ਲ ਸੁਣੇ ਅਤੇ ਸਮਝੇ। ਉਹਨਾਂ ਨੂੰ ਆਪਣੇ ਸਿਧਾਂਤ ਦੱਸੇ ਅਤੇ ਆਪਣੇ ਸਿਧਾਂਤਾ ਦੀ ਵਿਆਖਿਆ ਵੀ ਕੀਤੀ ਜਿਸ ਤੋਂ ਅਨੇਕਾਂ ਪ੍ਰਾਣੀਆਂ ਨੇ ਲਾਭ ਉਠਾਇਆ। ਜਿਹੜੇ ਲੋਕਾਂ ਨੇ ਸੰਵਾਦਾਂ ਦੌਰਾਨ ਆਪਣੀਆਂ ਸ਼ੰਕਾਵਾ ਦੱਸੀਆਂ ਉਹਨਾਂ ਦਾ ਹੱਲ ਵੀ ਦੱਸਿਆ ਤਾਂ ਕਿ ਉਹ ਸਹਿਜ ਜੀਵਨ ਜੀ ਸਕਣ ਅਤੇ ਸਮਾਜ ਵਿੱਚ ਬਰਾਬਰੀ ਨਾਲ ਜੀ ਸਕਣ।

ਗੁਰੂ ਸਾਹਿਬ ਨੇ ਹਾਕਮ ਜਮਾਤ ਅਤੇ ਪਰਜਾ ਦੇ ਧਰਮ ਦਾ ਅਧਿਐਨ ਕੀਤਾ। ਉਨ੍ਹਾਂ ਨੂੰ ਜੋਗੀ, ਬ੍ਰਾਹਮਣ, ਗ੍ਰਸਤਿ ਤਿਆਗੀ ਜੈਨੀ ਬੋਧੀ, ਮੁਲਾਂ, ਕਾਜ਼ੀ ਅਤੇ ਸ਼ੂਦਰ ਸੰਤ ਵੀ ਮਿ.ਲੇ। ਸ਼ੂਦਰ ਸੰਤ ਨਿਰਗੁਣਵਾਦੀ ਸਨ ਅਤੇ ਕਈ ਸਰਗੁਣਵਾਦੀ ਵੀ ਸਨ। ਜਿਨ੍ਹਾਂ ਸੰਤਾਂ ਦੀ ਵਿਚਾਰਧਾਰਾ ਗੁਰੂ ਜੀ ਦੀ ਕਸੌਟੀ ਤੇ ਪੂਰੀ ਉਤਰੀ ਉਹਨਾਂ ਸੰਤਾਂ ਦੀਆਂ ਬਾਣੀਆਂ ਓਹਨਾਂ ਕੋਲੋ ਪ੍ਰਾਪਤ ਕੀਤੀਆਂ। ਉਕਤ ਸੰਤਾਂ ਦੀਆਂ ਬਾਣੀਆਂ ਵੱਖੋ-ਵੱਖਰੀਆਂ ਲਿੱਪੀਆਂ ਵਿੱਚ ਸਨ, ਜਿਨਾਂ ਨੂੰ ਇੱਕ ਸਾਂਝੀ ਲਿੱਪੀ ਦੀ ਲੋੜ ਸੀ ਜੋਕਿ ਵੱਖੋ ਵੱਖਰੀਆਂ ਧੁਨੀਆਂ ਨੂੰ ਅਤੇ ਗਰੈਮਰ ਅਨੁਸਾਰ ਅੰਕਿਤ ਕਰ ਸਕੇ। ਗੁਰੂ ਸਾਹਿਬ ਨੇ ਗੁਰਮੁਖੀ ਲਿੱਪੀ ਵਿੱਚ ਅਰਬੀ, ਫਾਰਸੀ, ਸੰਸਕ੍ਰਿਤ ਅਤੇ ਪ੍ਰਕ੍ਰਿਤ ਦੇ ਸ਼ਬਦ ਆਪਣੀ ਅਨੁਸਾਰੀ ਧੁਨੀਆਂ ਵਿੱਚੋਂ ਹੀ ਲਏ। ਇਹ ਉਹਨਾਂ ਦੀ ਕਮਾਲ ਦੀ ਜੁਗਤ ਸੀ ਅਤੇ ਕਈ ਸਿਧਾਂਤਾ ਵਿੱਚ ਜੇ ਕੋਈ ਇਖਤਲਾਫ ਸੀ ਤਾਂ ਆਪਣਾ ਵੀ ਯੋਗ ਵਿਚਾਰ ਦਿੱਤਾ ਅਤੇ ਇੰਜ ਸਿਧਾਂਤ ਪੁਸ਼ਟੀ ਦੀ ਜੁਗਤ ਵੀ ਵਰਤੀ।


ਗੁਰੂ ਜੀ ਦੇ ਸ਼ਹਿਜਾਦੇ ਸ਼੍ਰੀ ਚੰਦ ਜੀ ਦੇ 'ਮਾਤਰਿਆ' ਵਿੱਚ ਲਿਖਿਆ ਮਿਲਦਾ ਹੈ ਕਿ 'ਗੁਰਮੁਖੀ ਅੱਖਰ ਜਗਤ ਕਾ ਟੋਪ' ਇੰਜ ਗੁਰੂ ਜੀ ਦੇ ਸ਼ਹਿਜਾਦੇ ਨੇ ਹੀ ਗੁਰਮੁਖੀ ਦੇ ਨਾਮਕਰਨ ਦੀ ਪੁਸ਼ਟੀ ਕਰ ਦਿੱਤੀ। ਕਈਆਂ ਦਾ ਵਿਚਾਰ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਦੀ ਰਚਨਾਂ ਕੀਤੀ ਹੈ। ਜਦ ਬਾਬੇ ਨਾਨਕ ਨੇ ਹੀ ਪੱਟੀ ਬਾਣੀ ਵਿੱਚ ਪੈਂਤੀ ਅੱਖਰਾਂ ਦੀ ਪੁਸ਼ਟੀ ਕਰ ਦਿੱਤੀ ਤਾਂ ਇਹ ਵਿਚਾਰ ਢੁੱਕਵਾਂ ਨਹੀ ਹੈ ਕਿ ਗੁਰਮੁਖੀ ਦੀ ਰਚਨਾਂ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਕੀਤੀ। ਉਨ੍ਹਾਂ ਨੇ ਤਾਂ ਗੁਰਮੁਖੀ ਵਿੱਚ ਪੋਥੀਆਂ ਲਿਖਵਾਈਆਂ ਅਤੇ ਇੰਜ ਗੁਰਮੁਖੀ ਦਾ ਪਸਾਰਾ ਹੋਣ ਲੱਗਾ।

ਪਾਲੀ ਬੋਲੀ ਵਿੱਚ ਸੰਸਕ੍ਰਿਤ ਅੱਖਰਾਂ ਨਾਲੋਂ ਭਿੰਨਤਾਂ ਹੈ।ਇਸ ਵਿੱਚ ਕੁੱਲ ਸਵਰਾਂ (Vowel) ਦੀ ਗਿਣਤੀ 8 ਹੈ।ਇਸ ਵਿੱਚ ਰਿਰੀ, ਲੱਲਰੀ ਅਤੇ ਅਯੋਗਵਾ ਵੀ ਨਹੀ ਹੈ। ਇਸ ਦੇ 32 Consonant ਹਨ ਜਿਸ ਵਿੱਚ ਸ਼, ਤਾਲਵੀ ਸ਼ ਅਤੇ ਖਰਵਾ ਤਾਲੂ ਸ਼ ਵੀ ਨਹੀ ਹੈ। ਪਰ ਲ਼ ਸੰਸਕ੍ਰਿਤ ਨਾਲੋਂ ਵੱਧ ਹੈ। ਮੈਨੂੰ ਵੀ ਇਹੀ ਲਗਦਾ ਹੈ ਕਿ ਗੁਰੂ ਸਾਹਿਬ ਨੇ ਵੀ ਇਹੀ ਰੂਲ ਅਪਣਾਇਆ ਪਰ ਲ਼ ਦਾ ਕੀਤੇ ਵੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਨਹੀ ਕੀਤਾ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਯੋਗਵਾ (:) ਦੀ ਵਰਤੋਂ ਕੀਤੀ ਮਿਲਦੀ ਹੈ।

ਕਈ ਸਿੱਕੇ ਜਿਹੜੇ ਟਾਕਰੀ ਜਾਂ ਗੁਰਮੁਖੀ ਨੁੰਮਾ ਮਿਲਦੇ ਹਨ, ਉਹਨਾਂ ਵਿੱਚ ਸੰਸਕ੍ਰਿਤ ਦੀ ਥਾਂ ਪਾਲੀ ਦੀ ਵਰਤੋਂ ਕੀਤੀ ਹੈ। ਅਸ਼ੋਕਨ ਲਿੱਪੀ ਵਿੱਚ ਵੀ 'ਸ਼' ਨਹੀ ਹੈ ਪਰ ਲ਼ ਮੌਜੂਦ ਹੈ। ਕਈ ਸਾਡੇ ਲਿੱਪੀ ਦੀ ਮਹਾਰਤ ਦੇ ਦਾਅਵੇਦਾਰ 'ਲ਼' ਦੀ ਧੁਨੀ ਨੂੰ 'ੜ' ਹੀ ਕਹੀ ਜਾ ਰਹੇ ਹਨ। ਇਹ ਉਹਨਾਂ ਦੀ ਪਾਲੀ

**(ਬਾਕੀ ਅਗਲੇ ਸਫੇ 'ਤੇ)**

# ਗੁੱਜਰਾਂਵਾਲਾ ਵਿਚਲੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਡਿੱਗੀ ਛੱਤ



**ਗੁੱਜਰਾਂਵਾਲਾ**–ਪਾਕਿਸਤਾਨ ਦੇ ਗੁੱਜਰਾਂਵਾਲਾ ਸ਼ਹਿਰ ਵਿੱਚ ਸ਼ੇਰੇ–ਏ–ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਛੱਤ ਡਿੱਗ ਗਈ ਹੈ। ਪਾਕਿ–ਸਤਾਨ ਸਰਕਾਰ ਦੀ ਲਗਾਤਾਰ ਅਣਗਹਿਲੀ ਅਜਿਹਾ ਹੋਇਆ ਹੈ। ਕੁਝ ਦਿਨ ਪਹਿਲਾਂ ਅਧਿਕਾਰੀਆਂ ਵੱਲੋਂ ਇਸ ਨੂੰ ਇਤਿਹਾਸਕ ਸੈਰ–ਸਪਾਟਾ ਸਥਾਨ ਵਿੱਚ ਤਬਦੀਲ ਕਰਨ ਲਈ ਸੁਰੱਖਿਅਤ ਐਲਾਨਣ ਦੇ ਬਾਵਜੂਦ ਸ਼ੇਰ–ਏ–ਪੰਜਾਬ ਦੀ ਹਵੇਲੀ ਦਾ ਇੱਕ ਹਿੱਸਾ ਢਹਿ–ਢੇਰੀ ਹੋ ਗਿਆ ਸੀ। ਜ਼ਿਲ੍ਹੇ ਦੇ ਸਹਾਇਕ ਕਮਿਸ਼ਨਰ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਹਵੇਲੀ ਦਾ ਦੌਰਾ ਕੀਤਾ ਅਤੇ ਇਸ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਐਲਾਨਿਆ। ਇਸ ਨੂੰ ਸੈਲਾਨੀਆਂ ਖਾਸ ਕਰਕੇ ਭਾਰਤ ਤੋਂ ਆਏ ਸਿੱਖਾਂ ਲਈ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਸਿੱਖ ਸਾਮਰਾਜ ਦੇ ਪਹਿਲੇ ਮਹਾਰਾਜਾ ਸ਼ੇਰ–ਏ–ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਨੂੰ ਇਸ ਘਰ ਵਿੱਚ ਹੋਇਆ ਸੀ। ਦੁਨੀਆ ਭਰ ਦੇ ਸਿੱਖਾਂ ਲਈ ਇਹ ਹਵੇਲੀ ਬਹੁਤ ਮਹੱਤਵ ਰੱਖਦੀ ਹੈ।



# ਫਰਾਂਸ ਦੇ ਆਈਫਲ ਟਾਵਰ ਤੋਂ ਵੀ ਉੱਚਾ ਚਨਾਬ ਨਦੀ ਦਾ ਪੁਲ !

ਜੰਮੂ–ਕਸ਼ਮੀਰ 'ਚ ਬਣਾਏ ਜਾ ਰਹੇ ਦੁਨੀਆ ਦੇ ਸਭ ਤੋਂ ਉੱਚੇ ਚਨਾਬ ਰੇਲਵੇ ਪੁਲ ਦੀ ਓਵਰ ਆਰਚ ਬਨਾਉਣ ਦਾ ਕੰਮ ਪੂਰਾ ਹੋ ਗਿਆ ਹੈ। ਸ਼ਨੀਵਾਰ ਨੂੰ ਇਸ ਪੁਲ ਦਾ ਸੁਨਹਿਰੀ ਜੋੜ (ਆਖਰੀ ਜੋੜ) ਲਗਾ ਦਿੱਤਾ ਗਿਆ। ਇਸ ਤੋਂ ਬਾਅਦ ਪੁਲ ਬਣਾਉਣ ਦਾ 98 ਫੀਸਦੀ ਕੰਮ ਪੂਰਾ ਹੋ ਚੁੱਕਾ ਹੈ। ਇਸ ਮੌਕੇ ਵਰਕਰਾਂ ਨੇ ਤਿਰੰਗਾ ਲਹਿਰਾਇਆ ਅਤੇ ਆਤਿਸ਼ਬਾਜ਼ੀ ਵੀ ਕੀਤੀ। ਇਸ ਪੁਲ ਦਾ ਨਿਰਮਾਣ ਕੋਂਕਣ ਰੇਲਵੇ ਊਧਮਪੁਰ–ਸ਼੍ਰੀਨਗਰ–ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਤਹਿਤ ਕੀਤਾ ਗਿਆ ਹੈ। ਇਸ ਪ੍ਰੋਜੈਕਟ ਦੀ ਲਾਗਤ ਲਗਭਗ 28,000 ਕਰੋੜ ਰੁਪਏ ਹੈ। ਰਿਆਸੀ ਜ਼ਿਲੇ ਦੇ ਬਕਲ ਅਤੇ ਕੌਰੀ ਵਿਚਕਾਰ ਦੁਨੀਆ ਦਾ ਸਭ ਤੋਂ ਉੱਚਾ ਸਿੰਗਲ–ਆਰਕ ਰੇਲਵੇ ਪੁਲ ਬਣਾਇਆ ਗਿਆ ਹੈ। 1,3 ਕਿਲੋਮੀਟਰ ਲੰਬੇ ਰੇਲ ਪੁਲ ਦੀ ਨਦੀ ਦੇ ਪੱਧਰ ਤੋਂ 359 ਮੀਟਰ ਦੀ ਉਚਾਈ ਹੈ। ਇਹ 324 ਮੀਟਰ ਉੱਚੇ ਫਰਾਂਸ ਦੇ ਆਈਫਲ ਟਾਵਰ ਤੋਂ ਵੀ 35 ਮੀਟਰ ਉੱਚਾ ਹੈ। ਪੁਲ 17 ਕੇਬਲਾਂ 'ਤੇ ਬਣਿਆ ਹੋਇਆ ਹੈ। ਇਹ ਪੁਲ 8 ਤੀਬਰਤਾ ਦੇ ਭੂਚਾਲ ਨਾਲ ਪ੍ਰਭਾਵਿਤ ਨਹੀਂ ਹੋਵੇਗਾ। ਇਹ



260 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਵਾਲੀ ਹਵਾ ਦਾ ਸਾਹਮਣਾ ਕਰ ਸਕਦਾ ਹੈ। ਇਸ ਪੁਲ 'ਚ ਬਲਾਸਟ ਲੋਡ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਕਿਸੇ ਵੀ ਧਮਾਕੇ ਅਤੇ ਦਬਾਅ ਦਾ ਪੁਲ 'ਤੇ ਕੋਈ ਅਸਰ ਨਹੀਂ ਪਵੇਗਾ। 111 ਕਿਲੋਮੀਟਰ ਲੰਬੇ ਕਟੜਾ ਅਤੇ ਬਨਿਹਾਲ ਮਾਰਗ 'ਤੇ ਰੇਲ ਪੁਲ ਬਣਨ ਨਾਲ ਕਸ਼ਮੀਰ ਨੂੰ ਰੇਲ ਰਾਹੀਂ ਦੇਸ਼ ਨਾਲ ਜੋੜਿਆ ਜਾਵੇਗਾ। ਇਸ ਸਮੇਂ ਬਨਿਹਾਲ ਅਤੇ ਬਾਰਾਮੂਲਾ ਵਿਚਕਾਰ ਰੇਲਗੱਡੀ ਹੈ, ਪਰ ਕਟੜਾ–ਬਨਿਹਾਲ ਵਿਚਕਾਰ ਨਹੀਂ। ਮੰਨਿਆ ਜਾ ਰਿਹਾ ਹੈ ਕਿ ਇਸ ਨੂੰ ਇਸ ਸਾਲ ਦਸੰਬਰ ਤੱਕ ਲੋਕਾਂ ਨੂੰ ਸੌਂਪ ਦਿੱਤਾ ਜਾਵੇਗਾ। ਕੋਂਕਣ ਰੇਲਵੇ ਦੇ ਚੇਅਰਮੈਨ ਅਤੇ ਐਮਡੀ ਸੰਜੇ ਗੁਪਤਾ ਨੇ ਕਿਹਾ ਕਿ ਇਸ ਪੁਲ ਨੂੰ ਬਣਾਉਣ ਵਿੱਚ ਲੰਬਾ ਸਮਾਂ ਲੱਗਿਆ ਹੈ। ਖਰਾਬ ਮੌਸਮ, ਸਰਦੀ, ਉਚਾਈ ਨੇ ਇਸ ਨੂੰ ਬਣਾਉਣ ਵਿਚ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ। ਪੁਲ ਦਾ ਨਿਰਮਾਣ ਮੁੰਬਈ ਸਥਿਤ ਬੁਨਿਆਦੀ ਢਾਂਚਾ ਪ੍ਰਮੁੱਖ ਏਫਕੋਨਸ ਦੁਆਰਾ ਕੀਤਾ ਗਿਆ ਹੈ। ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਚਨਾਬ ਪੁਲ ਦਾ ਵੀਡੀਓ ਟਵਿਟਰ 'ਤੇ ਸਾਂਝਾ ਕੀਤਾ ਹੈ। ਚੇਨਾਬ ਬ੍ਰਿਜ ਤੋਂ ਇਲਾਵਾ, ਓਾਚੋਨਸ ਜੰਮੂ ਅਤੇ ਕਸ਼ਮੀਰ ਵਿੱਚ ਕੋਂਕਣ ਰੇਲਵੇ ਕਾਰਪੋਰੇਸ਼ਨ ਲਿਮਿਟੇਡ ਲਈ 16 ਹੋਰ ਰੇਲਵੇ ਪੁਲਾਂ ਦਾ ਨਿਰਮਾਣ ਵੀ ਕਰ ਰਿਹਾ ਹੈ। ਸਾਰੇ ਪੁਲ ਊਧਮਪੁਰ–ਸ਼੍ਰੀਨਗਰ–ਬਾਰਾਮੂਲਾ ਰੇਲ ਲਿੰਕ ਪ੍ਰੋਜੈਕਟ ਦਾ ਹਿੱਸਾ ਹਨ।

### ਬਾਲ ਕਵਿਤਾ

## ਮੇਰੀ ਬੁਗਣੀ

ਬੁਗਣੀ ਮੇਰੀ ਬੜੀ ਪਿਆਰੀ
ਇਹਦੇ ਨਾਲ ਹੈ ਮੇਰੀ ਯਾਰੀ
ਲਾਲ ਰੰਗ ਦੀ ਬੜੀ ਫੱਬਦੀ
ਮੈਨੂੰ ਚੰਗੀ ਬੜੀ ਲੱਗਦੀ
ਉਪਰ ਡੂੰਡੀ ਲੱਗੀ ਹੈ
ਪੈਸੇ ਲਈ ਮੋਰੀ ਕੱਢੀ ਹੈ
ਡੈਡੀ ਤੋ ਪੈਸੇ ਲੈ ਲੈਂਦਾ ਹਾਂ
ਇਹਦੇ ਵਿੱਚ ਮੈ ਪਾ ਦਿੰਦਾ ਹਾਂ
ਵਾਰ ਵਾਰ ਛਣਕਾਉਂਦਾ ਹਾ ਮੈ
ਘੁੱਟ ਘੁੱਟ ਸੀਨੇ ਲਾਉਂਦਾ ਹਾਂ ਮੈ
ਸਾਭ ਸਾਭ ਕੇ ਰੱਖਦਾ ਹਾਂ ਮੈ
ਹਰ ਰੋਜ ਹੀ ਤੱਕਦਾ ਹਾਂ ਮੈ
ਹੋਲੀ ਹੋਲੀ ਭਰ ਜਾਂਦੀ ਏ
ਲੋੜਾਂ ਪੂਰੀਆਂ ਕਰ ਜਾਂਦੀ ਏ
ਸਾਲ ਬਾਅਦ ਬੂਟੇ ਮੈ ਤੋੜਾਂ
ਚੋਖੇ ਸਾਰੇ ਪੈਸੇ ਜੋੜਾਂ

**ਬੂਟਾ ਗੁਲਾਮੀ ਵਾਲਾ**
91-94171-97395



# ਗੁਰਮੁਖੀ ਅੱਖਰਾਂ ਦਾ ਪਿਛੋਕੜ ਅਤੇ ਅਜੋਕੀ ਗੁਰਮੁਖੀ

**(ਸਫਾ 23 ਦੀ ਬਾਕੀ)**

ਦੀ ਅਣਜਾਣਤਾ ਦੱਸਦੀ ਹੈ। ਕਈ ਖੋਜੀ ਬ੍ਰਹਮੀ ਲਿੱਪੀ ਵਿਚੋਂ ਗੁਰਮੁਖੀ ਦੀ ਉਪਜ ਮੰਨੀ ਜਾ ਰਹੇ ਹਨ।ਉਹ ਇਹ ਭੁੱਲ ਜਾਂਦੇ ਹਨ ਕਿ ਹੜੱਪਾ ਅਤੇ ਮੋਇੰਜੋਦੜੋਂ ਦੀ ਲਿੱਪੀ ਅਤੇ ਟੈਕਸਲਾ ਦੀ ਲਿੱਪੀ ਵੀ ਪੰਜਾਬ ਵਿੱਚ ਹਜ਼ਾਰਾ ਸਾਲਾਂ ਤੋਂ ਚਲਦੀਆਂ ਰਹੀਆਂ ਹਨ।

ਡਾ. ਕਾਲਾ ਸਿੰਘ ਬੇਦੀ ਨੇ ਤਾਂ ਹੜੱਪਾ ਲਿੱਪੀ ਤੋਂ ਬ੍ਰਹਮੀ ਲਿੱਪੀ ਦਾ ਜਨਮ ਹੋਣਾ ਲਿਖ ਦਿੱਤਾ।ਪਰ ਹਜ਼ਾਰਾ ਵ੍ਹਰੇ ਦਾ ਪਾੜਾ ਹੋਣ ਕਰਕੇ ਇਹ ਦਾਅਵਾ ਥੋਥਾ ਲੱਗਦਾ ਹੈ, ਕਿਉਂਕਿ ਸਾਡੇ ਕੋਲ ਉਹਨਾਂ ਵੇਲ਼ਿਆ ਦਾ ਕੋਈ ਸਬੂਤ ਨਹੀ ਮਿਲਦਾ। ਐਵੇਂ ਹੀ ਅਟਕਲਪੱਚੂ ਹੀ ਐਸਟੀਮੇਟ ਹੀ ਲਗਾਈ ਜਾ ਰਹੇ ਹਨ। ਮੈਂ ਹੈਰਾਨ ਹਾਂ ਕਿ ਆਰਕਿਆਲੋਜੀ ਅਤੇ ਵਿਕੀਪੀਡੀਆ ਵਾਲਿਆਂ ਨੂੰ ਭੁਲੇਖਾ ਲਗ ਗਿਆ ਹੈ ਕਿ ਟਾਕਰੀ ਲਿੱਪੀ ਨੂੰ ਬ੍ਰਹਮੀ ਲਿੱਪੀ ਕਹੀ ਜਾ ਰਹੇ ਹਨ। ਇੱਥੋਂ ਇਹਨਾਂ ਦੀ ਮਾਨਸਿਕਤਾ ਦਾ ਪਤਾ ਲਗਦਾ ਹੈ ਕਿ ਜੋ ਇਹਨਾਂ ਨੇ ਤਸੱਬਰ ਕਰ ਰੱਖਿਆ ਹੈ ਉਹੀ ਲੋਕਾਂ ਵਿੱਚ ਪ੍ਰਚਾਰ ਕਰ ਰਹੇ ਹਨ। ਲਿੱਪੀਆਂ ਦੇ ਖੋਜੀਆਂ ਵਿੱਚ ਵੀ ਇਹ ਢੁੱਚਰ ਘਰ ਕਰ ਗਈ ਹੈ ਅਤੇ ਲੋਕ ਇਹਨਾਂ ਨੂੰ ਸੁਣ ਕੇ ਅਤੇ ਪੜ੍ਹ ਕੇ ਇਹ ਆਪ ਦਾ ਵੀ ਤਸੱਬਰ ਬਣਾਈ ਬੈਠੇ ਹਨ। ਚਾਨਣ ਨੂੰ ਹਨੇਰਾ ਅਤੇ ਹਨੇਰੇ ਨੂੰ ਚਾਨਣ ਅਤੇ ਸੂਰਜ ਦੀ ਲੋਅ ਨੂੰ ਰਾਤ ਦੱਸੀ ਜਾ ਰਹੇ ਹਨ, ਅਜਿਹੀ ਸਥਿਤੀ ਵਿੱਚ ਸੱਚੇ ਖੋਜੀਆਂ ਦੀ ਮਾਨਸਿਕਤਾ ਤੇ ਅਸਰ ਪਾ ਦਿੱਤਾ। ਅਧਿਆਪਕ ਵੀ ਵਿਦਿਆਰਥੀਆਂ ਨੂੰ ਇਹੀ ਪੜ੍ਹਾਈ ਜਾ ਰਹੇ ਹਨ ਅਤੇ ਜੇ ਕਰ ਵਿਦਿਆਰਥੀ ਸੱਚ ਖੋਜ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਹਨਾਂ ਨੂੰ ਫੇ਼ਲ ਹੋਣ ਦਾ ਡਰ ਸਤਾਉਂਦਾ ਹੈ।

ਸੰਸਾਰ ਵਿੱਚ ਲਿੱਪੀਆਂ ਦਾ ਪਸਾਰਾ ਉਦੋਂ ਹੁੰਦਾ ਹੈ ਜਦੋਂ ਰਾਜ ਦੀ ਸਹਾਇਤਾ ਮਿਲਦੀ ਹੈ ਜਾਂ ਧਰਮ ਦੀ ਛਤਰ ਛਾਇਆਂ ਹੇਠ ਜਾਂ ਸਮਾਜ ਦੇ ਲੋਕ ਸੱਚੇ ਮੰਨੋ ਇਸ ਨੂੰ ਮੰਨ ਲੈਣ। ਕਿਸੇ ਲਿੱਪੀ ਨੂੰ ਕਿਸੇ ਬੋਲੀ ਦਾ ਸਹਾਰਾ ਮਿਲਣ ਨਾਲ ਵੀ ਰਾਜ ਦੀ ਬੋਲੀ ਪ੍ਰਚੱਲਿਤ ਹੋਣ ਵਿੱਚ ਮਦਦ ਮਿਲਦੀ ਹੈ, ਜਿਵੇਂ ਅਸ਼ੋਕ ਬਾਦਸ਼ਾਹ ਨੇ ਕੀਤਾ। ਕਲਿੰਗਾ ਦੀ ਲੜਾਈ ਪਿੱਛੋਂ ਉਸ ਨੇ ਬੁੱਧ ਧਰਮ ਅਪਣਾ ਕੇ ਰਾਜ ਦੀ ਸ਼ਕਤੀ ਨਾਲ ਬੁੱਧ ਧਰਮ ਅਤੇ ਅਸ਼ੋਕ ਲਿੱਪੀ ਨੂੰ ਦੂਰ ਦੂਰ ਤੱਕ ਫੈਲਾਇਆ। ਇੰਡੀਅਨ ਸਬ–ਕੰਟੀਨੈਂਟ ਕਈ ਨਸਲਾਂ ਦੇ ਲੋਕ ਧਾੜਵੀ ਆਉਣ ਕਰਕੇ ਇੱਥੇ ਉਥਲ ਪੁਥਲ ਬਣੀ ਰਹੀ। ਸੰਯੁਕਤ ਪੰਜਾਬ ਜਿਹੜਾ ਕਿ ਅੰਗਰੇਜ਼ ਬਸਤੀਵਾਦ ਵੇ਼ਲੇ ਇੰਡੀਆ ਦੇ ਸੱਭ ਤੋਂ ਵੱਡਿਆਂ ਸੂਬਿਆ ਵਿੱਚੋਂ ਇਕ ਸੀ ਅਤੇ ਪੰਜਾਬ ਰਾਹੀਂ ਹੀ ਧਾੜਵੀ ਪੰਜਾਬ ਵਿੱਚ ਦਾਖਲ ਹੁੰਦੇ ਸਨ। ਸੱਭ ਤੋਂ ਵੱਧ ਨੁਕਸਾਨ ਪੰਜਾਬ ਦੇ ਲੋਕਾਂ ਦਾ ਹੀ ਹੁੰਦਾ ਰਿਹਾ ਅਤੇ ਉਦੋਂ ਤੋਂ ਹੀ ਪੰਜਾਬੀ ਪੀੜ੍ਹੀ ਦੇ ਮੁਹਰੀ, ਰਾਜੇ ਅਤੇ ਸੈਨਿਕ ਹਿੱਕਾਂ ਡਾਹ ਕੇ ਧਾੜਵੀਆਂ ਦਾ ਮੁਕਾਬਲਾ ਕਰਦੇ ਰਹੇ ਅਤੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਆਪਣੀ ਅਣਖ ਅਤੇ ਪ੍ਰਤਿਭਾ ਨੂੰ ਬਚਾਉਂਦੇ ਰਹੇ।

ਪਾਕਿਸਤਾਨ ਵਿੱਚ ਇੱਕ ਆਰਕਿਆਲੋਜੀਸਟ ਹੜੱਪਾ–ਮੋਇੰਜੋਦੜੋ ਤੇ ਕੰਮ ਕਰ ਰਿਹਾ ਹੈ, ਜਿਸ ਨੇ ਬਿਆਨ ਦਿੱਤਾ ਹੈ ਕਿ ਜਿਹੜੀਆਂ ਇੱਟਾਂ ਯੂਰਪ ਵਿੱਚ ਅੱਜ ਵਰਤੀਆਂ ਜਾਂਦੀਆਂ ਹਨ, ਉਹ ਇੱਟਾਂ ਮੋਇੰਜੋਦੜੋ ਦੀਆਂ ਇੱਟਾਂ ਵਰਗੀਆਂ ਹਨ। ਜਿਹੜੀਆਂ ਉਕਤ ਥੇਹਾਂ ਤੋਂ ਚੀਜ਼ਾ ਕੱਢੀਆਂ ਗਈਆਂ ਹਨ, ਉਸ ਵਾਰੇ ਸੁਝਾਅ ਦਿੱਤਾ ਗਿਆ ਹੈ ਕਿ ਇਸ ਨੂੰ ਫਰੋਲਣ ਦੀ ਲੋੜ ਹੈ ਤਾਂ ਕਿ ਇਸ ਵਿੱਚ ਲੁਕਿਆ ਹੋਇਆ ਹੋਰ ਮੈਟਰ ਲੱਭਿਆ ਜਾ ਸਕੇ ਅਤੇ ਇਤਿਹਾਸ ਦੀ ਹੋਰ ਪ੍ਰਾਚੀਨਤਾ ਸਿੱਧ ਹੋ ਸਕੇ। ਉਸ ਨੇ ਇਹ ਵੀ ਕਿਹਾ ਕਿ ਹਕੂਮਤ ਨੂੰ ਖਾਸ ਐਨਕ ਨਾਲ ਨਹੀ ਦੇਖਣਾ ਚਾਹੀਦਾ ਅਤੇ ਸਾਡੇ ਇਸ ਲੱਭੇ ਵਿਰਸੇ ਦਾ ਸਲੇਬਸ ਵਿੱਦਿਆਰਥੀਆਂ ਨੂੰ ਵੀ ਪੜਾਉਣਾ ਚਾਹੀਦਾ ਹੈ। ਜਿਵੇ ਅੱਜ ਰੋਮਨ ਅੱਖਰ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੋ ਚੁੱਕੇ ਹਨ, ਜਿਹਦੇ ਲਈ ਰੋਮਨੀਆਂ ਨੇ ਇਸ ਨੂੰ ਰਾਜ ਅਤੇ ਧ੍ਰਮ ਦੇ ਸਹਾਰੇ ਦੂਰ ਦੂਰ ਤੱਕ ਫੈਲਾਇਆ। ਜਿਸ ਨਾਲ ਸੰਸਾਰ ਦੇ ਅੱਡੋ ਅੱਡ ਬੋਲੀਆਂ ਬੋਲਣ ਵਾਲੇ ਲੋਕ ਆਪਸ ਵਿੱਚ ਸੰਪਰਕ ਕਰ ਸਕਣ। ਯੂਰਪ ਦੀਆਂ ਕਈ ਬੋਲੀਆਂ ਰੋਮਨ ਲਿੱਪੀ ਵਿੱਚ ਹੀ ਲਿਖੀਆਂ ਜਾਂਦੀਆਂ ਹਨ ਜਿਵੇਂ ਕਿ ਅੰਗਰੇਜ਼ੀ, ਇਟਾਲੀਅਨ, ਜਰਮਨੀ, ਫੈਂਚ, ਸਪੈਨਿਸ਼, ਤੁਰਕੀ ਅਤੇ ਡੱਚ ਅਦਿ। ਗੁਰਮੁਖੀ ਦੇ ਪਾਖੂ ਤਾਂ ਇਸ ਵਿੱਚ ਬਹੁਤ ਪਿਛੜ ਗਏ ਅਤੇ ਸਾਰਿਆ ਪੰਜਾਬੀਆਂ ਨੂੰ ਗੁਰਮੁਖੀ ਨਹੀ ਸਿਖਾ ਸਕੇ। ਅੱਜ ਤੱਕ ਅਸੀਂ ਇਸ ਪਾਸੇ ਵੱਲ ਹੰਭ਼ਲਾ ਨਹੀ ਮਾਰਿਆ। ਇਹ ਅਣਗਹਿਲੀ ਸਿੱਖ ਰਾਜਿਆਂ ਵੱਲੋਂ ਵੀ ਕੀਤੀ ਗਈ। ਕਿਉਂਕਿ ਰਾਜ ਦੀ ਸਥਿਤੀ ਹੀ ਲੋਕਾਂ ਨੂੰ ਰਾਜ ਭਾਸ਼ਾ ਅਤੇ ਲਿੱਪੀ ਪੜ੍ਹਣ ਅਤੇ ਸਿੱਖਣ ਲਈ ਮਜ਼ਬੂਰ ਕਰ ਸਕਦੀ ਹੈ। ਜਿਵੇਂ ਖਰੋਟੀ, ਈਰਾਨੀਆਂ ਦੇ ਅਸਰ ਥੱਲੇ ਗ੍ਰੀਕੀਆਂ ਵੇਲੇ ਗ੍ਰੀਕ ਦੇ ਅੱਖਰ, ਬੋਧੀਆਂ ਵੇਲੇ ਅਸ਼ੋਕਨ ਲਿੱਪੀ, ਕੁਸ਼ਾਨ, ਸਾਹ, ਉਦੰਬਰ ਅਤੇ ਕੁਨਿੰਦਿਆਂ ਵੇਲੇ ਟਾਕਰੀ ਲਿੱਪੀ ਆਦਿ ਰਾਜ ਲਿੱਪੀ ਹੋਣ ਕਰਕੇ ਮਜ਼ਬੂਰਨ ਲੋਕਾਂ ਨੂੰ ਪੜ੍ਹਨੀ ਪੈਂਦੀ ਸੀ। ਟਾਕਰੀ ਲਿੱਪੀ ਟੈਕਸਲਾਂ ਯੂਨੀਵਰਸਿਟੀ ਦੇ ਵਰਸਾਂ ਦੀ ਤਾਕਤ ਨਾਲ ਹੀ ਇਹ ਜਮੁਨਾ ਤੋਂ ਲੈ ਕੇ ਬਾਮਯਾਨ (ਅਫਗਾਨਿਸਤਾਨ) ਤੱਕ ਫੈਲੀ ਕਿਉਂਕਿ ਇਹ ਸਾਹਸ ਰਾਜਿਆਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਹੀ ਹੋਇਆ। ਗੁਰਮੁਖੀ ਬਾਰੇ ਜੀ.ਬੀ. ਸਿੰਘ ਵਰਗੇ ਸੱਜਣਾਂ ਦਾ ਕਹਿਣਾ ਹੈ ਕਿ ਗੁਰਮੁਖੀ ਤਾਂ ਬਾਬੇ ਨਾਨਕ ਤੋਂ ਪਹਿਲਾ ਦੇ ਅੱਖਰ ਬਣੇ ਹੋਏ ਹਨ। ਪਰ ਇਹ ਆਪਣੀ ਕਿਤਾਬ ਵਿੱਚ ਵੀ ਸਿੱਧ ਨਹੀ ਕਰ ਸਕਿਆ। ਇਹ ਸਾਬਤ ਕਰਦਾ ਹੈ ਕਿ ਅੱਖਰਾਂ ਦੇ ਕਨਵਰਟ ਹੋਣ ਦਾ ਸਿਧਾਂ ਸੀ। ਗੁਰੂ ਨਾਨਕ ਤੋਂ ਪਹਿਲਾ ਕੋਈ ਵੀ ਗ੍ਰੰਥ ਗੁਰਮੁਖੀ ਲਿੱਪੀ ਵਿੱਚ ਨਹੀ ਮਿਲਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਗੁਰਮੁਖੀ ਦੀ ਘਾੜਤ ਗੁਰੂ ਸਾਹਿਬ ਦੀ ਹੀ ਦੇਣ ਹੈ। ਗੁਰਬਾਣੀ ਵਿੱਚ ਅੱਡੋ ਅੱਡ ਬੋਲੀਆਂ ਦੇ ਸੰਤਾਂ ਅਤੇ ਭਗਤਾਂ ਦੀਆਂ ਬਾਣੀਆਂ ਸ਼ਾਮਿਲ ਹਨ ਜਿਸ ਨੂੰ ਇਕੋ ਹੀ ਲਿੱਪੀ ਗੁਰਮੁਖੀ ਅਨੁਸਾਰੀ ਧੁਨੀਆਂ ਰਾਹੀਂ ਹੀ ਲਿਖੀ ਗਈ ਹੈ। ਗੁਰੂ ਅੰਗਦ ਦੇਵ ਜੀ ਨੇ ਵੀ ਇਸੇ ਲਿੱਪੀ ਦਾ ਪ੍ਰਸਾਰ ਕੀਤਾ ਅਤੇ ਗੁਰਮੁਖੀ ਵਿੱਚ ਹੀ ਬਾਣੀਆਂ ਲਿਖਵਾਈਆਂ। ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਵੀ ਪਹਿਲੀਆਂ ਪ੍ਰਚੱਲਿਤ ਫਿਲਸਫੀਆਂ ਨਾਲੋਂ ਅੱਡ ਹੈ। ਸੋ ਬਾਬੇ ਨਾਨਕ ਨੇ ਆਪਣਾ ਸਿਧਾਂਤ ਵੀ ਇਸੇ ਲਿੱਪੀ ਵਿੱਚ ਲਿਖਿਆ ਹੈ। ਲ਼ ਦੇ ਧੁਨੀ ਸ਼੍ਰ ਗੁਰੂ ਗ੍ਰੰਥ ਸਾਹਿਬ ਵਿੱਚਨਹੀ ਹੈ ਪਰ ਪੰਜਾਬ ਦੇ ਕਈ ਇਲਾਕਿਆਂ ਵਿੱਚ ਜਿਵੇਂ ਮਾਝਾ, ਦੁਆਬਾ, ਮਾਲਵਾ ਅਤੇ ਪੁਆਧ ਆਦਿ ਵਿੱਚ ਲ਼ ਦੀ ਧੁਨੀ ਬੋਲੀ ਜਾਂਦੀ ਹੈ। ਸੋ ਅੱਜ ਵੀ ਪੰਜਾਬ ਵਿੱਚ ਲੋਕ ਇੱਕਸਾਰ ਬੋਲੀ ਨਹੀ ਬੋਲਦੇ ਹਨ। ਖੇਤਰੀ/ਲੋਕਲ ਫਰਕ ਹੋਣ ਕਰਕੇ ਬੋਲੀ ਵਿੱਚ ਅੱਡਰੇਵਾਂ ਆ ਹੀ ਜਾਂਦਾ ਹੈ।

ਅੱਜ ਦੇ ਜਮਾਨੇ ਵਿੱਚ ਪ੍ਰੈੱਸ ਦਾ ਬਹੁਤ ਵੱਡਾ ਰੋਲ ਹੈ। ਜਿੱਥੇ ਪਹਿਲਾ ਹੱਥ ਨਾਲ ਲਿਖਿਆਂ ਜਾਂਦਾ ਸੀ, ਉੱਥੇ ਅੱਜ ਪ੍ਰੈੱਸ ਤੋਂ ਛੁੱਟ ਹੋਰ ਵੀ ਸਾਧਨ ਉਪਲੱਬਧ ਹਨ, ਜਿਸ ਦੀ ਮਦਦ ਨਾਲ ਆਪਣੇ ਖਿਆ਼ਲ ਦੁਨੀਆਂ ਤੱਕ ਪਹੁੰਚਾ ਸਕਦੇ ਹਨ। ਇਹਨਾਂ ਸਾਧਨਾਂ ਦੀ ਮਦਦ ਨਾਲ ਅਸੀ ਆਪਣੇ ਬਿਜ਼ਨਸ ਅਤੇ ਵਸਤੂਆਂ ਦਾ ਪੂਰੇ ਸੰਸਾਰ ਵਿੱਚ ਪ੍ਰਚਾਰ ਕਰ ਸਕਦੇ ਹਾਂ।ਆਪਣੇ ਖਿਆਲਾ ਅਤੇ ਵਸਤੂਆਂ ਨੂੰ ਦੂਰ ਦੂਰ ਤੱਕ ਸੁਖਾ਼ਲਿਆ ਹੀ ਪਹੁੰਚਾ ਸਕਦੇ ਹਾਂ। ਅੱਜ ਦੇ ਜਮਾਨੇ ਵਿੱਚ ਜਿਹੜੀ ਖੋਜ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਹੁੰਦੀ ਹੈ ਤਾਂ ਉਰੰਤ ਉਪਲੱਬਧ ਸਾਧਨਾਂ ਨਾਲ ਜਾਣਕਾਰੀ ਮਿਲ ਜਾਂਦੀ ਹੈ। ਅਸੀਂ ਹਮੇਸ਼ਾ ਨਵੀ ਕਾਢ ਨੂੰ ਪ੍ਰਾਪਤ ਕਰਨ ਦੀ ਤਾਂਘ ਵਿੱਚ ਰਹਿੰਦੇ ਹਾਂ ਕਿ ਕਦੋਂ ਸਾਨੂੰ ਕਾਢ ਪ੍ਰਾਪਤ ਹੋਵੇ ਅਤੇ ਅਸੀਂ ਇਸ ਕਾਢ ਦਾ ਲੱਭ ਉਠਾ ਸਕੀਏ।

ਅੰਤ ਵਿੱਚ ਸਿੱਖਾਂ ਦੀਆਂ ਰਜਿਸਟਰਡ ਜੱਥੇਬੰਦੀਆਂ ਪੰਜਾਬੀ ਬੋਲੀ ਦੇ ਹਮਦਰਦਾ, ਕਲਮਕਾਰਾਂ, ਯੂਨੀਵਰਸਿਟੀਆਂ, ਕਾਲਜਾਂ ਅਤੇ ਸਕੂਲਾਂ ਦੇ ਟੀਚਰਾਂ ਨੂੰ ਅਪੀ਼ਲ ਕਰਦਾ ਹਾਂ ਕਿ ਸੱਭ ਤੋਂ ਪਹਿਲਾ ਪੰਜਾਬੀ ਨੂੰ ਇੱਕਸਾਰ ਸ਼ਬਦਾਵਲਿ (vocabulary) ਦੀ ਲੋੜ ਹੈ, ਜਿਹੜੀ ਇੱਕ ਲਿੱਪੀ ਦੀ ਵਰਤੋਂ ਨਾਲ ਹੀ ਵਾੜ ਦਾ ਕੰਮ ਕਰੇਗੀ ਅਤੇ ਇੰਜ ਪੰਜਾਬੀ ਦੀ ਸਮਰੱਥਾ ਵਧੇਗੀ। ਪੰਜਾਬੀ ਵਿੱਚ ਹੀ ਨਹੀ ਸਗੋਂ ਜਿੱਥੇ ਜਿੱਥੇ ਵੀ ਪੰਜਾਬੀ ਪੜ੍ਹਾਈ ਜਾਂਦੀ ਹੈ ਤਾਂ ਉੱਥੇ ਵੀ ਪੰਜਾਬੀ ਵਿੱਚ ਇੱਕ ਸਮਾਨਤਾ ਆ ਜਾਵੇਗੀ। ਅੱਜ ਲੋਕ ਪੰਜਾਬੀ ਵਿੱਚ ਸੰਸਕ੍ਰਿਤ, ਅਰਬੀ, ਫਾਰਸੀ ਅਤੇ ਤੁਰਕੀ ਦੇ ਸ਼ਬਦ ਘਸੋੜੀ ਜਾਂਦੇ ਹਨ। ਲੋਕ ਯੂਰਪ ਅਤੇ ਅਰਬਾਂ ਵਿੱਚ ਕੰਮਾਂ–ਕਾਰਾ ਲਈ ਜਾਂਦੇ ਹਨ, ਉੱਥੇ ਵੀ ਸ਼ਬਦ ਸਿੱਖਣ ਲੱਗੇ ਹੋਏ ਹਨ ਅਤੇ ਇੰਜ ਪੰਜਾਬੀ ਇਕਸਾਰ ਨਹੀ ਰਹੇਗੀ। ਜੇ ਪੰਜਾਬੀ ਨਵੇ ਸ਼ਬਦ ਨਹੀ ਘੜ ਸਕਦੇ ਹਨ ਤਾਂ ਬਾਹਰੋ ਲਏ ਸ਼ਬਦਾ ਦਾ ਵੀ ਸਟੈਂਡਰਡ ਸੈੱਟ ਕਰਨਾ ਪਵੇਗਾ, ਅੰਗਰੇਜੀ ਵਾਲਿਆਂ ਨੇ ਬਾਹਰੋਂ ਲਏ ਸ਼ਬਦਾ ਨੂੰ ਢਾਂ਼ਲਿਆ ਉਵੇਂ ਹੀ ਸਾਨੂੰ ਉਪਰਾਲਾ ਕਰਨਾ ਪਵੇਗਾ।

ਇੰਜ ਗੁਰਬਾਣੀ ਮੰਨਣ ਵਾਲਿਆਂ ਲਈ ਵੀ ਸਨੇਹਾ ਹੈ ਕਿਉਹ ਵੀ ਗੁਰਮੁਖੀ ਦੇ ਪਸਾਰ ਲਈ ਗੁਰਮੁਖੀ ਨੂੰ ਸਟੈਂਡਰਡ ਮੰਨਣ। ਜੇਕਰ ਉਹ ਗੁਰਬਾਣੀ ਦਾ ਉਲੱਥਾ ਕਰਨਾ ਚਾਹੁੰਦੇ ਹਨ ਤਾਂ ਗੁਰਬਾਣੀ ਦੀਆਂ ਲਾਇਨਾਂ ਉੱਪਰ ਅਤੇ ਹੇਠਾਂ ਹੋਰ ਦੂਸਰੀ ਲਿੱਪੀ ਦੀਆਂ ਲਾਇਨਾਂ ਛਪਣੀਆਂ ਚਾਹੀਦੀਆਂ ਹਨ। ਡਾ. ਟ੍ਰੰਮ ਨੇ ਆਪਣੇ ਸਿੰਧੀ ਗਰਾਮਰ ਦੀ ਭੂਮਿਕਾ ਵਿੱਚ ਲਿਖਿਆਂ ਹੈ ਕਿ ਸਿੱਖਾਂ ਦੇ ਗ੍ਰੰਥ ਨੂੰ ਪੜਣ ਲਈ ਪੰਜਾਬੀ ਅਤੇ ਗੁਰਮੁਖੀ ਸਿੱਖੀ, ਇਸ ਪਿੱਛੋਂ ਗੁਰਬਾਣੀ ਦਾ ਅੰਗਰੇਜ਼ੀ ਵਿੱਚ ਉਲੱਥਾ ਸ਼ੁਰੂ ਕੀਤਾ। ਸਿੱਖਾ ਨੇ ਉਸ ਦੇ ਅੰਗਰੇਜ਼ੀ ਉਲੱਥੇ ਨੂੰ ਬਹੁਤੀ ਅਹਿਮੀਅਤ ਨਹੀ ਦਿੱਤੀ ਕਿਉਂਕਿ ਗੁਰਬਾਣੀ ਦਾ ਉਲੱਥਾ ਸਿੱਖੀ ਸਿਧਾਂਤ ਅਨੁਸਾਰ ਨਹੀ ਸੀ ਅਤੇ ਇਸ ਤਰਾਂ ਉਹਨਾਂ ਦਾ ਇਹ ਉਪਰਾਲਾ ਨੇਪਰੇ ਨਹੀ ਚੜ ਸਕਿਆ।

ਜੇਕਰ ਅਸੀਂ ਪਹਿਲੀ ਪ੍ਰਿੰਟਿੰਗ ਦੀ ਗੱਲ ਕਰੀਏ ਤਾਂ ਇਹ ਸੀ ਰਾਮਪੁਰ, ਪੱਛਮੀ ਬੰਗਾਲ ਵਿੱਚ ਲਾਇਆ ਗਿਆ ਅਤੇ 1812 ਵਿੱਚ ਜਨਾਬ ਕੈਰੀ ਨੇ ਪੰਜਾਬੀ ਦਾ ਪਹਿਲਾ ਗਰਾਮਰ ਛਪਵਾਇਆ। ਦੂਜਾ ਪ੍ਰੈੱਸ 1845 ਵਿੱਚ ਲੁਧਿਆਣੇ ਵਿਖੇ ਲਗਵਾਇਆ ਤਾਂ ਕਿ ਈਸਾਈ ਆਪਣੇ ਬਾਇਬਲ ਦਾ ਪ੍ਰਚਾਰ ਪੰਜਾਬ ਦੇ ਲੋਕਾਂ ਦੀ ਬੋ਼ਲੀ ਵਿੱਚ ਕਰਕੇ ਉਹ ਆਪਣੇ ਧਰਮ ਦਾ ਪ੍ਰਚਾਰ ਕਰ ਸਕਣ ਅਤੇ ਲੋਕਾਂ ਨੂੰ ਆਪਣੇ ਧਰਮ ਵੱਲ ਪ੍ਰੇਰਿਆ ਜਾਵੇ।

ਈਸਾਈਆਂ ਤੋਂ ਛੁੱਟ ਮੁਸਲਮਾਨਾ ਨੇ ਵੀ ਆਪਣੇ ਧਰਮ ਪ੍ਰਚਾਰ ਲਈ ਆਲਿਫ–ਬੇ ਵਿੱਚ ਪੰਜਾਬੀ ਦਾ ਪ੍ਰਚਾਰ ਕੀਤਾ ਅਤੇ ਅਹਿਮਦੀਆਂ ਫਿਰਕਾ ਆਲਿਫ–ਬੇ ਨੂੰ ਵੱਧ ਤਰਜ਼ੀਹ ਦਿੰਦਾ ਹੈ।

ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿੱਚ ਤਾਲਮੇ਼ਲ ਅਤੇ ਪੜ੍ਹਾਈ ਦਾ ਮਾਧਿਅਮ ਦਾ ਸਵਾਲ ਉੱਠ ਖੜ੍ਹਾ ਹੋ ਗਿਆ।ਸਾਡੇ ਮੁਸਲਮਾਨ ਭਰਾ ਉਰਦੂ ਦੇ ਹੱਕ ਵਿੱਚ ਸਨ ਤਾਂ ਅੰਗਰੇਜ਼ ਉਹਨਾਂ ਨੂੰ ਬਹੁ–ਗਿਣਤੀ ਹੋਣ ਕਰਕੇ ਅਣਸੁਣੀ ਨਾ ਕਰ ਸਕਿਆ। ਇਸ ਪਿੱਛੋਂ ਪੰਜਾਬ ਦਾ ਹਿੰਦੂ ਭਰਾ ਹਿੰਦੀ ਅਤੇ ਦੇਵ ਨਾਗਰੀ ਦੇ ਹੱਕ ਵਿੱਚ ਭੁਗਤਿਆ। ਇੰਜ ਸਿਰਫ ਸਿੱਖ ਹੀ ਪੰਜਬੀ ਅਤੇ ਗੁਰਮੁਖੀ ਦੇ ਹੱਕ ਵਿੱਚ ਸਨ, ਪਰ ਇਹ ਘੱਟ ਗਿਣਤੀ ਵਿੱਚ ਸਨ। ਪੰਜਾਬੀ ਅਤੇ ਗੁਰਮਖੀ ਨੂੰ ਅੱਖੋਂ ਪਰੋਖੇ ਕਰਨ ਵਿੱਚ ਸਿੱਖ ਰਾਜਿਆ ਦੀ ਵੀ ਗਲਤੀ ਹੈ ਜਿਨ੍ਹਾਂ ਨੇ ਆਪਣੇ ਰਾਜ ਦਰਬਾਰ ਦੀ ਬੋਲੀ ਫਾਰਸੀ ਹੀ ਲਾਗੂ ਕਰੀ ਰੱਖੀ। ਅੱਜ ਵੀ ਪੰਜਾਬੀ ਜਿਹੜੇ ਅੰਗਰੇਜ਼ਾ ਦੇ ਗੁਲਾਮ ਹਨ ਉਹ ਅੱਜ ਵੀ ਅੰਗਰੇਜ਼ੀ ਰੋਮਨ ਵਿੱਚ ਚਾਂਈ ਚਾਂਈ ਲਿਖਦੇ ਹਨ। ਉਹ ਕਦੇ ਨਹੀ ਕਹਿੰਦੇ ਹਨ ਕਿ ਅੰਗਰੇਜ਼ੀ ਸਾਡੀ ਗੁਲਾਮੀ ਦੀ ਨਿਸ਼ਾਨੀ ਹੈ। ਇੰਡੀਆਂ ਨੇ 1947 ਪਿੱਛੋਂ ਵੀ ਅੰਗਰੇਜ਼ੀ ਦਾ ਖਹਿੜਾ ਨਹੀ ਛੱਡਿਆ। ਪਿੱਛੋਂ ਸ਼੍ਰੀ ਲੰਕਾ ਅਤੇ ਬੰਗਲਾ ਅਜ਼ਾਦ ਹੋਇਆ। ਬੰਗਾਲੀਆਂ ਦਾ ਦਾਅਵਾ ਹੈ ਕਿ ਪੱਛਮੀ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਦੇ ਲੋਕਾਂ ਦੀ ਬੋਲੀ ਨੂੰ ਅੱਖੋਂ ਪਰੋਖੇ ਕੀਤਾ।ਅੱਜ ਬੰਗਲਾ ਦੇਸ਼ ਦੀ ਬੋਲੀ ਬੰਗਾਲੀ ਜਾਂ ਬੰਗ ਹੈ ਅਤੇ ਕੋਈ ਨੀ ਕਹਿੰਦਾ ਹੈ ਕਿ ਅਸੀਂ ਬੰਗਾਲੀ ਆਲਿਫ–ਬੇ ਵਿੱਚ ਪੜ੍ਹਣੀ ਅਤੇ ਲਿਖਣੀ ਹੈ। ਪੱਛਮੀ ਪਾਕਿਸਤਾਨ ਵਿੱਚ ਪੰਜਾਬੀ ਉਰਦੂ ਨੂੰ ਆਪਣੇ ਗ਼ਲ ਵਿੱਚ ਪਾਈ ਫਿਰਦੇ ਹਨ। ਜੇ ਟਾਵਾਂ ਕੋਈ ਪੰਜਾਬੀ ਨਾਲ ਹਮਦਰਦੀ ਕਰਦਾ ਹੈ ਤਾਂ ਉਹ ਮੁਜ਼ਾਹਰਿਆ ਵਿੱਚ ਆਪਣੇ ਮਾਟੋ ਆਲਿਫ–ਬੇ ਵਿੱਚ ਲਿਖਦਾ ਹੈ। ਇੰਜ ਪੰਜਾਬੀ ਦਾ ਮੁਜ਼ਾਹਰਾ ਕਰਕੇ ਪੰਜਾਬੀ ਨੂੰ ਦੋ ਟੁੱਕ ਕਰ ਦਿੱਤਾ। ਪੰਜਾਬੀ ਨੂੰ ਗੁਰਮੁਖੀ ਵਿੱਚ ਲਿਖਣ ਤਾਂ ਹੀ ਸੰਸਾਰ ਵਿੱਚ ਪੰਜਾਬੀ ਕਹਾਉਣ ਦੇ ਹੱਕਦਾਰ ਹਨ। ਪਾਕਿਸਤਾਨ ਵਿੱਚ ਹੁਣ ਕਿਸੇ ਬਾਹਰਲੇ ਦਾ ਰਾਜ ਨਹੀ ਹੈ, ਜੇ ਆਪਣੇ ਹੀ ਰਾਜ ਵਿੱਚ ਪੰਜਾਬੀ ਲਾਗੂ ਨਹੀ ਕਰ ਸਕਦੇ ਹਨ ਤਾਂ ਕਿਸੇ ਬਾਹਰਲੇ ਦਾ ਕਸੂਰ ਨਹੀ ਹੈ। ਇੰਡੀਆ ਵਿੱਚ ਵੀ ਇੱਕ ਅਜਿਹਾ ਟੋਲਾ ਹੈ ਜੋ ਪੰਜਾਬੀ ਹੁੰਦਿਆ ਵੀ ਆਪਣੀ ਬੋਲੀ ਪੰਜਾਬੀ ਰਿਕਾਰਡ ਨਹੀ ਕਰਵਾਉਦੇਂ ਹਨ।ਇਸ ਤੋਂ ਛੁੱਟ ਚੰਡੀਗੜ੍ਹ, ਹਰਿਆਣਾ, ਦਿੱਲੀ, ਹਿਮਾਚਲ ਅਤੇ ਉੱਤਰਾਖੰਡ ਵਿੱਚ ਹਿੰਦੀ ਦਰਜ਼ ਕਰਵਾਉਂਦੇ ਹਨ। ਅੱਜ ਤੱਕ ਉਪਰੋਕਤ ਤਪਕੇ ਨੇ ਪੰਜਾਬੀ ਬੋਲੀ ਦੇ ਸਰਕਾਰੀ ਦਰਜ਼ੇ ਦੀ ਗੱਲ ਨਹੀ ਕੀਤੀ ਕਿਉਂਕਿ ਉਹ ਅੱਜ ਤੱਕ ਵੀ ਪੰਜਾਬ ਦੇ ਜਿਊਗਰਾਫੀਏ ਨਾਲ ਮਿਲਣ ਲਈ ਤਿਆਰ ਨਹੀ ਹਨ।ਸਗੋਂ ਉਹ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਦੀਆਂ ਗੱਲਾਂ ਕਰਦੇ ਹਨ ਅਤੇ ਇਸੇ ਤੇ ਅਮਲ ਕਰਦੇ ਹਨ। ਇਹ ਕਿੱਡੀ ਤਰਾਸਦੀ ਦੀ ਗੱਲ ਹੈ ਕਿ ਪੰਜਾਬੀ ਹੀ ਪੰਜਾਬੀ ਅਤੇ ਗੁਰਮੁਖੀ ਦੀ ਬਜਾਏ ਉਹ ਹਿੰਦੀ ਅਤੇ ਉਰਦੂ ਦੀ ਗੱਲ ਕਰਦੇ ਹਨ। ਜਿਸ ਦਾ ਮਤਲਬ ਹੈ ਕਿ ਪੰਜਾਬੀ ਅਜੇ ਤੱਕ ਵੀ ਪੰਜਾਬੀ ਦਾ ਹਿੱਸਾ ਨਹੀ ਬਣੇ। ਸੰਸਾਰ ਤੇ 9ਵਾਂ ਸਥਾਨ ਪੰਜਾਬੀ ਦਾ ਹੈ। ਜੇ ਸਾਰੇ ਪੰਜਾਬੀ ਪੰਜਾਬੀ ਨੂੰ ਇੱਕ ਮੇਨ ਸਟ੍ਰੀਮ ਮੰਨ ਕੇ ਪੰਜਾਬੀ ਰਿਕਾਰਡ ਕਰਵਾ ਦੇਣ ਤਾਂ ਪੰਜਾਬੀ ਸੰਸਾਰ ਵਿੱਚ ਅੱਠਵੇਂ ਸਥਾਨ ਤੇ ਅਤੇ ਰੂਸੀ 9ਵੇਂ ਸਥਾਨ ਤੇ ਖਿਸਕ ਜਾਵੇਗੀ।


# ਸਿਗਰਟਨੋਸ਼ੀ ਨਾਲ ਹੋ ਰਹੀਆਂ ਮੌਤਾਂ 'ਚ ਵਾਧਾ


ਪੇਸ਼ਕਸ਼
ਅਮਰਜੀਤ ਚੰਦਰ

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ ਇਸ ਸਮੇਂ ਪੂਰੀ ਦੁਨੀਆ ਵਿਚ 5 ਮਿਲੀਅਨ ਤੋਂ ਵੱਧ ਲੋਕ ਸਿਗਰਟਨੋਸ਼ੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਜਾਨ ਗੁਆ ਰਹੇ ਹਨ। ਜੇਕਰ ਇਸ ਸਮੱਸਿਆ ਨੂੰ ਕਾਬੂ ਕਰਨ ਲਈ ਕੋਈ ਕਾਰਗਰ ਕਦਮ ਨਾ ਚੁੱਕੇ ਗਏ ਤਾਂ ਸਾਲ 2030 ਤੱਕ ਸਿਗਰਟਨੋਸ਼ੀ ਨਾਲ ਮਰਨ ਵਾਲਿਆਂ ਦੀ ਗਿਣਤੀ 80 ਲੱਖ ਪ੍ਰਤੀ ਸਾਲ ਤੋਂ ਵੱਧ ਜਾਵੇਗੀ। ਨਸ਼ਾ, ਸਿਗਰਟਨੋਸ਼ੀ ਕਰਨ ਵਾਲੇ ਲੋਕਾਂ ਦੀ ਕੁੱਲ ਗਿਣਤੀ ਵਿੱਚੋਂ ਅੱਧੇ ਲੋਕਾਂ ਦੀ ਮੌਤ ਦਾ ਕਾਰਨ ਬਣਦਾ ਜਾ ਰਿਹਾ ਹੈ,ਅਤੇ ਔਸਤਨ 15 ਸਾਲ ਤੱਕ ਉਹਨਾਂ ਦੇ ਜੀਵਨ ਸੰਭਾਵਨਾ ਨੂੰ ਘਟਾ ਰਿਹਾ ਹੈ। ਸਿਗਰਟਨੋਸ਼ੀ ਕਰਨ ਵਾਲੇ 90 ਪ੍ਰਤੀਸ਼ਤ ਤੋਂ ਵੱਧ ਲੋਕਾਂ ਵਿਚ ਫੇਫੜਿਆਂ ਦੇ ਕੈਸਰ, ਬ੍ਰੇਨ ਹੈਮਰਜ਼ ਅਤੇ ਸਟ੍ਰੋਕ ਦਾ ਇਕ ਮਹੱਤਵਪੂਰਨ ਕਾਰਨ ਹੈ। ਕੈਸਰ ਅੱਜ ਦੁਨੀਆਂ ਵਿੱਚ ਮੌਤ ਦਾ ਦੂਜਾ ਕਾਰਨ ਹੈ ਅਤੇ ਸਿਗਰਟ ਇਸ ਬੀਮਾਰੀ ਨੂੰ ਸੱਦਾ ਦੇਣ ਦਾ ਇਕ ਸੌਖਾ ਸਾਧਨ ਹੈ। ਅਧਿਐਨ ਵਿੱਚ ਪਾਇਆ ਗਿਆ ਹੈ ਕਿ ਸਿਗਰਟ ਨਾ ਪੀਣ ਵਾਲੇ ਮਰਦਾਂ ਨਾਲੋ ਸਿਗਰਟ ਪੀਣ ਵਾਲੇ ਮਰਦਾਂ ਵਿੱਚ ਫੇਫੜਿਆਂ ਦਾ ਕੈਸਰ ਹੋਣ ਦੀ ਸੰਭਾਵਨਾ 23 ਗੁਣਾਂ ਜਿਆਦਾ ਹੁੰਦੀ ਹੈ, ਜਦ ਕਿ ਸਿਗਰਟ ਪੀਣ ਵਾਲੀਆਂ ਔਰਤਾਂ ਵਿੱਚ ਇਹ ਕੈਸਰ ਹੋਣ ਦੀ ਸੰਭਾਵਨਾ ਸਿਗਰਟ ਦੀ ਵਰਤੋਂ ਨਾ ਕਰਨ ਵਾਲੀਆਂ ਔਰਤਾਂ ਨਾਲੋਂ 13 ਗੁਣਾਂ ਵੱਧ ਹੁੰਦੀ ਹੈ।

ਸਿਗਰਟ ਮੂੰਹ,ਰੀੜ੍ਹ ਦੀ ਹੱਡੀ, ਗਲੇ ਦੀ ਹੱਡੀ ਅਤੇ ਬਲੈਡਰ ਦੇ ਕੈਸਰਾਂ ਵਿੱਚ ਸਿੱਧੇ ਤੌਰ 'ਤੇ ਅਸਰਦਾਰ ਹੋ ਸਕਦੀ ਹੈ।ਸਿਗਰਟ 'ਚ ਮੌਜੂਦ ਕਾਰਸੀਨੋਜਨਿਕ ਪਦਾਰਥ ਸਰੀਰ ਦੇ ਸੈਲਾਂ 'ਤੇ ਅਜਿਹਾ ਪ੍ਰਭਾਵ ਪਾਉਦੇ ਹਨ, ਜਿਸ ਦੇ ਕਾਰਨ ਇਸ ਦਾ ਵਿਕਾਸ ਠੀਕ ਤਰਾਂ ਨਾਲ ਨਹੀ ਹੁੰਦਾ ਅਤੇ ਸਰੀਰ ਦੇ ਸੈਲਾਂ ਦੇ ਵਿਕਾਸ ਵਿੱਚ ਇਕ ਧਿਆਨਯੋਗ ਗੜਬੜ ਹੈ, ਇਸ ਤਰਾਂ ਸਿਗਰਟ ਸਰੀਰ ਦੀਆਂ ਕੋਸ਼ਿਕਾਵਾਂ ਨੂੰ ਨਸ਼ਟ ਕਰਕੇ ਕੈਂਸਰ ਦਾ ਕਾਰਨ ਬਣਦੀ ਹੈ। ਖੋਜ਼ਕਰਤਾ ਦੱਸਦੇ ਹਨ ਕਿ ਸਿਗਰਟ ਪੀਣ ਵਾਲੇ ਲੋਕਾਂ ਵਿੱਚ ਬਲੈਡਰ ਕੈਸਰ ਹੋਣ ਦੀ ਸੰਭਾਵਨਾ ਉਨਾਂ ਲੋਕਾਂ ਨਾਲੋ ਚਾਰ ਗੁਣਾਂ ਵੱਧ ਹੁੰਦੀ ਹੈ ਜਿੰਨਾਂ ਨੇ ਆਪਣੀ ਜਿੰਦਗੀ ਵਿੱਚ ਕਦੇ ਵੀ ਛੂਹਿਆ ਨਹੀ ਹੰਦਾ। ਲੰਬੇ ਸਮੇ ਤੱਕ ਸਿਗਰਟ ਪੀਣ ਦੇ ਹੋਰ ਵੀ ਮਾੜੇ ਪ੍ਰਭਾਵ ਹੁੰਦੇ ਹਨ ਜਿਵੇ ਮੂੰਹ, ਬੱਚੇਦਾਨੀ,ਗੁਰਦੇ ਅਤੇ ਪਾਚਨ ਗ੍ਰੰਥੀ ਦੇ ਕੈਸਰ ਬਣਦੇ ਹਨ। ਵੱਖ-ਵੱਖ ਖੋਜਾਂ ਤੋਂ ਸਾਹਮਣੇ ਆਏ ਨਤੀਜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਸਿਗਰਟਨੋਸ਼ੀ ਨਾਲ ਖੂਨ ਪ੍ਰਣਾਲੀ 'ਤੇ ਨੁਕਸਾਨਦੇਹ ਪ੍ਰਭਾਵ ਪੈਦਾ ਹੈ।

ਸਿਗਰਟਨੋਸ਼ੀ ਅਤੇ ਅਣਜਾਣੇ ਵਿੱਚ ਧੂੰਏ ਦਾ



ਸਾਹਮਣਾ ਕਰਨਾ ਦਿਲ ਅਤੇ ਦਿਮਾਗ਼ ਦੀਆਂ ਬੀਮਾਰੀਆਂ ਦਾ ਇਕ ਮਹੱਤਵਪੂਰਨ ਕਾਰਨ ਹੈ।ਇਹਨਾਂ ਅਧਿਐਨਾ ਵਿੱਚ ਪੇਸ਼ ਕੀਤੇ ਗਏ ਅੰਕੜੇ ਸੁਝਾਅ ਦਿੰਦੇ ਹਨ ਕਿ ਸਿਗਰਟ ਦੀ ਵਰਤੋਂ,ਜਿਵੇ ਕਿ ਇਕ ਦਿਨ ਵਿੱਚ ਪੰਜ ਸਿਗਰਟ, ਜਾਂ ਕਦੇ ਕਦਾਈ ਸਿਗਰਟ ਦਾ ਸੇਵਨ ਜਾਂ ਧੂੰਏ ਦੇ ਸੰਪਰਕ ਵਿੱਚ ਆਉਣਾ,ਵੀ ਦਿਲ ਦੀਆਂ ਬੀਮਾਰੀਆਂ ਲਈ ਕਾਫੀ ਹੈ। ਧੂੰਏ ਵਿੱਚ ਜੋ ਮੌਜੂਦ ਪਦਾਰਥ ਆਕਸੀਡੇਸ਼ਨ ਦਾ ਕਾਰਨ ਸ਼ਰਾਬ, ਨਿਕੋਟੀਨ, ਕਾਰਬਨ ਮੋਨੋਆਕਸਾਇਡ ਵਰਗੇ ਪਦਾਰਥ ਦਿਲ, ਗ੍ਰੰਥੀਆਂ ਅਤੇ ਨਾੜ੍ਹੀਆਂ ਨਾਲ ਸਬੰਧਤ ਬੀਮਾਰੀਆ ਦਾ ਕਾਰਨ ਹਨ। ਸਿਗਰਟਨੋਸ਼ੀ ਦੇ ਸੇਵਨ ਕਰਨ ਨਾਲ ਸਰੀਰ 'ਤੇ ਇਨਸੁਲਿਨ ਦਾ ਪ੍ਰਭਾਵ ਨਹੀ ਹੁੰਦਾ ਅਤੇ ਇਹ ਚੀਜ਼ ਗ੍ਰੰਥੀਆਂ ਅਤੇ ਗੁਰਦਿਆਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਇਨ੍ਹਾਂ ਨਤੀਜਿਆਂ ਨੂੰ ਗੰਭੀਰਤਾ ਨਾਲ ਦੇਖਦੇ ਹੋਏ ਵਿਸ਼ਵ ਸਿਹਤ ਸੰਗਠਨ ਨੇ 31 ਮਈ 1998 ਨੂੰ ਵਿਸ਼ਵ ਤੰਬਾਕੂ ਰਹਿਤ ਦਿਵਸ ਵਜੋਂ ਮਨਾਉਣ ਦਾ ਫੈਸਲਾ ਕੀਤਾ। ਸਾਲ 2008 ਵਿੱਚ, ਵਿਸ਼ਵ ਸਿਹਤ ਸੰਗਠਨ ਨੇ ਤੰਬਾਕੂ ਦੇ ਸਾਰੇ ਇਸ਼ਤਿਹਾਰਾਂ, ਪ੍ਰਚਾਰਾਂ ਆਦਿ 'ਤੇ ਵਿਸ਼ਵਵਿਆਪੀ ਪਾਬੰਦੀ ਲਗਾਉਣ ਦੀ ਮੰਗ ਕੀਤੀ। ਵਿਸ਼ਵ ਸਿਹਤ ਸੰਗਠਨ ਨੇ ਤੰਬਾਕੂ ਦੇ ਮੈਬਰ ਦੇਸ਼ਾਂ ਨੇ 31 ਮਈ ਦਾ ਦਿਨ ਮਨਾ ਕੇ ਵਿਸ਼ਵ ਨੂੰ ਸਿਗਰਟਨੋਸ਼ੀ ਦੇ ਨੁਕਸਾਨਾਂ ਅਤੇ ਖਤਰਿਆਂ ਤੋਂ ਜਾਣੂ ਕਰਵਾ ਕੇ ਇਸ ਦੇ ਉਤਪਾਦਨ ਅਤੇ ਖਪਤ ਨੂੰ ਘਟਾਉਣ ਦੀ ਦਿਸ਼ਾ ਵਿੱਚ ਬੁਨਿਆਦੀ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਹੈ। ਇਸ ਦਿਸ਼ਾ ਵਿੱਚ ਹਰ ਸਾਲ ਪ੍ਰਤੀਕ ਰੂਪ ਵਿੱਚ ਇਕ ਨਾਅਰਾ ਲਗਾਇਆ ਜਾਂਦਾ ਹੈ। ਸਾਲ 2012 ਵਿੱਚ, ਪੂਰੀ ਦੁਨੀਆ ਵਿੱਚ ਸਿਗਰਟਨੋਸ਼ੀ ਦੇ ਉਤਪਾਦਨ ਅਤੇ ਫੰਡ ਵਿੱਚ ਸਿਗਰਟ-ਨੋਸ਼ੀ ਉਦਯੋਗਾਂ ਦੀ ਸਪੱਸ਼ਟ ਭੂਮਿਕਾ ਦੇ ਕਾਰਨ,ਇਸ ਦੇ ਮਦੇਨਜ਼ਰ 31 ਮਈ ਨੂੰ 'ਸਾਵਧਾਨ ਰਹੋ' ਦਾ ਨਾਅਰਾ ਦਿੱਤਾ ਸੀ। ਅਸੀ ਬਹੁ-ਰਾਸ਼ਟਰੀ ਸਿਗਰਟਨੋਸ਼ੀ ਉਦਯੋਗਾਂ ਨੂੰ ਬੰਦ ਕਰ ਦੇਵਾਂਗੇ। ਦੁਨੀਆ ਭਰ ਵਿੱਚ ਤੰਬਾਕੂ ਦੇ ਸੇਵਨ ਦਾ ਵੱਧ ਰਿਹਾ ਰੁਝਾਨ ਸਿਹਤ ਲਈ ਬਹੁਤ ਹਾਨੀਕਾਰਕ ਸਾਬਤ ਹੋ ਰਿਹਾ ਹੈ। ਤੰਬਾਕੂ ਨਾਲ ਸਬੰਧਤ ਹੋਣ ਵਾਲੀਆਂ ਬੀਮਾਰੀਆਂ ਦੀ ਵਜਾ ਨਾਲ ਹਰ ਸਾਲ ਤਕਰੀਬਨ 5 ਮਿਲੀਅਨ ਲੋਕਾਂ ਦੀ ਮੌਤ ਹੋ ਰਹੀ ਹੈ। ਜਿਹਦੇ ਵਿੱਚ 1,5 ਮਿਲੀਅਨ ਔਰਤਾਂ ਵੀ ਸ਼ਾਮਲ ਹਨ। ਰਿਪੋਰਟ ਦੇ ਅਨੁਸਾਰ ਦੁਨੀਆਂ ਭਰ ਵਿੱਚ 80 ਫੀਸਦੀ ਪੁਰਸ਼ ਤੰਬਾਕੂ ਦਾ ਸੇਵਨ ਕਰਦੇ ਹਨ, ਪਰ ਕੁਝ ਦੇਸ਼ਾਂ ਦੀਆਂ ਔਰਤਾਂ ਵਿੱਚ ਤੰਬਾਕੂ ਦਾ ਸੇਵਨ ਕਰਨ ਦੀ ਆਦਤ ਤੇਜ਼ੀ ਨਾਲ ਵੱਧ ਰਹੀ ਹੈ। ਹੈਰਾਨਗੀ ਹੈ ਕਿ ਦੁਨੀਆਂ ਭਰ ਵਿੱਚ ਸਿਗਰਟਨੋਸ਼ੀ ਕਰਨ ਵਾਲਿਆਂ ਵਿੱਚੋਂ 10 ਫੀਸਦੀ ਲੋਕ ਸਿਰਫ ਭਾਰਤ ਵਿੱਚ ਹੀ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ ਕਰੀਬ 25 ਕਰੋੜ ਲੋਕ ਗੁਟਖਾ, ਬੀੜੀ, ਸਿਗਰਟ, ਹੁੱਕਾ ਆਦਿ ਦੇ ਜਰੀਏ ਹੀ ਤੰਬਾਕੂ ਦਾ ਸੇਵਨ ਕਰਦੇ ਹਨ। ਦੁਨੀਆਂ ਦੇ 125 ਦੇਸ਼ਾਂ ਵਿੱਚ ਤੰਬਾਕੂ ਦਾ ਉਤਪਾਦਨ ਹੁੰਦਾ ਹੈ। ਦੁਨੀਆਂ ਭਰ ਵਿੱਚ ਹਰ ਸਾਲ 5,5 ਖਰਬ ਸਿਗਰਟ ਦਾ ਉਤਪਾਦਨ ਹੁੰਦਾ ਹੈ ਅਤੇ ਇਕ ਅਰਬ ਤੋਂ ਜਿਆਦਾ ਲੋਕ ਇਸ ਦਾ ਸੇਵਨ ਕਰਦੇ ਹਨ। ਭਾਰਤ ਵਿੱਚ 10 ਅਰਬ ਸਿਗਰਟ ਦਾ ਉਤਪਾਦਨ ਹੁੰਦਾ ਹੈ ਅਤੇ 72 ਕਰੋੜ 50 ਲੱਖ ਕਿਲੋ ਤੰਬਾਕੂ ਦੀ ਪੈਦਾਵਾਰ ਹੁੰਦੀ ਹੈ। ਭਾਰਤ ਤੰਬਾਕੂ ਉਤਪਾਦਨ ਦੇ ਮਾਮਲੇ ਵਿੱਚ ਬ੍ਰਾਜ਼ੀਲ, ਚੀਨ, ਅਮਰੀਕਾ,ਮਲਾਵੀ ਅਤੇ ਇਟਲੀ ਤੋਂ ਬਾਅਦ ਛੇਵੇਂ ਨੰਬਰ 'ਤੇ ਆਉਦਾ ਹੈ।

ਅੰਕੜਿਆਂ ਦੇ ਅਨੁਸਾਰ ਤੰਬਾਕੂ ਤੋਂ 2022 ਕਰੋੜ ਰੁਪਏ ਦੀ ਵਿਦੇਸ਼ੀ ਮੁਦਰਾ ਆਮਦਨ ਹੋਈ। ਵਿਕਾਸ਼ਸ਼ੀਲ ਦੇਸ਼ਾਂ ਵਿੱਚ,ਮਾਤਾ-ਪਿਤਾ ਦੇ ਸਿਗਰਟਨੋਸ਼ੀ ਦੇ ਕਾਰਨ ਹਰ ਸਾਲ 8000 ਬੱਚਿਆਂ ਦੀ ਮੌਤ ਹੋ ਜਾਂਦੀ ਹੈ।

ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਭਾਰਤ ਵਿੱਚ ਤੰਬਾਕੂ ਨਾਲ ਸਬੰਧਤ ਬੀਮਾਰੀਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਤੰਬਾਕੂ ਬਾਰੇ ਵਿਸ਼ਵ ਕਾਨਫਰੰਸ ਅਤੇ ਹੋਰ ਅਨੁਮਾਨਾਂ ਅਨੁਸਾਰ ਭਾਰਤ ਵਿੱਚ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ ਸਾਢੇ 29 ਕਰੋੜ ਤੱਕ ਹੋ ਸਕਦੀ ਹੈ।

# ਪੰਜਾਬ ਦਾ ਨਾਂ ਰੌਸ਼ਨ ਕਰ ਰਿਹਾ, ਪੇਂਡੂ ਪੰਜਾਬੀ ਪ੍ਰਤਿਭਾ ਦਾ ਚਿਰਾਗ: ਨੌਜਵਾਨ ਰਣਜੀਤ ਸਿੰਘ






ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ ਪ੍ਰੰਤੂ ਸਿੱਖਿਆ ਦੇ ਖੇਤਰ ਵਿੱਚ ਪੇਂਡੂ ਅਜੇ ਵੀ ਫਾਡੀ ਹਨ। ਅੱਜ ਹਾਲਾਤ ਇਹ ਹਨ ਕਿ ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਵੀ ਆਪਣੇ ਭਵਿੱਖ ਲਈ ਭਟਕ ਰਹੇ ਹਨ ਅਤੇ ਦੇਸ਼ ਦੀ ਇਹ ਕਰੀਮ ਵੀ ਵਿਦੇਸ਼ਾਂ ਵਿੱਚ ਆਪਣਾ ਭਵਿੱਖ ਦੇਖ ਰਹੀ ਹੈ। ਅਜਿਹਾ ਹੀ ਇੱਕ ਪੇਂਡੂ ਪੰਜਾਬੀ ਵਿਦਿਆਰਥੀ ਹੈ ਰਣਜੀਤ ਸਿੰਘ, ਜੋ ਉੱਚ ਸਿੱਖਿਆ ਦੇ ਖੇਤਰ ਵਿੱਚ ਆਪਣੇ ਪਿੰਡ, ਪੰਜਾਬ ਅਤੇ ਦੇਸ਼ ਦਾ ਨਾਂ ਰੌਸ਼ਨ ਕਰ ਰਿਹਾ ਹੈ। 22 ਫਰਵਰੀ, 1993 ਨੂੰ ਪਿੰਡ ਕੋਟਲੀ ਖਾਸ, ਬਲਾਕ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜਨਮੇ ਇਸ ਵਿਦਿਆਰਥੀ ਨੇ ਮੁੱਢਲੀ ਸਿੱਖਿਆ ਪਿੰਡ ਦੇ ਹੀ ਸ. ਪ੍ਰਾ. ਸਕੂਲ ਤੋਂ ਅਤੇ ਦਸਵੀਂ ਤੇ ਬਾਰ੍ਹਵੀਂ ਸੀ ਬੀ ਐਸ ਸੀ ਬੋਰਡ ਤੋਂ ਪਾਸ ਕਰਨ ਉਪਰੰਤ ਬੀ ਟੈੱਕ ਮਕੈਨੀਕਲ ਸਾਲ 2014 ਵਿੱਚ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਤੋਂ ਪਾਸ ਕੀਤੀ। ਆਪਣੇ ਵਿਸ਼ੇ ਵਿੱਚ ਨਿਖਾਰ ਲਿਆਉਣ ਲਈ ਐਮ. ਟੈਕ. ਮੁਕਾਬਲੇ ਦੀ ਪ੍ਰੀਖਿਆ ਪਾਸ ਕਰਨ ਉਪਰੰਤ 2016 ਵਿਚ ਥਾਪਰ ਯੂਨੀਵਰਸਿਟੀ ਪਟਿਆਲਾ ਤੋਂ ਵਧੀਆ ਸੀ ਜੀ ਪੀ ਏ ਵਿਚ ਪਾਸ ਕੀਤੀ। ਸਾਧਾਰਨ ਪੇਂਡੂ ਪਰਿਵਾਰ ਵਿਚ ਪੈਦਾ ਹੋਇਆ ਇਹ ਨੌਜਵਾਨ ਅੱਜਕੱਲ੍ਹ ਵਜ਼ੀਫੇ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਡਾ. ਬੀ. ਆਰ ਅੰਬੇਦਕਰ ਨੈਸ਼ਨਲ ਇੰਨਸਟੀਚਿਊਟ ਆਫ ਟੈਕਨਾਲੋਜੀ ਜਲੰਧਰ ਤੋਂ ਮਕੈਨੀਕਲ ਪ੍ਰੋਡਕਸ਼ਨ ਇੰਜਨੀਅਰਿੰਗ ਵਿੱਚ ਪੀ ਐਚ. ਡੀ. ਕਰ ਰਿਹਾ ਹੈ। ਇੱਥੇ ਹੀ ਬਸ ਨਹੀਂ, ਇਸ ਹੋਣਹਾਰ ਵਿਦਿਆਰਥੀ ਨੇ 27-28 ਅਪ੍ਰੈਲ 2018 ਨੂੰ ਚੰਡੀਗੜ੍ਹ ਵਿਖੇ ਹੋਈ ਇਕ ਇੰਟਰਨੈਸ਼ਨਲ ਕਾਨਫਰੰਸ ਵਿੱਚ ਭਾਗ ਲੈ ਕੇ ਵੀ ਆਪਣੇ ਪੇਂਡੂ ਹੋਣ ਦਾ ਲੋਹਾ ਮੰਨਵਾਇਆ ਹੈ। ਉਹ ਆਈ ਆਈ ਟੀ ਰੋਪੜ ਦੇ ਇਕ ਰਿਸਰਚ ਕਨਕਲੇਵ ਵਿੱਚ ਵੀ ਭਾਗ ਲੈ ਚੁੱਕਾ ਹੈ, ਜਿਸ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਉਸ ਦੀ ਜਾਣ-ਪਛਾਣ ਵਧੀ ਹੈ। ਐਨ. ਆਈ . ਟੀ. ਜਲੰਧਰ ਵੱਲੋਂ ਉਸ ਦੀ ਡੂੰਘੀ ਦਿਲਚਸਪੀ ਨੂੰ ਦੇਖਦੇ ਹੋਏ ਸਿੰਘਾਪੁਰ ਵਿੱਚ ਹੋ ਰਹੀ ਅੰਤਰਰਾਸ਼ਟਰੀ ਕਾਨਫਰੰਸ ਲਈ ਉਸਨੂੰ ਨਿਯੁਕਤ ਕੀਤਾ ਗਿਆ ਸੀ। ਆਪਣੀ ਧੁਨ ਦੇ ਪੱਕੇ ਇਸ ਨੌਜਵਾਨ ਨੇ 2-3 ਅਕਤੂਬਰ, 2018 ਦੋ ਦਿਨਾਂ ਕਾਨਫਰੰਸ ਵਿੱਚ ਆਪਣਾ ਰਿਸਰਚ ਪੇਪਰ ਪੇਸ਼ ਕਰ ਕੇ ਦੁਨੀਆ ਭਰ ਦੇ ਡੈਲੀਗੇਟਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਮਾਣ ਕੇਵਲ ਪੰਜਾਬ ਦਾ ਹੀ ਨਹੀਂ, ਸਗੋਂ ਪੂਰੇ ਭਾਰਤ ਦਾ ਹੈ। ਇੱਥੇ ਹੀ ਬਸ ਨਹੀਂ, ਇਹ ਪੇਂਡੂ ਸਿਤਾਰਾ 16 ਜੂਨ ਤੋਂ 20 ਜੂਨ, 2019 ਵਿੱਚ ਪੰਜ ਦਿਨਾਂ ਅੰਤਰਰਾਸ਼ਟਰੀ ਕਾਨਫਰੰਸ ਇਲੀਨੋਇਸ ਯੂਨੀਵਰਸਿਟੀ ਸ਼ਿਕਾਗੋ ਅਮਰੀਕਾ ਵਿੱਚ ਵੀ ਆਪਣੀ ਹਾਜ਼ਰੀ ਲਗਵਾ ਚੁੱਕਾ ਹੈ ਅਤੇ ਯੂ. ਐਸ. ਏ. ਵੱਲੋਂ ਉਸ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਉਸ ਨੂੰ 10 ਸਾਲਾ ਵੀਜ਼ਾ ਦੇ ਕੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹ ਉਸ ਦਾ ਭਵਿੱਖ ਹੀ ਤੈਅ ਕਰੇਗਾ ਕਿ ਉਸ ਨੂੰ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ ਜਾਂ ਮਜਬੂਰੀ ਵਸ ਅਮਰੀਕਾ ਜਾਣਾ ਪਵੇਗਾ। ਸਾਡੇ ਦੇਸ਼ ਦੀਆ ਸਰਕਾਰਾਂ ਨੂੰ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਕਦਰ ਕਰਦਿਆਂ ਬਾਂਹ ਫੜਨੀ ਚਾਹੀਦੀ ਹੈ।

**-ਪ੍ਰੀਤਮ ਲੁਧਿਆਣਵੀ) (ਚੰਡੀਗੜ੍ਹ),**
**9876428641**
**ਸੰਪਰਕ : ਰਣਜੀਤ ਸਿੰਘ,**
**9464058511, 7973355707**

## ਆਜ਼ਾਦੀ ਦਾ ਅਮ੍ਰਿਤ ਮਹਾਉਤਸਵ

## ਆਜ਼ਾਦੀ ਦੀ 76ਵੀਂ ਵਰੇਗੰਢ ਨੂੰ ਸਮਰਪਿਤ ਰਚਨਾ

ਦੇਸ਼ ਦੇ ਪ੍ਰਵਾਨਿਆਂ ਦੀ ਕਿੰਨੀ ਸੀ ਸੋਚ ਸਿਆਣੀ, ਸਭ ਉਮਰਾਂ ਦੇ ਹਾਣੀ,
ਗੁਲਾਮੀ ਦੀ ਹੈ ਤੋੜਣੀ ਤਾਣੀ, ਇਹੋ ਹੀ ਸਭਨੇ ਮਨਾਂ ਚ ਠਾਣੀ।

ਦੇਸ਼ ਦੇ ਪੁੱਤਰਾਂ ਨੇ ਨੱਕ ਵਿੱਚ ਦੱਮ ਕਰਕੇ ਰੱਖ ਤਾ ਫਰੰਗੀ ਸਰਕਾਰ ਦੇ,
ਝੱਲਣੀ ਨਾ ਅਸਾਂ ਗੁਲਾਮੀ, ਨਾ ਝੁਕਣਾ ਅੱਗੇ ਗੋਰੇ ਰਾਜ ਦਰਬਾਰ ਦੇ,
ਜਿੰਦਾਂ ਨੂੰ ਬਾਰ ਕੇ ਲੈਣੀ ਆਜ਼ਾਦੀ ਦੇਸ਼ ਦੀ, ਲਿਖ ਜਾਣੀ ਨਵੀਂ ਕਹਾਣੀ।
ਦੇਸ਼ ਦੇ ਪ੍ਰਵਾਨਿਆਂ ਦੀ ਕਿੰਨੀ ਸੀ ਸੋਚ ਸਿਆਣੀ, ਸਭ ਉਮਰਾਂ ਦੇ ਹਾਣੀ।

ਮਿਲ ਕੇ ਨਿੱਤ ਯੁਕਤਾਂ ਬਣਾਉਦੇ, ਫਰੰਗੀ ਕਿੰਝ ਦੇਸੋਂ ਬਾਹਰ ਭਜਾਉਣੇ,
ਦੇਸ਼ ਭਗਤਾਂ ਦੇ ਵੇਖ ਹੋਂਸਲੇ , ਗੋਰਿਆਂ ਨੂੰ ਇਹ ਲੱਗਣ ਡਰਾਉਣੇ,
ਸਭ ਦੇ ਦਿਲਾਂ ਚੋਂ ਆਵਾਜ਼ ਸੀ ਉੱਠੀ , ਮਿਲ ਕੇ ਕ੍ਰਾਂਤੀ ਹੈ ਲਿਆਉਣੀ।
ਦੇਸ਼ ਦੇ ਪ੍ਰਵਾਨਿਆਂ ਦੀ ਕਿੰਨੀ ਸੀ ਸੋਚ ਸਿਆਣੀ, ਸਭ ਉਮਰਾਂ ਦੇ ਹਾਣੀ।

ਆਖਰ ਨੂੰ ਉਹ ਦਿਨ ਵੀ ਆਇਆ, ਦੇਸ਼ ਭਗਤਾਂ ਦਾ ਖ਼ੂਨ ਰੰਗ ਲਿਆਇਆ,
ਆਜ਼ਾਦੀ ਆ ਵੜੀ ਵਿਹੜੇ ਸਾਡੇ, ਤਿਰੰਗਾ ਹਰ ਥਾਂ ਤੇ ਲਿਹਰਾਇਆ,
ਫ਼ਕੀਰੋ ਵਾਰ ਕੇ ਜਿੰਦਾ ਮਿਲੀ ਆਜ਼ਾਦੀ, ਹੁਣ ਦੇਸ਼ ਵਾਸਿਓ ਤੁਸਾਂ ਹੈ ਸਾਂਭਣੀ,
ਦੇਸ਼ ਦੇ ਪ੍ਰਵਾਨਿਆਂ ਦੀ ਕਿੰਨੀ ਸੀ ਸੋਚ ਸਿਆਣੀ, ਸਭ ਉਮਰਾਂ ਦੇ ਹਾਣੀ।

ਦੇਸ਼ ਦੇ ਪ੍ਰਵਾਨਿਆਂ ਦੀ ਕਿੰਨੀ ਸੀ ਸੋਚ ਸਿਆਣੀ, ਸਭ ਉਮਰਾਂ ਦੇ ਹਾਣੀ,
ਗੁਲਾਮੀ ਦੀ ਹੈ ਤੋੜਣੀ ਤਾਣੀ, ਇਹੋ ਹੀ ਸਭਨੇ ਮਨਾਂ ਚ ਠਾਣੀ।




**ਵਿਨੋਦ ਫ਼ਕੀਰਾ,**
**ਸਟੇਟ ਐਵਾਰਡੀ,**
**91-98721-97326**

# ਨੈਸ਼ਨਲ ਲੋਕ ਅਦਾਲਤ ਦਾ ਆਯੋਜਨ, 7,12,74,831 ਰੁਪਏ ਦੇ ਅਵਾਰਡ ਪਾਸ




**ਪਠਾਨਕੋਟ-** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋਂ ਚੇਅਰਮੈਨ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਦੀ ਪ੍ਰਧਾਨਗੀ ਹੇਠ ਸਥਾਨਕ ਅਦਾਲਤੀ ਕੰਪਲੈਕਸ ਵਿਖੇ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 9 ਬੈਂਚ ਲਗਾ ਕੇ ਲੋਕਾਂ ਦੇ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਨੇ ਦੱਸਿਆ ਕਿ ਅੱਜ ਅਦਾਲਤੀ ਕੰਪਲੈਕਸ ਵਿੱਚ 9 ਬੈਂਚ ਲਗਾਏ ਗਏ। ਇਸ ਮੌਕੇ ਵਧੀਕ ਸੈਸ਼ਨ ਜੱਜ ਕਲਭੂਸ਼ਨ ਕੁਮਾਰ, ਫੈਮਲੀ ਕੋਰਟ ਦੇ ਜੱਜ ਪ੍ਰਿਤਪਾਲ ਸਿੰਘ, ਅਮਨ ਸ਼ਰਮਾ ਸਿਵਲ ਜੱਜ ਸੀਨੀਅਰ ਡਵੀਜ਼ਨ, ਮਾਨਵ ਸੀਜੀਐਮ, ਡੇਜ਼ੀ ਬੰਗੜ ਐਡੀਸ਼ਨਲ ਸੀਜੇਐਮ, ਚੰਦਨਹੰਸ ਜੱਜ ਜੂਨੀਅਰ ਡਵੀਜ਼ਨ, ਗੁਰਦੇਵ ਸਿੰਘ ਜੱਜ ਜੂਨੀਅਰ ਡਵੀਜ਼ਨ, ਪਰਮਿੰਦਰ ਪਿੰਦੂ, ਰਾਜੀਵ ਪਾਲ ਸਿੰਘ ਚੀਮਾ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਾਮਲ ਸਨ। ਇਸ ਮੌਕੇ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਨੇ ਦੱਸਿਆ ਕਿ ਅੱਜ ਦੀ ਨੈਸ਼ਨਲ ਲੋਕ ਅਦਾਲਤ ਵਿੱਚ 3907 ਕੇਸ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚੋਂ 1056 ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ 7 ਕਰੋੜ 12 ਲੱਖ 74 ਹਜ਼ਾਰ 8 ਸੌ 31 ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਵਿੱਚ ਪਰਿਵਾਰਕ ਝਗੜੇ, ਬੈਂਕ ਰਿਕਵਰੀ ਕੇਸ, ਚੈੱਕ ਬਾਊਂਸ ਕੇਸ, ਮਾਮੂਲੀ ਅਪਰਾਧਿਕ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਕੋਈ ਵੀ ਧਿਰ ਨਹੀਂ ਹਾਰਦੀ ਸਗੋਂ ਦੋਵੇਂ ਧਿਰਾਂ ਦੀ ਜਿੱਤ ਹੁੰਦੀ ਹੈ ਅਤੇ ਅਦਾਲਤ ਵਿੱਚ ਲਗਾਈ ਗਈ ਫੀਸ ਵੀ ਵਾਪਸ ਕਰ ਦਿੱਤੀ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਲਗਾ ਕੇ ਆਪਣੇ ਕੇਸਾਂ ਦਾ ਨਿਪਟਾਰਾ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਦੀ ਭਾਵਨਾ ਪੈਦਾ ਕਰਨ।


**ਰਜਿੰਦਰ ਸਿੰਘ ਰਾਜਨ ਪਠਾਨਕੋਟ**
**91-94174-27656**




Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




Contact:
Dr. Harjinder Kumar 301 675 1579
Dr. Paramjit Chumber 304 629 3790




My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

# ਵਿਅੰਗ / ਮੁਸ਼ਕਿਆ ਪਾਣੀ ਕਿਉਂ ਪੀਣ ਅਕਾਲੀ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਪਿੰਡ ਦੀ ਸੱਥ ਵਿੱਚ ਬੈਠੇ ਬਜੁਰਗ ਇੱਕ ਲੋਕ-ਰੁਚੀ ਕਹਾਣੀ ਸੁਣਾਇਆ ਕਰਦੇ ਸਨ ਕਿ ਕੋਈ ਮੁਸਾਫਿਰ ਇੱਕ ਪਿੰਡ ਲਾਗਿਉਂ ਲੰਘਿਆ।ਉਹ ਇਹ ਦੇਖ ਕੇ ਹੈਰਾਨ ਹੋਇਆ ਕਿ ਪਿੰਡ ਵਾਸੀ ਕਈ ਜਣੇ ਖੂਹੀ ਵਿੱਚੋਂ ਪਾਣੀ ਕੱਢ ਰਹੇ ਸਨ ਤੇ ਬੱਚੇ ਬੀਬੀਆਂ ਘੜੇ ਬਾਲਟੀਆਂ ਭਰ ਭਰ ਕੇ ਬਾਹਰ ਸੁੱਟੀ ਜਾ ਰਹੇ ਸਨ। ਮੁਸਾਫਿਰ ਨੇ ਪੁੱਛਿਆ ਕਿ ਸੱਜਣੋ ਇਹ ਕੀ ਕਰਨ ਡਹੇ ਹੋ ?ਪਿੰਡ ਵਾਲ਼ਿਆਂ ਦੱਸਿਆ ਕਿ ਸਾਡੇ ਪਿੰਡ 'ਚ ਇਹੋ ਇੱਕ ਖੂਹੀ ਹੈ ਪਰ ਕਈ ਦਿਨਾਂ ਤੋਂ ਇਹਦਾ ਪਾਣੀ ਮੁਸ਼ਕ ਗਿਆ ਹੈ।ਅਸੀਂ ਕੱਲ੍ਹ ਦੇ ਪਾਣੀ ਕੱਢ ਕੱਢ ਵਗਾਉਣ ਲੱਗੇ ਹੋਏ ਹਾਂ ਕਿ ਮੁਸ਼ਕਿਆ ਪਾਣੀ ਮੁੱਕ ਜਾਵੇਗਾ। ਪਰ ਕਈ ਘੰਟੇ ਪਾਣੀ ਕੱਢਣ ਮਗਰੋਂ ਪਾਣੀ ਚੈਂਕ ਕਰ ਕੇ ਦੇਖਦੇ ਹਾਂ ਮੁਸ਼ਕ ਖਤਮ ਹੀ ਨਹੀਂ ਹੁੰਦਾ। ਅਸੀਂ ਫੇਰ ਸਾਰੇ ਜਣੇ ਖੂਹੀ 'ਚੋਂ ਪਾਣੀ ਕੱਢਣ ਡਹਿ ਪੈਂਦੇ ਹਾਂ ਪਰ ਸਫਲਤਾ ਨਹੀਂ ਮਿਲ ਰਹੀ!



ਮੁਸਾਫਿਰ ਬੜਾ ਸੂਝਵਾਨ ਸੀ। ਕਹਿੰਦੇ ਉਸਨੇ ਪਾਣੀ ਕੱਢ ਕੱਢ ਹਫੇ ਪਏ ਪਿੰਡ ਵਾਸੀਆਂ ਨੂੰ ਰੋਕ ਦਿੱਤਾ ਅਤੇ ਕਿਹਾ ਕਿ ਮੈਂ ਗੋਤਾ-ਖੋਰੀ ਵੀ ਜਾਣਦਾ ਹਾਂ, ਇਸ ਕਰਕੇ ਮੈਨੂੰ ਰੱਸਿਆਂ ਦੀ ਮੱਦਦ ਨਾਲ ਖੂਹੀ 'ਚ ਉਤਾਰੋ। ਪਿੰਡ ਵਾਲਿਆਂ ਪਲ ਨਾ ਲਾਇਆ।

ਜਦ ਮੁਸਾਫਿਰ ਖੂਹੀ 'ਚੋਂ ਬਾਹਰ ਨਿਕਲਿਆ ਤਾਂ ਉਹਦੇ ਹੱਥ ਵਿੱਚ ਇੱਕ ਮਰੀ ਹੋਈ ਬਿੱਲੀ ਸੀ ! ਪਿੰਡ ਵਾਲਿਆਂ ਨੂੰ ਹੁਣ ਪਤਾ ਲੱਗਿਆ ਕਿ ਪਾਣੀ 'ਚੋਂ ਗੰਦਾ ਮੁਸ਼ਕ ਆਉਣੋ ਕਿਉਂ ਨਹੀਂ ਸੀ ਬੰਦ ਹੁੰਦਾ! ਇਸੇ ਤਰਾਂ ਸਿੱਖ ਜਗਤ ਦੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਖੂਹੀ, ਬੜਾ ਠੰਢਾ ਮਿੱਠਾ ਜਲ ਦੇ ਰਹੀ ਸੀ ਪਰ ਪਿਛਲੇ ਕਈ ਵਰ੍ਹਿਆਂ ਤੋਂ ਇਸਦਾ ਪਾਣੀ ਮੁਸ਼ਕ ਮਾਰਨ ਲੱਗਿਆ ਸੀ! ਕਾਫੀ ਸਮਾਂ ਤਾਂ ਇਸ ਖੂਹੀ ਦੇ 'ਮਾਲਕ' ਬਣੇ ਬੈਠੇ ਟੱਬਰ ਵਾਲ਼ੇ ਧੱਕੇ ਨਾਲ਼ ਹੀ ਮੁਸ਼ਕਿਆ ਪਾਣੀ ਪਿਲ਼ਾਈ ਗਏ, ਤੇ ਪੀਣ ਵਾਲ਼ੇ ਵੀ ਨੱਕ-ਬੁਲ੍ਹ ਵੱਟ ਕੇ ਪੀਈ ਗਏ। ਪਰ ਜਦ ਮਾਲਕਾਂ ਨੇ ਅੱਤਿ ਹੀ ਚੱਕ ਲਈ। ਖੂਹੀ ਵਿੱਚ ਬਿਅਦਬੀ-ਕਾਂਡ, ਬਹਿਬਲ ਕਲਾਂ ਤੇ ਕੋਟਕਪੂਰੇ ਦੇ ਗੋਲ਼ੀ-ਕਾਂਡ ਵੀ ਖੂਹੀ ਵਿੱਚ ਲੁਕਾਉਣੇ ਚਾਹੇ ਤਾਂ ਸਾਰੇ ਪੰਜਾਬ ਨੇ ਅਕਾਲੀ ਦਲ ਦੀ ਖੂਹੀ ਦਾ ਪਾਣੀ ਪੀਣ ਵਾਲ਼ਿਆਂ ਨੂੰ ਬੁਰੀ ਤਰਾਂ ਨਕਾਰ ਤੇ ਦੁਰਕਾਰ ਦਿੱਤਾ ।

ਤਦ ਕੁੱਝ ਅਕਾਲੀ ਕਹਾਉਂਦੇ ਸੱਜਣਾ ਨੂੰ ਹੋਸ਼ ਆਈ... ਝੁਣਝੁਣੀ ਜਿਹੀ ਲੈ ਕੇ ਉਹ ਉੱਚੀ ਅਵਾਜ਼ ਵਿੱਚ ਕਹਿਣ ਲੱਗੇ ਕਿ ਅਸੀਂ ਇਸ ਖੂਹੀ ਵਿੱਚ ਡਿੱਗੀ ਹੋਈ 'ਮਰੀਉ ਬਿੱਲੀ' ਬਾਹਰ ਕੱਢਾਂ ਗੇ,ਇਸਦਾ ਜਲ ਪਹਿਲਾਂ ਵਰਗਾ ਹੀ ਨਿਰਮਲ ਬਣਾਵਾਂ ਗੇ ! ਜਿਹੋ ਜਿਹਾ ਸਵੱਛ, ਇਹ ਖੂਹੀ ਬਣਾਉਣ ਵੇਲੇ ਸੀ! ਹੁਣ ਹਾਲਾਤ ਇਹ ਬਣੇ ਹੋਏ ਨੇ ਕਿ ਖੂਹੀ ਦਾ ਮੁਸ਼ਕਿਆ ਪਾਣੀ ਕਹਿਣ ਵਾਲੇ ਭਾਵੇਂ ਗਿਣਤੀ 'ਚ ਥੋੜ੍ਹੇ ਜਾਪਦੇ ਨੇ ਪਰ ਅੰਦਰੋ ਅੰਦਰ ਬਹੁਤ ਨੇ ਜੋ ਆਪੋ ਆਪਣੇ ਭਵਿੱਖੀ ਅਹੁਦਿਆਂ ਦੀ ਆਸ ਵਿੱਚ ਬੱਧੇ-ਰੁੱਧੇ ਗੰਦਾ ਪਾਣੀ ਪੀਂਦੇ ਤਾਂ ਰਹੇ ਹਨ ਪਰ ਹੁਣ ਉਨ੍ਹਾਂ ਨੂੰ ਵੀ ਪੰਜਾਬੀ ਵੋਟਰਾਂ ਦੀ ਜਾਗਰੂਕਤਾ ਦਾ ਡਰ ਮਾਰਨ ਲੱਗ ਪਿਆ ਹੈ। ਇਸ ਕਰਕੇ ਉਹ ਫਿਲਹਾਲ ਦੁਵੱਲੇ ਚੱਲ ਰਹੇ ਹਨ। ਖੂਹੀ ਵਿੱਚ ਗੰਦ ਘੋਲਣ ਵਾਲ਼ੇ ਮਾਲਕਾਂ ਦੀ ਪ੍ਰੈਂਸ ਕਾਨਫਰੰਸ ਵਿੱਚ ਵੀ ਰੁੱਸਿਆ-ਬੁੱਸਿਆ ਜਿਹਾ ਮੂੰਹ ਬਣਾ ਕੇ ਜਾ ਬਹਿੰਦੇ ਹਨ ਤੇ ਮੀਡ੍ਹੀਏ ਨਾਲ ਪਾਰਟੀ ਦੇ ਭਵਿੱਖ ਬਾਰੇ ਵੀ 'ਚਿੰਤਾ' ਜਾਹਰ ਕਰ ਛੱਡਦੇ ਹਨ!

ਖੂਹੀ ਦੇ ਗੰਦੇ ਮੁਸ਼ਕ ਮਾਰਦੇ ਪਾਣੀ ਨੂੰ 'ਮਾਨ-ਸਰੋਵਰ ਦੀ ਝੀਲ ਵਰਗਾ ਜਲ' ਦੱਸਣ ਵਾਲ਼ੀ ਇੱਕ ਹੋਰ 'ਨਸਲ' ਵੀ ਹੈ, ਜਿਹਦਾ ਵਿਵਹਾਰ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਕਿਤੇ ਉਹ ਚਮਚਾਗਿਰੀ ਦੇ ਨਵੇਂ ਰਿਕਾਰਡ ਬਣਾ ਰਹੇ ਹੋਣ ਜਾਂ ਖੂਹੀ ਮਾਲਕਾਂ ਦੇ ਪੁਰਾਣੇ ਚਮਚਿਆਂ ਦੀ ਥਾਂਹ, ਆਪ ਲੈਣੀ ਚਾਹੁੰਦੇ ਹੋਣ! ਇਹ ਭਦਰ ਪੁਰਸ਼ ਮੀਡ੍ਹੀਏ ਨਾਲ ਝੱਖਾਂ ਮਾਰਨ ਵੇ਼ਲੇ ਗੂੜ੍ਹੀਆਂ ਨੀਲੀਆਂ ਪੱਗਾਂ ਬੰਨ੍ਹ ਕੇ ਅਤੇ ਚੂਹੇ ਵਰਗੀਆਂ ਦੰ-ਦੀਆਂ ਕੱਢਦੇ ਬੇਹਿਆਈ ਵਾਲ਼ੀ 'ਹੀਂ...ਹੀਂ...ਹੀਂ...ਹੀਂ' ਇਉਂ ਕਰਦੇ ਹਨ ਜਿਵੇਂ ਕਿਤੇ ਖੂਹੀ ਦੇ ਗੰਦੇ ਪਾਣੀ ਵਾਲ਼ਾ ਕੋਈ ਮਸਲਾ ਹੀ ਨਾ ਹੋਵੇ !

ਦੇਸ ਵਿਦੇਸ਼ ਵੱਸਦੇ ਸਿੱਖ, ਬੜੀ ਨੀਝ ਨਾਲ ਇਸ ਘਟਨਾਕ੍ਰਮ ਵੱਲ੍ਹ ਦੇਖਣ ਦੇ ਨਾਲ ਨਾਲ 'ਸਰਬਉੱਚ ਜਥੇਦਾਰਾਂ' ਦੀ ਇੱਕ ਪਾਸੜ ਕਾਰਗੁਜਾਰੀ ਵੱਲ੍ਹ ਵੀ ਨਜਰ ਟਿਕਾਈ ਬੈਠੇ ਹਨ !

ਉਹ ਅਰਦਾਸਾਂ ਕਰ ਰਹੇ ਹਨ ਕਿ ਜਿਹੜੀ ਅਕਾਲੀ ਖੂਹੀ ਬਣਾਉਣ ਦੀ ਵਿਉਂਤਬੰਦੀ, ਸਾਡੇ ਵਡਾਰੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਇਕੱਤਰ ਹੋ ਕੇ ਕੀਤੀ ਸੀ, ਉਹਦੇ ਵਿੱਚੋਂ ਹੁਣ ਮਰੀ ਹੋਈ ਬਿੱਲੀ ਬਾਹਰ ਕੱਢਣ ਵਾਲਿਆਂ ਨੂੰ ਕਾਮਯਾਬੀ ਮਿਲ਼ੇ! ਪੰਥ ਦੀ ਇਸ ਖੂਹੀ ਰੂਪੀ ਅਮਾਨਤ ਉੱਤੇ ਸਦੀਵੀ ਤੌਰ 'ਤੇ ਖਾਨਦਾਨੀ ਕਬਜਾ ਜਮਾਈ ਰੱਖਣ ਵਾਲ਼ੇ ਹੈਂਕੜਬਾਜ ਮਾਲਕ ਲਈ ਇਹ ਸ਼ਿਅਰ ਹਾਜ਼ਰ ਹੈ-

'ਬਹਾਰਿ ਦੁਨੀਆਂ ਹੈ ਚੰਦ ਰੋਜਾ,
ਨਾ ਚਲ ਤੂ ਸਰ ਕੋ ਉਠਾ ਉਠਾ ਕਰ
ਕਜ਼ਾ ਨੇ ਐਸੇ ਹਜ਼ਾਰੋਂ ਨਕਸ਼ੇ,
ਬਿਗਾੜ ਡਾਲੇ ਬਨਾ ਬਨਾ ਕਰ !' (ਕਜ਼ਾ-ਰੱਬੀ ਹੁਕਮ)

## ਕਾਵਿ ਵਿਅੰਗ / ਭਰਦਾਨ ਦੇ ਤਰਲੇ !

ਅੱਖੀਂ ਘੱਟਾ ਪਾਉਣ ਵਾਲ਼ੀ ਨੀਤੀ ਨਹੀਂ ਚੱਲਣੀ
ਪੰਥ ਦੀ ਸਿਆਸਤ ਇਹ ਖੇਡ੍ਹ ਕੋਈ 'ਤਾਸ਼' ਨੀ।
ਜੀ-ਹਜੂਰੀਏ ਸੀ ਬਣੇ ਰਹੇ ਜਿਹੜੇ ਮਾਲਕਾਂ ਦੇ
ਲੱਗ ਪਏ ਕਹਿਣ ਕਈ ਅਸੀਂ ਤੇਰੇ ਦਾਸ ਨੀ।
ਚਮਚੇ-ਕੜਛੀਆਂ ਹੀ ਨਾਲ਼ ਰਹਿਣੇ ਜਾਪਦੇ ਐ
ਬਹੁਤਿਆਂ ਨੇ ਚੱਖ ਲਈ ਬਗਾਵਤਾਂ ਦੀ ਚਾਸ਼ਨੀ।
ਦੁਖੀ ਹੋਇਆ ਸਿੱਖ ਦੇਖੇ ਦੇਸ਼ ਤੇ ਵਿਦੇਸ਼ ਵਾਲ਼ਾ
'ਗੱਪੀ' ਖੌਰੇ ਸਮਝੇ ਇਹ ਗੱਲ ਕੋਈ ਖਾਸ ਨੀ।
ਜਾਵੇ ਨਾ ਟੱਬਰ ਵਿੱਚੋਂ ਅਹੁਦਾ ਪ੍ਰਧਾਨਗੀ ਦਾ
ਕਬਜਾ ਸਦੀਵੀ ਜਾਪੇ ਆਉਣਾ ਹੁਣ ਰਾਸ ਨੀ।
ਵਿਰਸਾ-ਰਵਾਇਤਾਂ ਸਾਰੇ ਰੋਲ਼ ਦਿੱਤੇ ਜਿਹਨੇ ਯਾਰੋ
ਬਣਾ 'ਤੀ 'ਭਰਦਾਨ' ਨੇ ਕਮੇਟੀ ਅਨੁਸ਼ਾਸਨੀ !

-ਤਰਲੋਚਨ ਸਿੰਘ ਦੁਪਾਲ ਪੁਰ
001-408-915-1268

# ਸੱਭਿਆਚਾਰ ਦਾ ਅਨਿੱਖੜਵਾਂ ਅੰਗ ਨੇ ਪੰਜਾਬ ਦੇ ਲੋਕ ਗੀਤ



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਪੈਗੰਬਰਾਂ, ਭਗਤਾਂ,ਮਹਾਨ ਕਵੀਆਂ ਅਤੇ ਅਮੀਰ ਵਿਰਸੇ ਨਾਲ ਵਰੋਸਾਈ ਧਰਤੀ ਹੈ। ਸਾਡੀ ਇਸ ਪੰਜਾਬ ਦੀ ਧਰਤੀ ਨੂੰ ਕੁਦਰਤ ਦੀ ਦੇਣ ਵੱਖ ਵੱਖ ਰੁੱਤਾਂ ਅਤੇ ਮੌਸਮ ਹਨ।ਪੰਜਾਬੀ ਮਾਂ ਬੋਲੀ ਦਾ ਦੁਨੀਆਂ ਦੀਆਂ ਬੋਲੀਆਂ ਵਿੱਚ ਵਿਲੱਖਣ ਅਤੇ ਅਹਿਮ ਸਥਾਨ ਹੈ।ਸਾਡਾ ਅਮੀਰ ਸੱਭਿਆਚਾਰਕ ਵਿਰਸਾ ਅਤੇ ਲੋਕ ਗੀਤ ਦੁਨੀਆਂ ਵਿੱਚ ਆਪਣੀ ਵੱਖਰੀ ਟੌਰ ਰੱਖਦੇ ਹਨ। ਸਾਡੇ ਸੱਭਿਆਚਾਰ ਦੀ ਹਰ ਵੰਨਗੀ, ਰੁੱਤ, ਮੌਸਮ, ਰੁੱਤਾਂ, ਤਿਉਹਾਰਾਂ, ਪੰਜਾਬ ਦੀ ਸਮਾਜਿਕ, ਰਾਜਨੀਤਕ, ਧਾਰਮਿਕ ਸਥਿਤੀ, ਰਿਸ਼ਤੇ-ਨਾਤੇ,ਖੁਸ਼ੀ, ਗਮੀ ਆਦਿ ਨੂੰ ਦਰਸਾਉਂਦੇ ਲੇਖ, ਕਵਿਤਾਵਾਂ, ਗੀਤ, ਨਾਟਕ ਆਦਿ ਸਾਡੇ ਸਾਹਿਤਕਾਰਾਂ ਰਚੇ ਹਨ। ਅੱਜ ਇੱਥੇ ਸਿਰਫ ਪੰਜਾਬੀ ਮਾਂ ਬੋਲੀ ਦੀ ਆਣ, ਬਾਣ ਅਤੇ ਸ਼ਾਨ ਨੂੰ ਬਰਕਰਾਰ ਰੱਖਦੇ ਅਤੇ ਪੰਜਾਬੀ ਵਿਰਸੇ ਦੀ ਅਮੀਰੀ ਦਰਸਾਉਂਦੇ ਲੋਕ ਗੀਤਾਂ ਦਾ ਜ਼ਿਕਰ ਕਰਾਂਗੇ।

ਪੰਜਾਬ ਵਿੱਚ ਜੰਮਣ ਤੋਂ ਲੈਕੇ ਮਰਣ ਤਕ ਦੀਆਂ ਸਾਰੀਆਂ ਪਰੰਪਰਾਵਾਂ/ਕ੍ਰਿਆਵਾਂ ਗੀਤ ਸੰਗੀਤ ਨਾਲ ਹੀ ਨਿਭਾਈਆਂ ਜਾਂਦੀਆਂ ਹਨ। ਲੋਕ ਗੀਤਾਂ ਦੀ ਰਚਨਾ ਕਿਸੇ ਵਿਸ਼ੇਸ਼ ਨੇ ਨਹੀਂ ਕੀਤੀ, ਇਹ ਤਾਂ ਆਮ ਸਾਧਾਰਨ ਲੋਕਾਂ ਦੇ ਦਿਲਾਂ ਦੀਆਂ ਭਾਵਨਾਵਾਂ ਗੀਤਾਂ ਦੇ ਰੂਪ ਵਿੱਚ ਫੁੱਟ ਕੇ ਨਿਕਲੇ ਹਨ। ਲੋਕ ਗੀਤਾਂ ਵਿੱਚ ਲੇਖਕਾਂ ਦੀ ਸਾਦਗੀ, ਸਰਲਤਾ, ਅਲਬੇਲਾਪਣ ਅਤੇ ਗੂੜ੍ਹੀ ਸਾਂਝ ਛੁਪੀ ਹੁੰਦੀ ਹੈ। ਲੋਕ ਗੀਤ ਮਨੁੱਖੀ ਮਨ ਚੋਂ ਉੱਠਣ ਵਾਲੀਆਂ ਸੱਧਰਾਂ, ਤਾਂਘਾਂ, ਉਬਾਲਾਂ, ਪਿਆਰ ਦਾ ਇਜਹਾਰ, ਹੌਕੇ-ਹਾਵੇ ਦਾ ਆਪ ਮੁਹਾਰਾ ਪ੍ਰਗਟਾਅ ਹੁੰਦੇ ਹਨ। ਪੰਜਾਬੀ ਲੋਕ ਗੀਤ ਇਸ ਦ੍ਰਿਸ਼ਟੀ ਤੋਂ ਵਧੇਰੇ ਭਾਵਪੂਰਨ ਹਨ,ਕਿਉਂਕਿ ਪੰਜਾਬੀਆਂ ਦਾ ਜੀਵਨ ਵਧੇਰੇ ਕਠਿਨਾਈਆਂ ਭਰਪੂਰ, ਘੋਲਾਂ, ਸੰਗਰਾਮਾਂ, ਪਿਆਰ ਅਤੇ ਕੁਰਬਾਨੀਆਂ ਦਾ ਜੀਵਨ ਹੈ।

ਲੋਕ ਗੀਤਾਂ ਦੇ ਅਨੇਕਾਂ ਰੂਪ ਹਨ;ਜਿਵੇਂ ਖੁਸ਼ੀ ਗਮੀ ਦੇ ਗੀਤ, ਝੂਮਰ, ਢੋਲਾ, ਟੱਪੇ, ਮਾਹੀਆ, ਬੋਲੀਆਂ ਆਦਿ।ਜੀਵਨ ਦੀ ਹਰ ਰਸਮ, ਹਰ ਰੀਤ ,ਹਰ ਰਿਵਾਜ਼ ਗੀਤਾਂ ਦੀ ਕੋਮਲ ਅਤੇ ਮਿੱਠੀ ਧੁਨ ਦੁਆਲੇ ਕੇਂਦਰਿਤ ਹੈ। ਆਉ ਲੋਕ ਗੀਤਾਂ ਦੀਆਂ ਵੱਖੋ ਵੱਖ ਵੰਨਗੀਆਂ ਤੇ ਸੰਖੇਪ ਝਾਤ ਮਾਰੀਏ।

ਬਚਪਨ ਦੇ ਗੀਤ-

ਜਦੋਂ ਘਰ ਵਿੱਚ ਬੱਚਾ ਜੰਮਦਾ ਹੈ ਤਾਂ ਪਰਿਵਾਰਾਂ ਦੇ ਜੀਆਂ ਦੇ ਮਨਾਂ ਚ ਖੁਸ਼ੀ ਹੋਣਾ ਲਾਜਮੀ ਹੈ।ਬੱਚੇ ਦੀ ਮਾਂ, ਭੂਆ, ਦਾਦੀ , ਨਾਨੀ, ਚਾਚੀ, ਤਾਈ, ਮਾਸੀਆਂ ਉਸਨੂੰ ਲੋਰੀਆਂ ਦਿੰਦੀਆਂ ਨਹੀਂ ਥਕਦੀਆਂ।

ਮਾਂ ਆਪਣੇ ਦਿਲ ਦੇ ਟੁਕੜੇ ਨੂੰ ਲੋਰੀਆਂ ਦਿੰਦੀ ਹੈ ਅਤੇ ਸੁਰ ਅਤੇ ਲੈਅ ਵਿਚ ਗਾਉਂਦੀ ਹੈ:-

"ਲੋਰੀ ਲੱਕੜੇ, ਊਂ ਊਂ
ਤੇਰੀ ਮਾਂ ਸਦੱਕੜੇ, ਊਂ ਊਂ"

ਨਾਨਕੇ ਘਰ ਮਾਸੀ ਪਿੱਠ ਥਾਪੜਦੀ ਗਾਉਂਦੀ ਹੈ:-

"ਸੌਂ ਜਾ ਕਾਕਾ ਤੂੰ, ਤੇਰੇ ਬੋਦੇ ਵੜ ਗਈ ਜੂੰ।
ਕੱਢਣ ਵਾਲੀਆਂ ਮਾਸੀਆਂ, ਕਢਾਉਣ ਵਾਲਾ ਤੂੰ।"

ਦਾਦਕੇ ਘਰ ਜੰਮੇ ਬੱਚੇ ਨੂੰ ਚਾਅ ਨਾਲ ਖੀਵੀ ਹੋਈ ਭੂਆ ਲੋਰੀਆਂ ਦਿੰਦੀ ਹੈ:-

"ਕਾਕੜੀਆਂ, ਬਲਾਕੜੀਆਂ, ਟਾਹਲੀਆਂ ਤੇਰੇ ਬੱਚੇ,
ਨਾਨਾ ਤੇਰਾ ਢੋਲ ਵਜਾਵੇ, ਨਾਨੀ ਤੇਰੀ ਨੱਚੇ"

ਕਿੱਕਲੀ ਪਾਉਂਦੀਆਂ ਕੁੜੀਆਂ ਆਪਣੇ ਵੀਰ ਪ੍ਰਤੀ ਪਿਆਰ ਦਾ ਇਜ਼ਹਾਰ ਕਰਦੀਆਂ ਝੂਮਦੀਆਂ ਤੇ ਗਾਉਂਦੀਆਂ ਹਨ:-

"ਕਿੱਕਲੀ ਕਲੀਰ ਦੀ ,ਪੱਗ ਮੇਰੇ ਵੀਰ ਦੀ।
ਦੁਪੱਟਾ ਮੇਰੇ ਭਾਈ ਦਾ,ਫਿੱਟੇ ਮੂੰਹ ਜਵਾਈ ਦਾ।"

ਵਿਆਹ ਸਮੇਂ ਦੇ ਗੀਤ:-

ਵਿਆਹ ਸਮੇਂ ਦੀ ਖੁਸ਼ੀ ਦਾ ਮਾਹੌਲ ਚਾਵਾਂ ਮਲ੍ਹਾਰਾਂ ਵਾਲਾ ਹੁੰਦਾ ਹੈ।ਇਸ ਵੇਲੇ ਗੀਤਾਂ ਦਾ ਜਿਵੇਂ ਹੜ੍ਹ ਆ ਜਾਂਦਾ ਹੈ।ਵਿਆਹ ਤੋਂ ਕੁੱਝ ਕੁ ਦਿਨ ਪਹਿਲਾਂ ਘਰ ਵਿੱਚ ਗਾਉਣ ਬਿਠਾਇਆ ਜਾਂਦਾ ਹੈ।ਮੁੰਡੇ ਵਾਲੇ ਘਰ ਘੋੜੀਆਂ ਗਾਈਆਂ ਜਾਂ-ਦੀਆਂ ਹਨ ਅਤੇ ਕੁੜੀ ਵਾਲੇ ਘਰ ਸੁਹਾਗ।ਸਾਡੇ ਸੱਭਿਆਚਾਰਕ ਵਿਰਾਸਤ ਚ ਸੁਹਾਗ ਸੰਬੰਧੀ ਲੋਕ ਗੀਤ :-

"ਬਾਬਲ ਨੂੰ ਆਖ ਰਹੀ,
ਮੇਰਾ ਅੱਸੂ ਦਾ ਕਾਜ ਰਚਾਵੀਂ।
ਤੇਰਾ ਅੰਨ ਨਾ ਤਰੱਕੇ ਕੋਠੜੀ,
ਤੇਰਾ ਦਹੀਂ ਨਾ ਉਬਾਲਿਆ ਜਾਏ।"

2।"ਦੇਵੀਂ ਵੇ ਬਾਬਲ
ਓਸ ਘਰੇ,
ਜਿੱਥੇ ਸੱਸ ਭਲੀ
ਪਰਧਾਨ
ਸਹੁਰਾ ਸਰਦਾਰ
ਹੋਵੇ।"

3।"ਮਾਏ ਨੀ ਸੁਣ
ਮੇਰੀਏ ਵਾਰੀ,
ਮੇਰੇ ਬਾਬਲ ਨੂੰ
ਸਮਝਾ।
ਸਾਡੇ ਤਾਂ ਹਾਣਦੀਆਂ
ਸਹੁਰੇ ਵਾਰੀ,
ਸਾਡੜੇ ਮਨ ਵਿੱਚ
ਚਾਅ"

ਮੁੰਡੇ ਘਰ ਵਿੱਚ ਵੀ ਇਸ ਖੁਸ਼ੀਆਂ ਖੇੜ੍ਹੇ ਭਰੇ ਮਾਹੌਲ ਵਿੱਚ ਘੋੜੀਆਂ,ਗੀਤ ਗਾਏ ਜਾਂਦੇ ਹਨ।ਇਸ ਵਿੱਚ ਮੁੰਡੇ ਦੀ ਮਾਂ, ਭੈਣ, ਭਰਜਾਈ, ਚਾਚੀਆਂ, ਤਾਈਆਂ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਇਸਤਰੀਆਂ ਮੁੰਡੇ ਦੇ ਖਾਨਦਾਨ ਦੀ ਵਡਿਆਈ ਅਤੇ ਵਿਆਹ ਦੀ ਖੁਸ਼ੀ ਦਾ ਇਜ਼ਹਾਰ ਕਰਦੀਆਂ ਹਨ।ਲੋਕ ਗੀਤਾਂ ਵਿੱਚ ਦੁਹਰਾ,ਪ੍ਰਾਕ੍ਰਿਤਿਕ,ਛੋਹਾਂ, ਲੋਅ ਅਤੇ ਬੋਲਾਂ ਵਿੱਚ ਰਵਾਨਗੀ ਹੁੰਦੀ ਹੈ:-

"ਹਰਿਆ ਨੀ ਮਾਏ, ਹਰਿਆ ਨੀ ਭੈਣੇ।
ਹਰਿਆ ਤੇ ਭਾਗੀਂ ਭਰਿਆ ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ।
ਸੋਈਓ ਦਿਹਾੜਾ ਭਾਗੀਂ ਭਰਿਆ।"

"ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,
ਚਾਂਦੀ ਦੇ ਪੈਂਖੜ ਪਾਏ ਰਾਮਾ।
ਬਾਬਾ ਵਿਆਉਣ ਪੋਤੇ ਨੂੰ ਚੱਲਿਆ,
ਲੱਠੇ ਨੇ ਖੜ ਖੜ ਲਾਈ ਰਾਮਾ।"

ਸਾਡੇ ਸੱਭਿਆਚਾਰ ਚ ਵੱਟਣਾ ਮਲਣਾ ਵਿਆਹ ਵੇਲੇ

(ਬਾਕੀ ਸਫਾ 31 'ਤੇ)

# ਨਵੀਂ ਸਰਕਾਰ ਦੇ ਸਿੱਖਿਆ ਸੁਧਾਰ ਲਈ ਦਰਜਾ ਚਾਰ ਕਰਮਚਾਰੀਆਂ ਦੀ ਭਰਤੀ ਦਾ ਮੁੱਦਾ



ਮੇਜਰ ਸਿੰਘ ਨਾਭਾ
91-94635-53962

ਹਰੇਕ ਸਾਲ ਛੁੱਟੀਆਂ ਤੋਂ ਬਾਅਦ ਸਕੂਲ਼ ਖੁਲ੍ਹਣ ਨਾਲ ਹੀ ਜਿਨ੍ਹਾਂ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ ਕਿਉਂ ਕਿ ਘਾਹ ਆਦਿ ਦਾ ਵੱਧ ਜਾਣਾ, ਆਲੇ ਦੁਆਲੇ ਦਰੱਖਤਾਂ ਦੇ ਪਤੇ ਆਦਿ, ਮੀਂਹਾਂ ,ਹਨੇਰ੍ਹੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ, ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ ਇਹ ਜਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ।ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ ਤੇ ਨਿਯੁਕਤ ਹੋ ਜਾਂਦੇ ਹਨ।ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ।

ਹੁਣ ਤੱਕ ਸਕੂਲਾਂ 'ਚ ਦਰਜਾ ਚਾਰ ਕਰਮਚਾਰੀਆਂ ਦੀਆਂ ਡਿਊਟੀਆਂ ਨੂੰ ਸਿੱਖਿਆ ਵਿਭਾਗ ਅੱਖੋਂ ਪਰੋਖੇ ਕਿਉਂ ਕਰਦਾ ਆ ਰਿਹਾ ਹੈ ਜਦੋਂ ਕਿ ਮਹਿਕਮੇ 'ਚ ਸਿੱਖਿਆ ਸੁਧਾਰਾਂ ਦੇ ਨਾਂ ਤੇ ਬਹੁਤ ਕੁਝ ਨਵਾਂ ਕੀਤਾ ਜਾ ਰਿਹਾ ਹੈ। ਹੁਣ ਨਵੀਂ ਸਰਕਾਰ ਦਾ ਮੁੱਖ ਫੋਕਸ ਸਿੱਖਿਆ ਅਤੇ ਸਿਹਤ ਉੱਪਰ ਹੈ ਜਿਵੇਂ ਕਿ ਨਵੀਂ ਦਿੱਲੀ ਵਿੱਚ ਇਹ ਮੁੱਦਿਆਂ ਨੂੰ ਉਭਾਰਿਆ ਗਿਆ ਹੈ, ਆਸ ਸੀ ਨਵੀਂ ਤਬਦੀਲੀ ਜਲਦੀ ਸਾਹਮਣੇ ਆਵੇਗੀ ਪਰ ਅਜੇ ਤੱਕ ਤਾਂ ਇਸ ਸਬੰਧੀ ਨਵੀਂ ਸਰਕਾਰ ਦਾ ਕੋਈ ਬਿਆਨ ਨਹੀਂ ਆਇਆ ਜੋ ਕਿ ਕਹਿਣੀ ਅਤੇ ਕਰਨੀ ਦੇ ਕਥਨ ਨੂੰ ਝੂਠਲਾਉਂਦਾ ਹੀ ਨਜ਼ਰ ਆਉਂਦਾ ਹੈ।

ਪੰਜਾਬ ਦੇ ਸਕੂਲਾਂ ਅੰਦਰ ਲੰਬੇ ਸਮੇਂ ਤੋਂ ਦਰਜਾ-ਚਾਰ ਕਰਮਚਾਰੀਆਂ ਦੀਆਂ ਪੋਸਟਾਂ ਹੀ ਨਹੀਂ ਭਰੀਆਂ ਗਈਆਂ।ਅਧਿਆਪਕਾਂ ਨੂੰ ਆਪ ਹੀ ਕਈ ਸਕੂ਼ਲਾਂ 'ਚ ਤਾਂ ਸਾਰਾ ਕੁਝ ਹੀ ਕਰਨਾ ਪੈਂਦਾ ਹੈ।ਬਹੁਤੇ ਸਕੂਲਾਂ 'ਚ ਸਕੂਲ ਮੁੱਖੀਆਂ ਵਲੋਂ ਕਿਵੇਂ ਨਾ ਕਿਵੇਂ ਸਟਾਫ, ਮਨੇਜਮੈਂਟ ਕਮੇਟੀ ਜਾਂ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਪੈਸੇ ਦਾ ਪ੍ਰਬੰਧ ਕਰਕੇ ਆਰਜ਼ੀ ਤੌਰ ਤੇ ਦਰਜਾ ਚਾਰ ਦੇ ਕੰਮ ਲਈ ਬੰਦਾ ਰੱਖ ਲਿਆ ਜਾਂਦਾ



ਹੈ,ਉਹ ਕਈ ਤਰ੍ਹਾਂ ਦੀਆਂ ਡਿਊਟੀਆਂ,ਜਿਵੇਂ ਮਾਲੀ ਦਾ ਕੰਮ, ਘੰਟੀ ਵਜਾਉਣਾ, ਦਫਤਰੀ ਕੰਮ ਕਰਨੇ, ਚੌਕੀਦਾਰੀ ਕਰਨੀ ਆਦਿ ਕੰਮ ਉਸ ਤੋਂ ਲਏ ਜਾਂਦੇ ਹਨ।ਉਸ ਦੀ ਤਨਖਾਹ ਬਾਰੇ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ ਕਿ ਕਿੰਨੀ ਕੁ ਹੋਵੇਗੀ। ਇਹ ਕੋਈ ਜਿਆਦਾ ਨਹੀਂ ਹੁੰਦੀ ਜੋ ਉਸ ਦੇ ਘਰ ਦੇ ਖਰਚਿਆਂ ਲਈ ਕਾਫੀ ਹੋਵੇਗੀ। ਇਸ ਲਈ ਉਸ ਨੂੰ ਹੋਰ ਕੰਮ ਵੀ ਕਰਨੇ ਪੈ ਸਕਦੇ ਹਨ,ਉਸ ਦਾ ਦਿਮਾਗ ਭਟਕਨਾ 'ਚ ਜਰੂਰ ਰਹੇਗਾ। ਇਨ੍ਹਾਂ ਬੰਦਿਆਂ ਦੀ ਜ਼ਿੰਮੇਵਾਰੀ ਕਿੰਨੀ ਕੁ ਨਿਸਚਤ ਕੀਤੀ ਜਾ ਸਕਦੀ ਹੈ, ਇਹ ਵੀ ਸਵਾਲੀਆ ਚਿੰਨ੍ਹ ਹੀ ਹੈ। ਸਕੂਲਾਂ 'ਚ ਚੋਰੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਇਨ੍ਹਾਂ ਨੂੰ ਰੋਕਣ ਲਈ ਰੈਗੂਲਰ ਚੌਕੀਦਾਰ ਦਾ ਹੋਣਾ ਜਰੂਰੀ ਹੈ।

ਸਮਾਰਟ ਸਕੂਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਮੇਨਟੀਨੇਂਸ ਰੱਖਣ ਲਈ ਦਰਜਾ-ਚਾਰ ਕਰਮਚਾਰੀਆਂ ਦਾ ਹੋਣਾ ਬਹੁਤ ਜਰੂਰੀ ਹੈ ਪਰ ਬਹੁਤ ਘੱਟ ਸਕੂਲਾਂ 'ਚ ਚੌਕੀਦਾਰ, ਮਾਲੀ, ਚਪੜਾਸੀ ਆਦਿ ਪੂਰੇ ਤਾਂ ਸਾਇਦ ਨਾ ਹੀ ਮਿਲਣ, ਟਾਵੀਂ ਟਾਵੀਂ ਪੋਸਟ ਭਾਵੇਂ ਭਰੀ ਮਿਲ ਜਾਵੇ।ਸਕੂਲ ਮੁੱਖੀ ਸਾਰੇ ਸਕੂਲ ਦੀ ਸਾਂਭ ਸੰਭਾਲ , ਬਿਨ੍ਹਾਂ ਚੌਥਾ ਦਰਜਾ ਕਰਮਚਾਰੀਆਂ ਦੇ, ਕਰਕੇ ਸਮਾਰਟ ਸਕੂਲ ਦੇ ਠੱਪੇ ਨੂੰ ਕਿਵੇਂ, ਕਿੰਨਾ ਕੁ ਚਿਰ ਬਰਕਰਾਰ ਰੱਖ ਸਕੇਗਾ? ਇਹ ਅੰਦਾਜ਼ਾ ਤੁਸੀਂ ਆਪ ਹੀ ਲਾ ਸਕਦੇ ਹੋ। ਸਕੂਲਾਂ ਦੀ ਬਾਹਰਲੀ ਪੋਚਾ ਪੋਚੀ ਕਰਕੇ ਬਣਾਏ ਬਹੁਤੇ ਸਕੂਲਾਂ ਦੀ ਅੰਦਰਲੀ ਸਥਿਤੀ ਮਾੜੀ ਹੋਣ ਦੇ ਆਮ ਆਦਮੀ ਪਾਰਟੀ ਨੇ ਦੋਸ਼ ਲਗਾਏ ਸਨ ਜਦੋਂ ਕਿ ਕਾਗਜ਼ੀ ਅੰਕੜਿਆਂ ਮੁਤਾਬਕ ਉਸ ਸਮੇਂ ਦੀ ਪੰਜਾਬ ਸਰਕਾਰ ਨੇ ਰਾਜ ਵਲੋਂ ਵਧੀਆ ਸਿੱਖਿਆ ਦੇਣ ਲਈ ਪ੍ਰਧਾਨ ਮੰਤਰੀ ਪਾਸੋਂ ਅਵਾਰਡ ਪ੍ਰਾਪਤ ਕੀਤਾ ਸੀ, ਇਸ ਦਾ ਅਧਿਆਪਕ ਜਥੇਬੰਦੀਆਂ ਵਲੋਂ ਵੀ ਫਰਜ਼ੀ ਅੰਕੜਿਆਂ ਕਰਕੇ ਨਿੰਦਾ ਕੀਤੀ ਗਈ ਸੀ। ਹੁਣ ਪੰਜਾਬ 'ਚ 'ਆਪ' ਦੀ ਸਰਕਾਰ ਲਈ ਉਹੀ ਮੁੱਦੇ ਸਾਹਮਣੇ ਖੜ੍ਹੇ ਹਨ। ਸਕੂਲਾਂ 'ਚ ਹੋ ਰਹੀਆਂ ਸਾਰੀਆਂ ਐਕਟੀਵਿਟੀਜ਼ ਨੂੰ ਮੁੜ ਵਿਚਾਰ ਕੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਦੀ ਪਹਿਲਕਦਮੀ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਅਧਿਆਪਕਾਂ ਨੂੰ ਦਿੱਲੀ ਦੇ ਸਕੂਲਾਂ ਦੀ ਯਾਤਰਾ ਕਰਾਉਣ ਨਾਲ ਕੁਝ ਨਹੀਂ ਸੰਵਰੇਗਾ ਜੇ ਕਰ ਸਰਕਾਰ ਖਾਲੀ ਆਸਾਮੀਆਂ ਭਰਨ ਲਈ ਪਹਿਲ ਕਦਮੀ ਨਹੀਂ ਕਰਦੀ।

ਇਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ ਵੱਡੀਆਂ ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ ਪਰ ਹੇਠਲੇ ਪੱਧਰ ਤੇ ਨੀਂਹ ਨੂੰ ਮਜਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਣਾਉਂਦੀ ਨਜ਼ਰ ਆਵੇ । ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਹੈ। ਸੋ ਸਾਰੇ ਸਕੂਲਾਂ ਦੀ ਸਾਂਭ ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ ਦੀਆਂ ਸਕੂ਼ਲਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ , ਬਾਕੀ ਖਾਲੀ ਪੋਸਟਾਂ ਵੀ ਭਰ ਕੇ ਨਵਾਂ ਬਦਲਾਅ ਲੋਕਾਂ ਸਾਹਮਣੇ ਪੇਸ਼ ਕਰੇ ਤਾਂ ਹੀ ਸਕੂਲਾਂ ਤੇ ਲੱਖਾਂ ਰੁਪਏ ਦੀਆਂ ਲਗਾਈਆਂ ਗ੍ਰਾਂਟਾਂ ਦੀ ਕੀਤੀ ਵਰਤੋਂ ਨਾਲ ਕੀਤੇ ਕੰਮਾਂ ਨੂੰ ਠੀਕ ਢੰਗ ਨਾਲ ਬਰਕਰਾਰ ਰੱਖਿਆ ਜਾ ਸਕੇਗਾ ਅਤੇ ਅਧਿਆਪਕਾਂ ਦਾ ਮਨ ਵੀ ਇਕਾਗਰਚਿੱਤ ਹੋ ਕੇ ਬੱਚਿਆਂ ਨੂੰ ਪੜ੍ਹਾਉਣ ਲਈ ਬੇਹਤਰ ਯਤਨ ਕਰੇਗਾ। ਸਕੂਲਾਂ ਦੇ ਸੁਧਾਰ ਲਈ ਯਤਨਾਂ ਨੂੰ ਪਹਿਲ ਦੇ ਆਧਾਰ ਤੇ ਆਰੰਭਣਾ ਚਾਹੀਦਾ ਹੈ। ਜਿਸ ਨਾਲ ਸਰਕਾਰ ਦਾ ਵਾਅਦਾ ਵੀ ਪੂਰਾ ਹੋਵੇਗਾ।

## (ਵਿਰਸੇ ਦੀਆਂ ਬਾਤਾਂ)

# ..ਤੇ ਬੋਤਾ ਕੜਾਹੇ 'ਚ ਜਾ ਪਿਆ !



ਗੁਰਲਾਲ ਸਿੰਘ ਬਰਾੜ
91-94635-18172

ਪੜਦਾਦਿਆਂ ਵੇ਼ਲੇ ਦੀ ਗੱਲ ਐ। ਸਾਡੇ ਪੜਦਾਦੇ ਹੁਣੀ ਸੱਤ ਭਰਾ ਸਨ। ਸਾਰੇ ਹੀ ਚੰਗੇ ਕੱਦ-ਕਾਠ ਅਤੇ ਨਰੋਏ ਜੁੱਸੇ ਵਾ਼ਲੇ। ਉਦੋਂ ਜੁੱਸੇ ਦਾ ਜੋਰ ਹੀ ਸਭ ਕੁਝ ਹੁੰਦਾ ਸੀ । ਰੱਜ-ਰੱਜ ਘਿਓ ਖਾਣਾ ਤੇ ਭੱਜ-ਭੱਜ ਕੰਮ ਕਰਨਾ ਉਨ੍ਹਾਂ ਵੇ਼ਲਿਆਂ ਦੇ ਸ਼ੌਕ ਸਨ। ਕੜਾਹੇ ਵਾ਼ਲੀ ਗੱਲ ਤੋਂ ਪਹਿਲਾਂ ਇੱਕ ਹੋਰ ਗੱਲ ਸੁਣੋ...

ਦਿਨ ਢ਼ਲਦਿਆਂ ਪਿੰਡ ਵਿੱਚ ਵਪਾਰੀ ਆ ਉੱਤਰੇ ਤੇ ਉਨ੍ਹਾਂ ਨੇ ਪਿੰਡ ਦੇ ਵਿਚਕਾਰ ਖੂਹ ਕੋ਼ਲ ਆਪਣਾ ਡੇਰਾ ਲਾ ਲਿਆ। ਖੂਹ ਕੋ਼ਲ ਦੋ-ਤਿੰਨ ਵੱਡੇ ਬੋਹੜ ਸਨ ਤੇ ਪਿੰਡ ਦੀ ਪਰ੍ਹਾ ਉੱਥੇ ਹੀ ਜੁੜਦੀ ਸੀ । ਵਪਾਰੀਆਂ ਕੋ਼ਲ ਖੰਡ ਦੇ ਵੱਡੇ-ਵੱਡੇ ਬੋਰੇ ਸਨ ਜੋ ਉਹ ਊਠਾਂ ਉੱਤੇ ਲੱਦ ਕੇ ਲਿਆਏ ਸਨ ।ਉਹਨੀਂ ਦਿਨੀਂ ਆਮ ਲੋਕ ਤਾਂ ਬਹੁਤਾਤ ਗੁੜ ਈ ਵਰਤਦੇ ਸਨ। ਵਪਾਰੀ ਖੰਡ ਨੂੰ ਸ਼ਾਇਦ ਕਿਸੇ ਸ਼ਹਿਰ ਜਾਂ ਮੰਡੀ ਵੇਚਣ ਚੱਲੇ ਹੋਣਗੇ। ਖਾਉ-ਪੀਏ ਵੇ਼ਲੇ ਜਦੋਂ ਲੋਕ ਸੱਥ 'ਚੋਂ ਘਰਾਂ ਨੂੰ ਜਾਣ ਲੱਗੇ ਤਾਂ ਇੱਕ ਬਜ਼ੁਰਗ ਨੇ ਵਪਾਰੀਆਂ ਨੂੰ ਕਿਹਾ, "ਸ਼ੇਰੋ ! ਆਵਦੇ ਸਮਾਨ ਦੀ ਨਿਗਰਾਨੀ ਰੱਖਿਓ ਭਾਈ, ਐਵੇਂ ਚੋਰੀ-ਚਕਾਰੀ ਹੋ 'ਜੇ ਤਾਂ ਪਿੰਡ ਦੀ ਹੱਤਕ ਹੁੰਦੀ ਐ, ਨਾ਼ਲੇ ਥੋਡਾ ਨਸ਼ਕਾਨ (ਨੁਕਸਾਨ) ਹੋਊ।" ਬਾਬੇ ਦੀ ਗੱਲ ਸੁਣ ਕੇ ਵਪਾਰੀਆਂ 'ਚੋਂ ਇੱਕ ਬੋਲਿਆ, "ਬਾਬਾ ! ਕੁਆਂਟਲ-ਕੁਆਂਟਲ ਦੇ ਬੋਰੇ ਐ, ਇਹਨਾਂ ਨੂੰ ਭ਼ਲਾਂ ਕੌਣ ਲੈ 'ਜੂ ਚੱਕ ਕੇ?" "ਚੰਗਾ ਭਾਈ, ਥੋਡੀ ਮਰਜੀ ਪਰ ਪਤਾ ਕੋਈ ਨੀ ਹੁੰਦਾ।" ਬਾਬੇ ਨੇ ਗੱਲ ਨਬੇੜੀ ਤੇ ਸਾਰੇ ਆਪੋ-ਆਪਣੇ ਘਰਾਂ ਨੂੰ ਤੁਰ ਗਏ।

ਦਿਨ ਚੜ੍ਹਿਆ ਤਾਂ ਵਪਾਰੀ ਡੇਰੇ ਦੇ ਦੁਆ਼ਲੇ ਗੇੜੇ ਜੇ੍ਹ ਕੱਢਦੇ ਫਿਰਨ। ਲੋਕਾਂ ਪੁੱਛਿਆ ਤਾਂ ਇੱਕ ਕਹਿਣ ਲੱਗਾ, ਬਾਈ ਸਿੰਹਾਂ! ਖੰਡ ਦਾ ਬੋਰਾ ਚੋਰੀ ਹੋ ਗਿਆ ਰਾਤ ਇੱਕ..." "ਫੇਰ... ਪੈੜ-ਪੂੜ ਨੱਪੀ ਕੋਈ?" ਇੱਕ ਪੇਂਡੂ ਨੇ ਸਹਿਵਨ ਹੀ ਪੁੱਛ ਲਿਆ। ਵਪਾਰੀ ਨੇ ਹੈਰਾਨ ਹੋ ਕੇ ਕਥਾ ਸੁਣਾਈ, " ਬਾਈ, ਪੈੜ ਤਾਂ ਯਰ ਇੱਕੋ ਬੰਦੇ ਦੀ ਐ ਪਰ ਸਾਨੂੰ ਸ਼ੱਕ ਐ ...ਬਈ ਬੰਦੇ ਦੋ-ਤਿੰਨ ਹੋਣਗੇ। ਲੱਗਦੈ... ਬੋਰੇ ਨੂੰ ਊਠ 'ਤੇ ਲੱਦ ਕੇ ਲੱਗਏ ਐ ਪਰ ਆਹ 'ਕੱਲੇ ਈਡਰ (ਊਠ ਦੇ ਢਿੱਡ ਹੇਠ ਕਰੜੇ ਮਾਸ ਦੀ, ਰੋਟੀ ਵੇਲਣ ਵਾ਼ਲੇ ਚਕ਼ਲੇ ਦੇ ਅਕਾਰ ਦੀ ਇੱਕ ਗੰਢ ਜਿਹੀ, ਜਿਸ ਨੂੰ ਹੁੱਡੀ ਵੀ ਕਹਿੰਦੇ ਹਨ) ਦਾ ਨਿਸ਼ਾਨ ਈ ਐਂ... ਹੋਰ ਊਠ ਦੇ ਬੈਠਣ ਜਾਂ ਪੈੜਾਂ ਦਾ ਕੋਈ ਨਿਸ਼ਾਨ ਈ ਨੀ ਦੀਂਹਦਾ... ਨਿਸ਼ਾਨ ਮਿਟਾਏ ਵੀ ਨੀ ਲੱਗਦੇ... ਸਮਝ ਜ੍ਹੀ ਨੀ ਆਉਂਦੀ ਕੋਈ!!"

ਉਦੋਂ ਤੱਕ ਵਾਹਵਾ 'ਕੱਠ ਹੋ ਗਿਆ ਤੇ ਵਪਾਰੀਆਂ ਨੂੰ ਸੁਚੇਤ ਕਰਨ ਵਾ਼ਲੇ ਬਾਬੇ ਵੀ ਸੱਥ 'ਚ ਆ ਗਏ। ਉਹਨਾਂ ਇੱਕ ਬੰਦੇ ਦੀ ਪੈੜ ਵੇਖ ਕੇ ਆਖਿਆ, "ਜੁਆਨੋਂ ! ਇੱਕੋ ਪੈੜ ਐ... ਲੈ ਕੇ ਤਾਂ ਇੱਕ ਬੰਦਾ ਈ ਗਿਐ !" " ...ਇੱਕ ਬੰਦਾ ਤਾਂ ਬਾਬਾ... ਐਡਾ ਭਾਰਾ ਬੋਰਾ ਚੱਕ ਈ ਨੀ ਸਕਦਾ... ਕਿਵੇਂ ਵੀ !", ਰਾਤ ਵਾ਼ਲਾ ਵਪਾਰੀ ਪੂਰਾ ਹੈਰਾਨ ਸੀ ਪਰ ਵਿਚਲੀ ਗੱਲ ਬਾਬਿਆਂ ਤੱਕ ਅੱਪੜ ਚੁੱਕੀ ਸੀ। ਉਹਨਾਂ ਮੁਸ਼ਕੜੀਏਂ ਹੱਸਦਿਆਂ ਆਖਿਆ, " ਜੇ ਬੰਦਾ ਵਿਖਾ ਦੀਏ ...ਫੇਰ !!" "...ਤਾਂ ਬਾਬਾ ਵੀਹ ਸੇਰ ਖੰਡ ਇਨਾਮ ਵਜੋਂ ਦਿਆਂਗੇ।" ਇਸ ਵਾਰ ਵਪਾਰੀ ਟੋਲੇ ਦਾ ਮੁਖੀ ਬੋਲਿਆ। ਇੱਕ ਬਾਬੇ ਨੇ ਨੇੜੇ ਈ ਖਲੋਤੇ ਸਾਡੇ ਪੜਦਾਦੇ ਦੇ ਭਰਾ ਬਾਬੇ ਦੰਮਣ ਵੱਲ ਵੇਖਦਿਆਂ ਆਖਿਆ, "ਜਾਹ ਬਈ ਦੰਮਣਾ, ਚੱਕ ਲਿਆ ਫੇਰ ਬੋਰਾ!!" ...ਤੇ ਬਾਬੇ ਦੰਮਣ ਨੇ ਦਸ ਕੁ ਮਿੰਟਾਂ ਬਾਅਦ ਭਰਿਆ-ਭਰਾਇਆ ਬੋਰਾ ਸੱਥ 'ਚ ਲਿਆ ਰੱਖਿਆ। ਵਪਾਰੀ ਹੈਰਾਨ ਹੋਏ ਬਾਬੇ ਦੰਮਣ ਵੱਲ ਵੇਖੀ ਜਾਣ, ਉਹਨਾਂ ਨੂੰ ਅਜੇ ਵੀ ਸੱਚ ਨਹੀਂ ਸੀ ਆ ਰਿਹਾ। ਓੜਕ ਰਾਤ ਵਾ਼ਲੇ ਵਪਾਰੀ ਨੇ ਪੁੱਛ ਈ ਲਿਆ, " ...ਤੇ ਬਾਈ ਉਹ ਊਠ ਦੇ ਈਡਰ ਦਾ ਨਿਸ਼ਾਨ ਕਿਵੇਂ ਐਂ ਫੇਰ ?" ਬਾਬਾ ਦੰਮਣ ਬੋਲਿਆ, "ਉਹ ਤਾਂ ਬਾਈ ਮੇਰੇ ਗੋਡੇ ਦਾ ਨਸ਼ਾਨ ਐਂ... ਮੈਂ ਪਹਿਲਾਂ ਬੋਰਾ ਖੜ੍ਹਾ ਕੀਤਾ... ਫੇਰ ਪੈਰਾਂ ਭਾਰ ਬਹਿ ਕੇ ਇੱਕ ਗੋਡਾ ਭੁੰਜੇ ਲਾਇਆ, ਮੋਢਿਆਂ ਉੱਤੋਂ ਦੀ ਬਾਹਾਂ ਪਿੱਛੇ ਕਰਕੇ ਬੋਰੇ ਦੀਆਂ ਉਤਲੀਆਂ ਦੋਹੇਂ ਗੁੱਠਾਂ ਫੜ੍ਹ ਕੇ ਪਿੱਠ ਪਿੱਛੇ ਲਾਈਆਂ ਤੇ ਖੜ੍ਹਾ ਹੋ ਗਿਆ... ਬਾਕੀ ਭਰਾਓ, ਮੈਂ ਥੋਡਾ ਬੋਰਾ ਚੋਰੀ ਕਰਨ ਦੇ ਮਨਸ਼ੇ ਨਾ਼ਲ ਨੀ ਸੀ ਚੱਕਿਆ... ਇਹ ਤਾਂ ਥੋਡੀ ਕੱਲ੍ਹ ਆਥਣ ਆ਼ਲੀ ਗੱਲ ਈ ਵਿਆਹੁਣੀ ਸੀ ਬਈ 'ਕੱਲਾ ਬੰਦਾ ਕਿਵੇਂ ਚੱਕ 'ਲੂ ਐਡੇ ਬੋਰੇ ਨੂੰ... ਥੋਨੂੰ ਵਿਖਾਉਣਾ ਈ ਸੀ... ਬਈ ਐਂ ਚੱਕਿਆ ਜਾਂਦਾ!!!"

ਵਪਾਰੀਆਂ ਨੇ ਦੰਮਣ ਬਾਬੇ ਦੀ ਤਾਕਤ ਨੂੰ ਨਤਮਸਤਕ ਹੁੰਦਿਆਂ ਵੀਹ ਸੇਰ ਖੰਡ ਦੇਣੀ ਚਾਹੀ ਤਾਂ ਬਾਬੇ ਨੇ ਇਨਕਾਰ ਕਰ ਦਿੱਤਾ। ਫੇਰ ਵੀ ਦਸ ਸੇਰ ਖੰਡ ਉਹ ਮੱਲੋ-ਮੱਲੀ ਦੇ ਗਏ।

ਕੜਾਹੇ ਵਾ਼ਲੀ ਗੱਲ ਇਉਂ ਬਣੀ ਬਈ ਪਿੰਡ ਵਿੱਚ ਇੱਕ ਵਿਆਹ ਸੀ। ਵਿਆਹ 'ਤੇ ਇੱਕ ਰਿਸ਼ਤੇਦਾਰ ਆਇਆ। ਉਹਦਾ ਬੋਤਾ ਪੂਰਾ ਵਿਗੜਿਆ ਹੋਇਆ ਸੀ। ਆਉਂਦਿਆਂ ਈ ਮੁਹਾਰ ਲਾਹ ਕੇ ਬੋਤਾ ਘਰ ਦੇ ਬਾਹਰ ਪਏ ਇੱਕ ਵਾਧੂ ਅਤੇ ਵੱਡੇ ਮਜ਼ਬੂਤ ਕੜਾਹੇ ਨਾ਼ਲ ਬੰਨ੍ਹ ਦਿੱਤਾ ਗਿਆ ਅਤੇ ਉਹਨੂੰ ਪੱਠਾ-ਨੀਰਾ ਉੱਥੇ ਈ ਪੈਂਦਾ ਰਿਹਾ। ਚਾਰ-ਪੰਜ ਦਿਨਾਂ ਬਾਅਦ ਵਾਪਸ ਜਾਣ ਲੱਗਿਆਂ ਜਦੋਂ ਮਾਲਕ ਮੁਹਾਰ ਪਾਉਣ ਲੱਗਿਆ ਤਾਂ ਬੋਤਾ ਮੁਹਾਰ ਨਾ ਪੁਆਵੇ। ਜਦੋਂ ਬੰਦਾ ਨੇੜੇ ਹੋਵੇ ਤਾਂ ਉਹ ਚੱਭਾ ਭਰਨ ਨੂੰ ਆਵੇ। ਸਿਆ਼ਲੂ ਦਿਨਾਂ ਵਿੱਚ ਚਾਰ-ਪੰਜ ਦਿਨ ਵਿਹਲਾ ਰਹਿਣ ਕਰਕੇ ਬੋਤਾ ਪੂਰਾ ਮਸਤ ਗਿਆ ਸੀ। ਜਦੋਂ ਗੱਲ ਨਾ ਸੂਤ ਆਈ ਤਾਂ ਕਿਸੇ ਨੇ ਆਖਿਆ, "ਉਏ ਨਾਨਕ ਕੇ ਸੁੰਦਰ ਨੂੰ ਲਿਆਉ ਸੱਦ ਕੇ... ਉਹ ਪੂਰਾ ਮਾਂਦਰੀ ਐ ਮਸਤੀ ਬੋਤਿਆਂ ਦਾ..." ...ਤੇ ਵਿਆਹ ਵਾ਼ਲੇ ਘਰ ਦਾ ਕੋਈ ਜਣਾ ਸਾਡੇ ਪੜਦਾਦੇ ਨਾਨਕ ਸਿੰਘ ਦੇ ਇੱਕ ਹੋਰ ਭਰਾ ਬਾਬੇ ਸੁੰਦਰ ਸਿੰਘ ਨੂੰ ਸੱਦਣ ਆ ਗਿਆ। ਬਾਬੇ ਸੁੰਦਰ ਹੋਰਾਂ ਦਾ ਤਾਂ ਜਾਣੋ ਇਹ ਸ਼ੌਕ ਹੀ ਸੀ। ਰਾਜਸਥਾਨੋਂ ਪੂਰਾ ਵਿਗੜਿਆ ਹੋਇਆ ਬੋਤਾ ਖ਼ਰੀਦ ਕੇ ਲਿਆਉਣਾ ਤੇ ਫਿਰ ਕੁੱਟ-ਕੁੱਟ ਕੇ ਉਸਨੂੰ ਸਿੱਧਾ ਕਰ ਲੈਣਾ। ਫੇਰ ਉਸਦੇ ਮੂੰਹ ਵਿੱਚ ਬਾਂਹ ਪਾ ਕੇ ਆਖਣਾ, " ਲੈ... ਮਾਰ ਹੁਣ ਚੱਭਾ..." ਡਰੇ ਹੋਏ ਜਾਨਵਰ ਨੇ ਅੱਗੋਂ ਅੱਖ ਨਾ ਚੁੱਕਣੀ।

ਘਰ ਆਏ ਬੰਦੇ ਦੀ ਗੱਲ ਸੁਣ ਕੇ ਬਾਬਾ ਬੋਲਿਆ, " ਗੱਲ ਐਂਉਂ ਐਂ ਭਤੀਜ, ਮਸਤੀ ਬੋਤਾ ਨਰਮੀ ਨਾ਼ਲ ਤਾਂ ਸੂਤ ਆਉਣਾ ਨੀ... ਕਈ ਆਰ ਜਾਨਵਰ ਦੇ ਸੱਟ-ਫੇਟ ਵੱਜ 'ਜੇ... ਤਾਂ 'ਲਾਂਭੇ ਆ਼ਲੀ ਗੱਲ ਹੋ ਜਾਂਦੀ ਐ... ਫੇਰ ਨਾ ਆਖਿਓ !" ... ਭਤੀਜ ਦੇ 'ਕੋਈ ਨੀ ਚਾਚਾ, ਵੇਖੀ ਜਾਊ... ਤੂੰ 'ਕੇਰਾਂ ਮੁਹਾਰ ਤਾਂ ਪੁਆ' ਆਖਣ 'ਤੇ ਬਾਬਾ ਸੁੰਦਰ ਸਿਹੁੰ ਆਵਦਾ ਖੂੰਡਾ ਚੁੱਕ ਕੇ ਵਿਆਹ ਵਾ਼ਲੇ ਘਰ ਚਲਾ ਗਿਆ। ਬਾਬੇ ਨੇ ਬੋਤੇ ਦੇ ਰੰਗ-ਢੰਗ ਪੂਰੀ ਨੀਝ ਨਾ਼ਲ ਨਿਹਾਰੇ। ਮਸਤੀ ਬੋਤਾ ਬਗ-ਬਗ ਕਰਕੇ ਬੁੱਕਦਾ ਮੂੰਹੋਂ ਝੱਗ ਤੇ ਬੁਲਬੁਲੀਆਂ ਕੱਢੇ ਅਤੇ ਨੇੜੇ ਹੋਣ ਵਾ਼ਲੇ ਨੂੰ ਚੱਭਾ ਮਾਰਨ ਨੂੰ ਆਵੇ। ਪੂਰਾ ਜੋੜ-ਤੋੜ ਲਗਾ ਕੇ ਬਾਬੇ ਨੇ ਸੱਦ ਕੇ ਲਿਆਉਣ ਵਾ਼ਲੇ ਨੂੰ ਆਖਿਆ, " ਲੈ ਭਤੀਜ ! ਥੋੜ੍ਹਾ ਜ੍ਹਾ ਹੋ ਖਾਂ ਕੜਾਹੇ ਦੇ ਨੇੜੇ... ਪਾਈਏ ਫਿਰ ਮੁਹਾਰ ਏਹਦੇ। ਗੱਲ ਸੁਣ ਕੇ ਜਣਾ ਠਠੰਬਰ ਗਿਆ, "ਚਾਚਾ ਮਰਵਾਉਣੈ ਮੈਨੂੰ, ਉਹ ਤਾਂ ਓਦੋਂ ਈ ਚੱਭਾ ਭਰ 'ਲੂ। " ਓ ਕੋਈ ਨੀ, ਤੂੰ ਡਰ ਨਾ... ਨਹੀਂ ਚੱਭਾ ਭਰਨ ਦਿੰਦੇ ਤੇਰੇ... ਉਹ ਬਸ ਚੱਭਾ ਮਾਰਨ ਲਈ ਧੌਣ ਨੀਵੀਂ ਕਰਕੇ ਮੇਰੀ ਮਾਰ 'ਚ ਆ 'ਜੇ 'ਕੇਰਾਂ... ਬਾਕੀ ਮੈਂ ਆਪੇ ਸਾਂਭ ਲਊਂ... ਤੇਰੇ ਤੱਕ ਨੀ ਅੱਪੜਣ ਦਿੰਦਾ... ਬੇਸੰਸ ਰਹਿ।" ਬਾਬੇ ਨੇ ਆਪਣੀ ਸਕੀਮ ਦੱਸੀ। 'ਵੇਖੀਂ ਪਤੰਦਰਾ... ਊਂ ਈਂ ਨਾ ਮਰਵਾ 'ਦੀਂ ' ਕਹਿੰਦਾ ਹੋਇਆ ਜਣਾ ਡਰਦਾ ਜਿਹਾ ਕੜਾਹੇ ਦੇ ਲਾਗੇ ਜਾ ਖੜ੍ਹਾ।

ਜਦੋਂ ਬੋਤੇ ਨੇ ਚੱਭਾ ਭਰਨ ਲਈ ਧੌਣ ਨਿਵਾਈ ਤਾਂ ਬਾਬੇ ਨੇ ਠਾਹ ਕਰਦਾ ਖੂੰਡਾ ਬੋਤੇ ਦੇ ਖੱਬੇ ਕੰਨ ਹੇਠ ਮਾਰਿਆ। ਬੋਤੇ ਦੀ ਲੇਰ ਨਿਕਲੀ ਤੇ ਦੜੰਮ ਕਰਦਾ ਉਲਟ ਕੇ ਕੜਾਹੇ 'ਚ ਜਾ ਪਿਆ। ਡਿੱਗਦੇ ਦਾ ਮੂੰਹ ਕੜਾਹੇ ਦੇ ਕੁੰਡੇ 'ਤੇ ਵੱਜਿਆ ਅਤੇ ਸੱਜੀ ਅੱਖ ਫੁੱਟ ਗਈ। ਬਾਬੇ ਨੇ ਕੜਾਹੇ 'ਚ ਪਏ ਦੇ ਅੱਠ-ਦਸ ਖੂੰਡੇ ਫਬਾ ਕੇ ਛੰਡੇ ਤਾਂ ਬੋਤੇ ਦਾ ਅੜਾਟ ਪੈ ਗਿਆ। "ਲੈ ਬਈ ਜੁਆਨਾਂ ! ਪਾ ਲੈ ਮੁਹਾਰ ...ਸਾ... ਅ... ੀ ਓਹੀ ਗੱਲ ਹੋਗੀ!!" ਬਾਬੇ ਨੂੰ ਬੋਤੇ ਦੀ ਅੱਖ ਫੁੱਟਣ ਦਾ ਅਫ਼ਸੋਸ ਸੀ। " ਕੋਈ ਨੀ ਚਾਚਾ ! ਨਕਸਾਨ ਤਾਂ ਹੋਣ ਆ਼ਲਾ ਹੋ ਗਿਆ ਪਰ ਏਹ ਤਾਂ ਨੀ ਹੁਣ ਅੱਖ 'ਚ ਪਾਇਆ ਰੜਕਦਾ 'ਗਾਂਹ ਨੂੰ।" ਬਾਬੇ ਨੂੰ ਸੱਦ ਕੇ ਲਿਆਉਣ ਵਾ਼ਲਾ ਪੂਰਾ ਖ਼ੁਸ਼ ਸੀ। ਰਿਸ਼ਤੇਦਾਰ ਬੋਤੇ ਦੇ ਮੁਹਾਰ ਪਾ ਕੇ ਆਵਦੇ ਪਿੰਡ ਨੂੰ ਤੁਰ ਗਿਆ ਤੇ ਬਾਬਾ ਸੁੰਦਰ ਸਿੰਘ ਵਿਆਹ ਵਾ਼ਲੇ ਘਰੋਂ ਦੁੱਧ ਦਾ ਛੰਨਾ ਪੀ ਕੇ ਘਰ ਨੂੰ ਆ ਗਿਆ।

# ਸਾਰਥਿਕ ਅਤੇ ਸਮਾਜਿਕ ਬਰਾਬਰੀ ਨੂੰ ਚਿਤਾਰਦੀ, ਮਨੁੱਖੀ ਦਵੰਦ ਕਥਾ ਨਾਵਲ 'ਸਪੇਰਿਆਂ ਦੀ ਧੀ'

**ਲੇਖਕ : ਕਰਨੈਲ ਸਿੰਘ ਵਜੀਰਾਬਾਦ**
**ਪਬਲੀਸ਼ਰ : ਸ਼ਪਤਰਿਸ਼ੀ ਪਬਲੀਕੇਸ਼ਨ**

ਮਲਵਈ ਮਿੱਟੀ 'ਚ ਘੁਲਿਆ ਮਿਲਿਆ ਯਥਾਰਥਕ ਕਥਾਕਾਰ ਕਰਨੈਲ ਸਿੰਘ ਵਜੀਰਾਬਾਦ ਦਾ ਨਾਵਲ 'ਸਪੇਰਿਆਂ ਦੀ ਧੀ 'ਛੋਟੀ ਕਿਸਾਨੀ ਦਾ ਹੂ-ਬਹੂ ਤਰਜ਼ਮਾ ਕਰਦਾ ਹੈ। ਭਾਵੇਂ ਲੇਖਕ ਗ਼ਲਪ ਦੇ ਖੇਤਰ ਵਿਚ ਨਾਮਵਰ ਨਾਵਲਕਾਰ ਹੈ ਉਹ ਚਾਰ ਕਹਾਣੀ ਸੰਗ੍ਰਹਿ ਤੋਂ ਇਲਾਵਾ ਚੋਥੀ ਧਰਤੀ ਦੇ ਲੋਕ ਅਤੇ ਤੀਸਰਾ ਵਾਰਸ ਨਾਵਲ ਵੀ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਇਹ ਲੇਖਕ ਦਾ ਤੀਸਰਾ ਨਾਵਲ ਹੈ। ਇਸ ਵਿਚ ਲੇਖਕ ਵਜ਼ੀਰਬਾਦ ਆਸ਼ਾਵਾਦੀ ਤੇ ਹਮੇਸ਼ਾ ਵਾਂਙ ਸਮਾਜਿਕ ਸਾਰੋਕਾਰਾਂ ਨੂੰ ਸਵੈਮਾਨ ਕਰਦਾ ਹੈ ਇਸ ਨਾਵਲ ਦੇ ਨਾਂਅ ਤੋਂ ਹੀ ਇਕ ਸਮਾਜਿਕ ਹਾਸ਼ੀਏ ਦੇ ਬਾਹਰ ਦੇ ਕਬੀਲੇ ਦੀ ਤਸਵੀਰ ਰੂਪਮਾਣ ਹੋ ਜਾਂਦੀ ਹੈ। ਸਪੇਰੇ (ਬੰਗਾਲੇ) ਸਾਡੇ ਸਮਾਜ ਦੇ ਉਹ ਪਾਤਰ ਹਨ ਜਿਨ੍ਹਾਂ ਨੂੰ ਸਮਾਜਿਕ ਲਤ-ਾੜਿਆ ਜਾਂ ਭਿੱਖਿਆ ਮੰਗਣ ਦਾ ਕੰਮ ਕਾਰਨ ਵਾਲਾ ਹੀ ਸਮਝਿਆ ਜਾਂਦਾ ਹੈ ਸਾਡੇ ਉੱਚ ਵਰਗ ਦੇ ਲੋਕਾਂ ਦੀ ਮਾਨਸਿਕਤਾ ਵਿਚ ਇਹੋ ਜਿਹੇ ਕਬੀਲਿਆਂ ਨੂੰ ਅਣਗੌਲਿਆ ਤੇ ਘਿਨੌਣਾ ਸਮਾਜ ਸਮਝਕੇ ਦੁਰਕਾਰਿਆ ਜਾਂਦਾ ਹੈ। ਪਰ ਲੇਖਕ ਨੇ ਇਸ ਵਰਤਾਰੇ ਨੂੰ ਆਪਣੇ ਨਾਵਲ ਰਾਹੀਂ ਇਸ ਵਰਗ ਬਾਰੇ ਭਰਮ ਤੋੜਿਆ ਹੈ ਇਕ ਸਪੇਰੇ ਦੀ ਧੀ ਜੋ ਉਸਦੇ ਮਜਮਾ ਲਾਉਣ ਤੋਂ ਪਹਿਲਾਂ ਸਪੇਰੇ ਦੀ ਮੌਤ ਤੋਂ ਬਾਅਦ ਲਾਵਾਰਿਸ ਹੋ ਜਾਂਦੀ ਹੈ ਉਸ ਛੋਟੀ ਬੱਚੀ ਨੂੰ ਮਲਵਈ ਬੇਔਲਾਦ ਮਿਸਤਰੀ ਭਰਾ ਖੁਸ਼ਹਾਲ ਸਿੰਘ ਤੇ ਬਹਾਲ ਸਿੰਘ ਅਪਨਾ ਲੈਂਦੇ ਹਨ ਤੇ ਉਸ ਨੂੰ ਯੋਗਤਾ ਤੇ ਪ੍ਰਸਥਿਤੀਆਂ ਦੇ ਬਾਵਜੂਦ ਵੀ ਇਕ ਉੱਚ ਆਗਿਆਕਾਰੀ ਤੇ ਪ੍ਰਤਿਭਾਸ਼ਾਲੀ ਉੱਚਕੋਟੀ ਦੀ ਡਾਕਟਰ ਬਣਾਕੇ ਪਾਠਕਾਂ ਦੇ ਸਨਮੁੱਖ ਖੜ੍ਹਾ ਕਰ ਦੇਂਦਾ ਹੈ। ਉਸ ਨੇ ਸਾਬਿਤ ਕਰ ਦਿੱਤਾ ਹੈ ਕਿ ਇਕ ਗਰੀਬ ਦਰਮਿਆਨੇ ਪਰਿਵਾਰ ਦੀ ਧੀ ਆਪਣੀ ਪ੍ਰਤਿਭਾ ਤੇ ਸਾਹਸ ਸਦਕਾ ਅੱਖਾਂ ਦੀ ਡਾਕਟਰ ਤੱਕ ਬਣ ਸਕਦੀ ਹੈ ਅਤੇ ਦੂਜੇ ਪਾਸੇ ਦੁਨਿਆਵੀ ਸਾਧਨ ਅਤੇ ਸੁਖਾਂ ਦੇ ਭਰਮਾਵੇ ਦੇ ਬਾਵਜੂਦ ਇਕ ਉੱਚ ਵਰਤਾਰੇ ਵਾਲੇ ਸ਼ਖਸ਼ ਦੀ ਔਲਾਦ ਨਾਜਾਇਜ਼ ਸੁੱਖ ਸਾਧਨਾ ਸਦਕਾ ਸਮਾਜਿਕ ਕਲੰਕ ਬੰਨ ਜਾਂਦੇ ਹਨ। ਨਸ਼ੇ ਦੀ ਲੱਤ ਅਤੇ ਕੁਰੀਤੀਆਂ ਦੇ ਭੋਗਕ ਹੋ ਨਿਬੜਦੇ ਹਨ। ਇਸ ਨਾਵਲ ਰਾਹੀਂ ਲੇਖਕ ਨੇ ਸਰਪੰਚ ,ਲੰਬੜਦਾਰ ਤੇ ਜਾਗੀਰਦਾਰ ਦੇ ਕਾਰਜਾਂ ਤੇ ਫ਼ਰਜ਼ਾਂ ਬਾਰੇ ਜਾਗਰੂਕ ਕੀਤਾ ਹੈ। ਇਕ ਕਾਮਰੇਡ ਦੇ ਕਿਰਦਾਰ ਨੂੰ ਉਜਾਗਰ ਕੀਤਾ ਹੈ ਜੋ ਆਪਣੇ ਅਸੂਲਾਂ ਤੇ ਸਮਝਦਾਰੀ ਦਾ ਪ੍ਰਤੀਕ ਹੋ ਨਿੱਬੜਦਾ ਹੈ ਤੇ ਸੱਚ ਦਾ ਬਾਨੀ ਹੈ। ਘਰ ਦੀਆਂ ਸੁਆਣੀਆਂ ਦੇ ਏਕੇ ਤੇ ਆਪਸੀ ਨਿੱਘੀ ਸਾਂਝ ਬਾਰੇ ਸੂਚੇਤ ਕੀਤਾ ਹੈ ਨਾਵਲ ਦੀ ਬਾਇਓਲੋਜਿਕਲ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਰਿਸ਼ਤਿਆਂ ਦੀ ਗੰਢ ਮਜਬੂਤ ਹੁੰਦੀ ਹੈ। ਕੁਲ ਮਿਲਾਕੇ ਕਰਨੈਲ ਸਿੰਘ ਵਜੀਰਾਬਾਦ ਨੇ ਸਮਾਜਿਕ ਤੇ ਆਰਥਿਕ ਪਾੜੇ ਦੇ ਫ਼ਰਕ ਨੂੰ ਬਖੂਬੀ ਵਰਨਣ ਕਰਕੇ ਸਾਰਥਿਕਤਾ ਨਾਲ ਬਿਆਨਿਆਂ ਹੈ ਜੋ ਵਧਾਈ ਦਾ ਪਾਤਰ ਹੈ





- ਡਾ ਗੁਰਵਿੰਦਰ ਅਮਨ (ਰਾਜਪੁਰਾ )
+91 98151-13038

# ਭਾਰਤ ਦੀ ਬਹਾਦਰ ਔਰਤ ਓਨੈਕੇ ਓਬਵਾਵਾ



ਹਰਦੀਪ ਸਿੰਘ ਚੁੰਬਰ
91-94636-01616

ਔਰਤਾਂ ਦਾ ਦੇਸ਼ ਭਗਤੀ ਦੀ ਭਾਵਨਾਂ ਅਤੇ ਯੋਗਦਾਨ ਮਰਦਾਂ ਦੇ ਹਮੇਸ਼ਾ ਬਰਾਬਰ ਦਾ ਰਿਹਾ ਹੈ। ਰਾਸ਼ਟਰ, ਕੌਮ ਅਤੇ ਸਮਾਜ ਦੇ ਹਿੱਤ ਦਾਵਿਚਕਿਸੇ ਨਤੀਜੇ ਦੀ ਪਰਵਾਹ ਕੀਤੇ ਬਗੈਰ ਕੰਮ ਕਰਨ ਵਾਲਾਕੋਈ ਵੀ ਸਖਸ਼ ਜੋ ਕਰ ਗੁਜ਼ਰਦਾ ਹੈ, ਉਹ ਬੜੇ ਹੀ ਹੈਰਾਨ ਕਰਨ ਵਾਲਾ ਅਤੇ ਆਮ ਇਨਸਾਨ ਦੀ ਪਹੁੰਚ ਤੋਂ ਬਾਹਰ ਦਾ ਕੰਮ ਦਿਖਾਈ ਦੇਣ ਲਗਦਾ ਹੈ। ਉਹ ਸਧਾਰਨ ਇਨਸਾਨਦੇ ਕੀਤੇ ਕੰਮ ਨਾਲੋਂ ਕਈ ਗੁਣਾਂ ਵੱਡਾ ਕੰਮ ਹੋ ਨਿਬੜਦਾ ਹੈ। ਉਸ ਦਾ ਕੰਮ ਕਿਸੇ ਗਾਇਬੀ ਸ਼ਕਤੀ ਦੀ ਸਹਾਇਤਾ ਨਾਲ ਕੀਤਾ ਲਗਦਾ ਹੈ। ਇਸ ਦੀਆਂ ਵੱਖਵੱਖ ਧਾਰਨਾਵਾਂਨੂੰ ਲੋਕ ਆਪਣੀ ਸੋਚ ਅਨੁਸਾਰ ਮੰਨਦੇ ਹਨ। ਇਕ ਮਾਨਤਾ ਅਨੁਸਾਰ, ਇਹ ਸੰਭਵ ਉਸ ਸਮੇ ਹੀ ਹੁੰਦਾ ਹੈ, ਅਸਧਾਰਨ ਸਥਿਤੀਆਂ ਵਿਚ, ਜਦੋਂ ਕੰਮ ਕਰਨ ਲਈ ਇਨਸਾਨ ਦੇ ਚੇਤਨ ਮਨ (consicous imnd) ਨਾਲ ਅਵਚੇਤਨ ਮਨ (subconsicous imnd ) ਆ ਜੁੜਦਾ ਹੈ। ਇਹੋ ਜਿਹਾ ਅਸਧਾਰਨ ਕੰਮ ਇਕ ਸਧਾਰਨ ਘਰੇਲੂ ਔਰਤ ਕਰ ਦਿਖਾਇਆ, ਇਤਿਹਾਸ ਵਿਚ ਦਰਜ ਹੈ।

18ਵੀਂ ਸਦੀ ਦੇ ਦੂਜੇ ਅੱਧ ਵਿਚ ਦੱਖਣ ਭਾਰਤ ਦੇ ਅਜੋਕੇ ਕਰਨਾਟਕ ਵਿਚ ਲਾਸਾਨੀ ਬਹਾਦਰੀ ਦਾ ਸਬੂਤ ਦੇਣ ਵਾਲੀ ਇਹ ਕਰਨਾਟਕ ਦੀ ਜੰਮੀ ਮਹਾਨ ਔਰਤ ਹੈ। ਉਹ ਦਖਣੀ ਭਾਰਤੀ ਰਾਜਾਂ ਦੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਚਮਕਦੀ ਇਕ ਮਹਾਨ ਨਾਇਕਾ ਹੈ। ਉਸ ਨੂੰ ਹਮੇਸ਼ਾ ਸਕੂਲੀ ਬੱਚੇ, ਬੱਚੀਆਂ ਸਟੇਜਾਂ ਉਤੇ ਪ੍ਰੋਗਰਾਮਾਂ ਵਿਚ ਨਾਟਕਾਂ, ਫੈਂਸੀਡਰੈਸ ਮੁਕਾਬਲਿਆਂ, ਕਵਿਤਾਵਾਂ, ਕਹਾਣੀਆਂ ਰਾਹੀ ਉਹਨਾਂ ਨੂੰ ਬੜੇ ਮਾਣ ਸਤਿਕਾਰ ਨਾਲ ਯਾਦ ਕਰਦੇ ਰਹਿੰਦੇ ਹਨ। ਉਹਨਾਂ ਦੀ ਬੀਰ ਗਾਥਾ ਨੂੰ ਬੜੇ ਅਦਬ ਅਤੇ ਸਤਿਕਾਰ ਨਾਲ ਸਕੂਲਾਂ ਵਿਚ ਪੜ੍ਹਿਆ, ਪੜ੍ਹਾਇਆ, ਗਾਇਆ ਅਤੇ ਸੁਣਾਇਆ ਜਾਂਦਾ ਹੈ।ਉਸ ਮਹਾਨ ਔਰਤ ਦਾ ਨਾਂ ਸੀ, ਓਨੈਕੇ ਓਬਵਾਵਾ। ਮਹਾਨ ਲੋਕ ਕਿਸੇ ਲਿੰਗ, ਧਰਮ, ਜਾਤੀ ਜਾਂ ਵਰਗ ਵਰਗੀਆਂ ਪਹਿਚਾਣਾਂ ਦੇ ਮੁਹਤਾਜ ਨਹੀਂ ਹੁੰਦੇ। ਉਹ ਧਰੂ ਤਾਰੇ ਦੀ ਤਰਾਂ ਬਹੁਤ ਵੱਡੀਆਂਭੀੜਾਂ ਵਿਚ ਅਲੱਗ ਹੀ ਨਜ਼ਰ ਆਉਂਦੇ ਹਨ। ਉਹ ਕੌਮ ਦਾ ਸਰਮਾਇਆ ਹੁੰਦੇ ਹਨ। ਇਸ ਅਸਧਾਰਨ ਵਿਅਕਤਿਤਵ ਵਾਲੀ ਔਰਤ ਦੇ ਜਨਮ ਬੇਹੱਦ ਗਰੀਬ ਅਛੂਤ ਪਰੀਵਾਰ"ਬੇਦਾ" ਜਾਤੀ ਵਿਚ ਹੋਇਆ ਸੀ।

ਬਹੁਤ ਸਾਰੀਆਂ ਕੁਰਬਾਨੀਆਂ ਇਤਿਹਾਸ ਵਿਚ ਬਹੁਤ ਸਾਰੇ ਕਾਰਨਾਂ ਕਰਕੇ ਦਬਕੇ ਰਹਿ ਜਾਂਦੀਆਂ ਹਨ। ਇੱਕਾ ਦੁੱਕਾ ਉਧਾਰਨਾਂ ਨੂੰ ਛੱਡਕੇ, ਜਾਤੀ ਦੇ ਅਧਾਰਤ ਤੇ ਬਣੇ ਸਮਾਜ ਵਿਚਆਰਥਿਕ ਤੌਰ ਤੇ ਕਮਜ਼ੋਰ ਵਰਗ ਅਕਸਰ ਸਮਾਜਿਕ ਤੌਰ ਤੇ ਵੀ ਕਮਜ਼ੋਰ ਸਾਬਤ ਹੋਏ ਹਨ, ਰਾਜਨੀਤਿਕ ਸ਼ਕਤੀ ਤਾਂ ਬਹੁਤ ਦੂਰ ਦੀ ਗਲ ਹੈ।ਅਕਸਰ ਕੁਰਬਾਨ ਹੋਣ ਵਾਲਿਆਂ ਦੀਆਂ ਯਾਦਾਂ ਨੂੰ ਬਣਾ ਕੇਰੱਖਣ ਲਈ ਕਿਸੇ ਵੀ ਵਰਗ ਦਾ ਸੰਪੰਨ ਹੋਣਾ ਬਹੁਤ ਜਰੂਰੀ ਹੈ।ਆਰਥਿਕ, ਸਮਾਜਿਕ ਤੌਰ ਦੇ ਤਕੜੇ ਲੋਕ ਗ਼ਦਾਰੀਆਂ ਦਾ ਪਿਛੋਕੜ ਹੋਣ ਦੇ ਬਾਵਜੂਦ ਵੀ ਸਮੇਂਸਮੇਂ ਉਤੇ ਰਾਜਨੀਤਿਕ ਸ਼ਕਤੀ ਹਾਸਲ ਕਰਦੇ ਰਹੇ ਹਨ। ਨੇਕੀ ਅਤੇ ਬਦੀ ਦੀ ਲੜਾਈ ਅਟਲ ਹੈ। ਇਤਿਹਾਸਕ ਝਰੋਖੇ ਵਿਚੋਂ ਕੁਝ ਕੂ "ਏਕਲਵਿਆ" ਵਰਗੇ ਮਹਾਨ ਨਾਇਕਾਵਾਂ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਇਹੋ ਜਿਹੀਆਂ ਅਜਿਹੀਆਂ ਹੁੰਦੀਆਂ ਹਨ ਜਿੰਨਾਂ ਨੂੰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਦਬਾਇਆ ਨਹੀ ਜਾ ਸਕਦਾ। ਓਨੈਕੇ ਓਬਵਾਵਾ ਦੀ ਕੁਰਬਾਨੀ ਵੀ ਗਾਥਾ ਵੀ ਇਸੇ ਹੀ ਤਰਾਂ ਦੀ ਉਧਾਰਨ ਹੈ।

ਉਸ ਨੂੰ ਅਕਸਰ ਕਰਨਾਟਕ ਦੇ ਇਤਿਹਾਸ ਵਿਚ ਬੇਅੰਤ ਬਹਾਦਰੀ ਅਤੇ ਦਲੇਰ ਹਿੰਮਤ ਦਾ ਇਕ ਰੂਪ ਮੰਨਿਆ ਜਾਂਦਾ ਹੈ।ਮੈਸੂਰ ਰਾਜ ਦਾ ਰਾਜਾ ਹੈਦਰਅਲੀ ਲਗਾਤਾਰ ਆਪਣੇ ਰਾਜ ਵਿਚ ਵਾਧਾ ਕਰਨ ਲਈ ਆਪਣੇ ਨੇੜਲੇ ਰਾਜਾਂ ਉਤੇ ਹਮਲੇ ਕਰਕਬਜ਼ੇ ਕਰਦਾ ਆ ਰਿਹਾ ਸੀ। ਉਹ ਨਾਲ ਲਗਦੇ ਰਾਜਾਂ ਨੂੰਜਿੱਤ ਕੇ ਆਪਣੇ ਰਾਜ ਵਿਚ ਮਿਲਾਉਂਦਾ ਹੋਇਆ ਇਕ ਸ਼ਕਤੀਸ਼ਾਲੀ ਰਾਜਾ ਬਣ ਗਿਆ ਸੀ। ਇਸੇ ਕਰਮ ਵਿਚ1754 ਵਿਚ ਉਸ ਨੇ ਨਾਲ ਲਗਦੇ ਛੋਟੇ ਰਾਜ ਮਦਕਰੀ ਨਾਇਕ ਦੇ ਸ਼ਾਸਨ ਕਾਲ ਦੇ ਦੌਰਾਨ, ਚਿਤ੍ਰਦੁਰਗ ਸ਼ਹਿਰ ਨੂੰ ਹੈਦਰਅਲੀ ਦੇ ਸੈਨਿਕਾਂ ਨੇ ਘੇਰ ਲਿਆ। ਉਸ ਨੇ ਰਾਜ ਉਤੇ ਕਬਜ਼ਾ ਕਰਨ ਲਈ 1779 ਈ। ਤਕ ਬਾਰ ਬਾਰ ਹਮਲੇ ਕੀਤੇ। 1754 ਵਿਚ ਕਿਲੇ ਨੂੰ ਜਿੱਤਣ ਲਈ ਹੈਦਰਅਲੀਦੇ ਸੈਨਿਕਾਂ ਨੇ ਸ਼ਹਿਰਨੂੰ ਚਾਰੇ ਪਾਸਿਆਂਤੋਂ ਘੇਰ ਰਖਿਆ ਸੀ। ਉਹ ਇਸ ਵਾਰ ਕਿਲੇ ਨੂੰ ਹਰ ਹਾਲਫ਼ਤਿਹ ਕਰਨਾ ਚਾਹੁੰਦੇ ਸਨ। ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਉਹਨਾਂ ਨੂੰ ਕਿਲੇ ਅੰਦਰ ਦਾਖਲ ਹੋਣ ਦਾ ਕੋਈ ਵਿਕਲਪ ਨਹੀਂਲੱਭ ਰਿਹਾ ਸੀ।



ਇਹ ਕਿਲਾ ਚਟਾਨਾਂ ਅਤੇ ਪਥਰੀਲੇ ਪਹਾੜਾਂ ਨਾਲ ਘਿਰਿਆ ਹੋਇਆ ਸੀ। ਕਿਲੇ ਦੇ ਮਜ਼ਬੂਤ ਗੇਟ ਅਤੇ ਚਾਰ-ਦੀਵਾਰੀ ਨੂੰ ਤੋੜਨਾ ਲਗਭਗ ਅਸੰਭਵ ਸੀ।ਅਕਸਰ ਹਰ ਵੱਡੀਆਂ ਇਮਾਰਤਾਂ ਦੇ ਅਪਾਤਕਾਲ ਰਸਤੇ ਰੱਖਣ ਦਾ ਬਹੁਤ ਹੀ ਪੁਰਾਤਨ ਰਿਵਾਜ ਹੈ। ਇਸੇ ਤਰਾਂ ਇਸ ਕਿਲੇ ਵਿਚ ਦਾਖਲ ਹੋਣ ਲਈ ਪਹਾੜ ਵਿੱਚ ਪੱਥਰਾਂ ਵਿਚ ਬਣੀ ਕੁਦਰਤੀ ਦਰਾੜ ਨਾਲ ਬਣਿਆ ਕੇਵਲ ਇਕੋ ਇਕ ਗੁਪਤ ਰਸਤਾ ਰਖਿਆ ਹੋਇਆ ਸੀ। ਇਹ ਕੇਵਲ ਇਕੋ ਰਸਤਾ ਸੀ ਜਿਸ ਰਾਹੀਂ ਅੰਦਰ ਬਾਹਰ ਆਇਆ ਜਾ ਸਕਦਾ ਸੀ। ਗੁਪਤ ਰਾਹ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ। ਦੁਸ਼ਮਣ ਗੁਪਤ ਰਾਹ ਨੂੰ ਲੱਭਣ ਦੀ ਕੋਸ਼ਿਸ਼ ਵਿਚ ਲਗਿਆ ਹੋਇਆ ਸੀ। ਇੱਕ ਦਿਨ ਹੈਦਰਅਲੀ ਦੇ ਸੈਨਿਕਾਂ ਨੇ ਇੱਕ ਸਥਾਨਕ ਵਿਅਕਤੀ ਨੂੰ ਪਹਾੜ ਦੇ ਗੁਪਤ ਰਸਤੇ ਵਿੱਚੋਂ ਕਿਲੇ ਅੰਦਰ ਜਾਂਦੇ ਦੇਖ ਲਿਆ।ਗੁਪਤ ਰਸਤੇ ਦਾ ਪਤਾ ਲਗਣ ਦੇ ਨਾਲ ਹੀ ਹੈਦਰਅਲੀ ਦੇ ਸੇਨਾਪਤੀ ਬਹੁਤ ਖੁਸ਼ ਹੋਇਆ। ਉਸ ਨੇ ਇਸ ਰਸਤੇ ਰਾਹੀਂ ਕਿਲੇ ਵਿਚ ਦਾਖਲ ਹੋਣ ਦੀ ਯੋਜਨਾ ਬਣਾਈ।ਕਿਲੇ ਦੇ ਇਸ ਗੁਪਤ ਰਸਤੇ ਉਤੇ ਮੁੱਡਾ ਹਾਨੂਮਾ ਨਾਂ ਦੇ ਤਕੜੇ ਸੈਨਿਕ ਨੂੰ ਤਾਇਨਾਤਸੀ। ਉਸ ਦਾਪਰੀਵਾਰ ਵੀ ਕਿਲੇ ਦੇ ਅੰਦਰ ਹੀ ਰਹਿ ਰਿਹਾ ਸੀ। ਹੈਦਰਅਲੀ ਦੇ ਸੈਨਿਕ ਲਗਾਤਾਰ ਇਸ ਰਸਤੇ ਦੇ ਪਹਿਰੇਦਾਰ ਦੀਆਂ ਗਤੀਵਿਧੀਆਂ ਉਤੇ ਨਜ਼ਰ ਰੱਖਦੇ ਆ ਰਹੇ ਸਨ, ਪਰ ਉਹਨਾਂ ਨੂੰ ਕੋਈ ਮੌਕਾ ਨਹੀ ਲਗ ਰਿਹਾ ਸੀ। ਇਕ ਦਿਨ ਦੁਪਹਿਰ ਦੇ ਸਮੇਂ ਪਹਿਰੇਦਾਰ ਮੁੱਡਾ ਹਾਨੂਮਾ ਕਿਲੇ ਦੇ ਅੰਦਰ ਹੀ ਚੌਕੀ ਦੇ ਨੇੜੇ ਬਣੀ ਰਹਾਇਸ਼ ਉਤੇ ਖਾਣਾ ਖਾਣ ਚਲਾ ਜਾਂਦਾ ਹੈ। ਚੌਕੀ ਨੂੰ ਖਾਲੀ ਹੋਣ ਦੀ ਭਿਣਕ ਪੈਂਦੇ ਹੀ, ਮੌਕੇ ਦੀ ਤਾੜ ਵਿਚ ਬੈਠੀ, ਹੈਦਰਅਲੀ ਦੀ ਸੈਨਾ ਨੇ ਹਲਚਲ ਸੁਰੂ ਹੋ ਗਈ। ਦੂਜੇ ਪਾਸੇ ਪਹਿਰੇਦਾਰ ਮੁੱਡਾ ਹਾਨੂਮਾ ਨੇ ਖਾਣਾ ਸੁਰੂ ਕੀਤਾ ਸੀ ਉਸ ਦੀ ਪਤਨੀ ਓਨੈਕੇ ਓਬਵਾਵਾ ਗੁਪਤ ਰਸਤੇ ਦੇ ਕੋਲ ਬਣੇ ਤਲਾ ਤੋਂਉਸ ਲਈ ਪਾਣੀ ਲੈਣ ਲਈ ਲੈਣ ਜਾਂਦੀ ਹੈ। ਗੁਪਤ ਰਸਤੇ ਕੋਲ ਰਸਤੇ ਕੋਲ ਪਹੁੰਚਦੇ ਉਸ ਨੂੰ ਰਸਤੇ ਵਿਚੋਂਅਵਾਜ਼ਾਂ ਸੁਣਾਈ ਦਿੱਤੀਆਂ। ਸਮਝਣ ਨੂੰ ਦੇਰ ਨਾਂ ਲਗੀ ਕਿ ਦੁਸ਼ਮਣ ਦੇ ਸੈਨਿਕ ਕਿਲੇ ਵਿਚਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਓਨੈਕੇ ਓਬਵਾਵਾ ਘਰ ਵਲ ਦੌੜੀ, ਖਾਣਾ ਖਾ ਰਹੇ ਪਤੀ ਦੇ ਖਾਣੇ ਵਿਚ ਵਿਘਨ ਨਾਂ ਪਾਉਂਦੇ ਹੋਏ, ਉਸ ਨੇ ਘਰ ਵਿਚੋਂਉੱਖਲ ਵਿਚ ਚਾਵਲ ਕੁੱਟਣ ਵਾਲਾ ਕਰੀਬ 4।5 ਫੁੱਟਲਕੜੀ ਦਾ ਭਾਰੀ ਮੋਹਲਾ ਉਠਾਇਆ ਅਤੇ ਦੁਸ਼ਮਣ ਨੂੰ ਰੋਕਣ ਲਈ ਗੁਪਤ ਰਾਹ ਦੇ ਕਿਨਾਰੇ ਹਮਲਾਵਰ ਮੁਦਰਾ ਵਿਚਛੁਪ ਕੇ ਖੜੀ ਹੋ ਗਈ। ਜਿਵੇਂ ਹੀ ਦੁਸ਼ਮਣ ਦਾ ਸੈਨਿਕ, ਬਹੁਤ ਹੀ ਤੰਗ ਕੁਦਰਤੀ ਬਣੇ,ਗੁਪਤ ਰਸਤੇ ਵਿਚੋਂ ਅੰਦਰ ਆਉਣ ਲਈ ਸਿਰ ਬਾਹਰ ਕੱਢਦਾ, ਓਨੈਕੇ ਓਬਵਾਵਾ ਝੱਟ ਉਸ ਦੇ ਸਿਰ ਉਤੇ ਜ਼ਬਰਦਸਤ ਵਾਰ ਕਰਦੀ ਅਤੇ ਉਸੇ ਥਾਂ ਖਤਮ ਕਰ ਦਿੰਦੀ।ਫਿਰ ਲਾਸ਼ ਨੂੰ ਖਿੱਚ ਕੇ, ਧੂਹ ਕੇ ਗੁਫਾ ਦੇ ਰਸਤੇ ਤੋਂ ਦੂਰ ਕਰ ਦਿੰਦੀ, ਤਾਂ ਕਿ ਇਸ ਦਾ ਦੂਜੇਦੁਸ਼ਮਣ ਸੈਨਿਕਾਂ ਨੂੰ ਪਹਿਲੇ ਦੇ ਮਰਨ ਦੇ ਛੱਕ ਨਾ ਹੋ ਜਾਵੇ। ਉਹ ਫਿਰ ਤੋਂ ਦੁਸ਼ਮਣ ਦੇ ਆਉਣ ਦੀ ਉਡੀਕ ਕਰਦੀ। ਜਦੋਂ ਫਿਰ ਤੋਂ ਹੋਰ ਸੈਨਿਕ ਦਾਖਲ ਹੋਣ ਦੀ ਕੋਸ਼ਿਸ਼ ਕਰਦਾ, ਉਹ ਝੱਟ ਵਾਰ ਕਰਦੀ ਅਤੇ ਥਾਂ ਉਤੇ ਹੀ ਮਾਰ ਮੁਕਾਉਂਦੀ। ਇਸ ਤਰਾਂ ਦੇ ਸਿਲਸਿਲਾ ਕਾਫੀ ਦੇਰ ਤਕਚਲਿਆ।ਓਨੈਕੇ ਓਬਵਾਵਾ ਨੇ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਦੁਸ਼ਮਣ ਦੀਆਂ ਲਾਸ਼ਾਂ ਦਾ ਵੱਡਾ ਢੇਰ ਲਾ ਦਿੱਤਾ।

ਉਧਰ ਓਨੈਕੇ ਓਬਵਾਵਾ ਦਾ ਪਤੀ ਖਾਣਾ ਖਾ ਚੁੱਕਾ ਸੀ। ਹੁਣ ਉਹ ਪਾਣੀ ਦੀ ਉਡੀਕ ਕਰ ਰਿਹਾ ਸੀ। ਕਾਫੀ ਦੇਰ ਤਕ ਉਡੀਕ ਕਰਨ ਤੋਂ ਬਾਅਦ ਉਹ ਪਤਨੀ ਨੂੰ ਦੇਖਣ ਲਈ ਤਲਾਬ ਵੱਲ ਜਾਂਦਾ ਹੈ। ਤਲਾਬ ਉਸ ਗੁਪਤ ਰਾਹ ਤੋਂ ਅਗੇ ਪੈਂਦਾ ਸੀ। ਗੁਪਤ ਰਾਹ ਦੇ ਨੇੜੇ ਆ ਕੇ ਉਸ ਨੇ ਦੁਸ਼ਮਣ ਦੇ ਸੈਨਿਕਾਂ ਦੇ ਲਾਸ਼ਾਂ ਦੇ ਢੇਰ ਨੂੰ ਦੇਖਦਿਆਂ, ਉਹ ਹੈਰਾਨ ਰਹਿ ਜਾਂਦਾ ਹੈ। ਇਸ ਘਟਨਾਕ੍ਰਮ ਜਾਨਣ ਲਈ ਉਹ ਹੋਰ ਅਗੇ ਵੱਧਦਾ ਹੈ। ਉਹ ਹੈਰਾਨ ਹੋਇਆ, ਦੁਸ਼ਮਣ ਨਾਲ ਲੋਹਾ ਲੈਂਦੀ ਉਸ ਦੀ ਪਤਨੀ ਦੇ ਹੱਥ ਖੂਨ ਵਿਚ ਪੂਰੀ ਤਰਾਂ ਲਿੱਬੜੇ ਹੋਏ ਦੇਖਦਾ ਹੈ, ਉਹਬਹਾਦਰੀ ਨਾਲ ਦੁਸ਼ਮਣ ਨਾਲ ਜੂਝ ਰਹੀ ਸੀ। ਉਹ ਹੈਰਾਨ ਸੀ ਕਿ ਇਹ ਸਾਰਿਆਂ ਨੂੰ ਉਸ ਦੀ ਪਤਨੀ ਓਨੈਕੇ ਓਬਵਾਵਾ ਨੇ ਕਿਲੇ ਦੀ ਰਾਖੀ ਲਈ ਬਹਾਦਰੀ ਨਾਲ ਲੜਦੇ ਹੋਏ ਐਨੇ ਸਾਰੇ ਦੁਸ਼ਮਣਾਂ ਨੂੰ ਮਾਰ ਮੁਕਾਇਆ ਸੀ। ਉਸ ਨੇ ਤੁਰੰਤ ਘਰੇਲੂ ਫੌਜ ਨੂੰ ਚੇਤਾਵਨੀ ਦਿੱਤੀ, ਘਰੇਲੂ ਫੌਜ ਬਿਨਾਂ ਕਿਸੇ ਸਮੇਂ ਦੀ ਦੇਰੀ ਕੀਤਿਆਂ ਕਾਰਵਾਈ ਕੀਤੀ ਅਤੇ ਕਿਲੇ ਨੂੰ ਦੁਸ਼ਮਣ ਕੋਲੋਂ ਬਚਾ ਲਿਆ।

ਹੁਣ ਵੀਓਬਵਾਵਾ ਲਗਾਤਾਰ ਆਪਣੇ ਸੈਨਿਕਾਂ ਨੂੰ ਉਤਸ਼ਾਹਿਤ ਕਰਨ ਲਈ ਲਗੀ ਰਹੀ।ਉਸੇ ਦੌਰਾਨ ਇੱਕ ਦੁਸ਼ਮਣ ਸਿਪਾਹੀ ਉਸਨੂੰ ਪਿੱਠ ਵਿੱਚ ਗੋਲੀ ਮਾਰ ਦਿੱਤੀ। ਓਬਵਾਵਾ ਆਪਣੀ ਮਾਤ ਭੂਮੀ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਸਫਲ ਰਹੀ। ਪਰ ਨਾਲ ਹੀ ਉਸ ਨੇ ਆਜਾਦ ਬਹੁਤ ਖੁੱਲੇ ਮਾਹੌਲ ਵਿਚ ਜੰਮੀ ਨੇ ਆਜਾਦ ਰਾਜ ਵਿਚ ਹੀ ਆਪਣੀਆਂ ਅੱਖਾਂ ਹਮੇਸ਼ਾ ਲਈ ਬੰਦ ਕਰ ਲਈਆਂ। ਦੁਸ਼ਮਣ ਵਾਹ ਨਾ ਜਾਂਦੀ ਦੇਖ ਮੈਦਾਨ ਛੱਡ ਦੌੜ ਗਿਆ। ਕਿੱਸਾ ਇਸ ਵਾਰ ਬਹਾਦਰ ਔਰਤ ਦੀ ਬਹਾਦਰੀ ਕਾਰਨ ਦੁਸ਼ਮਣ ਕੋਲੋਂ ਬਚਾ ਲਿਆ ਗਿਆ।ਬੇਸ਼ੱਕ 1779 ਵਿਚ ਹੈਦਰਅਲੀ ਨੇ ਦੁਬਾਰਾ ਹਮਲਾ ਕਰ ਕਿਲੇ ਉਤੇ ਕਬਜ਼ਾ ਕਰ ਲਿਆ ਸੀ।

ਓਨੈਕੇ ਓਬਵਾਵਾ ਨੇ ਆਖਰੀ ਵਾਰ ਸਾਹ ਲੈਣ ਤੋਂ ਪਹਿਲਾਂ ਦੁਸ਼ਮਣਫੌਜਾਂ ਨੂੰ ਬਹੁਤ ਨੁਕਸਾਨ ਕੀਤਾ ਜਿਸ ਨੇ ਉਸ ਦੇ ਰਾਜਾ ਮਦਕਰੀ ਨਾਅਕਾ ਅਤੇ ਉਸ ਦੀ ਮਾਤ ਭੂਮੀ ਨੂੰ ਜਿੱਤ ਦਵਾਈ।ਕਰਨਾਟਕ ਦੇ ਇਤਿਹਾਸ ਵਿੱਚ ਓਨੈਕੇ ਓਬਵਾਵਾ ਦੀ ਕਹਾਣੀ ਨੂੰ ਬਹਾਦਰੀ ਅਤੇ ਬਹਾਦਰੀ ਦੀ ਇੱਕ ਵਿਲੱਖਣ ਕਹਾਣੀ ਵਜੋਂ ਜਾਣਿਆ ਜਾਂਦਾ ਹੈ ਅਤੇ ਆਉਣ ਵਾਲੀਆਂ ਪੀੜੀਆਂ ਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ।ਉਹ ਦੰਪਤੀ ਜੋੜਾ ਬੇਦਾ ਭਾਈਚਾਰੇ ਦਾ ਹਿੱਸਾ ਸੀ, ਭਾਰਤੀ ਜਾਤ ਪ੍ਰਣਾਲੀ ਵਿੱਚ ਦਲਿਤ ("ਅਛੂਤ") ਸਮੂਹ ਦੇ ਅਧੀਨ ਹੋਣ ਲਈ ਮੰਨਿਆ ਜਾਂਦਾ ਸੀ।ਪੋਤ੍ਰਨਾ ਕਨਾਗਲ ਦੁਆਰਾ ਨਿਰਦੇਸ਼ਤ ਨਾਗਰਹੁੱਵ ਦੇ ਇੱਕ ਮਸ਼ਹੂਰਕਲਾਕਾਰ ਨੇ ਆਪਣੀ ਲਘੂ ਫਿਲਮ ਦੁਆਰਾ ਉਸ ਦੀ ਮਹਾਨਤਾ ਦਾ ਬਹੁਤ ਵਧੀਆ ਢੰਗ ਨਾਲ ਵਰਨਣ ਕੀਤਾ ਹੈ। ਖੇਡ ਸਟੇਡੀਅਮ ਦਾ ਨਾਂ ਵੀ ਉਨ੍ਹਾਂ ਦੇ ਨਾਮ ਉੱਤੇ "ਵੀਰ ਓਨੈਕੇ ਓਬਵਾਵਾ ਸਟੇਡੀਅਮ", ਰੱਖਿਆ ਗਿਆ ਹੈ, ਅਤੇ ਚਿਤ੍ਰਦੁਰਗ ਵਿਚ ਜ਼ਿਲ੍ਹਾ ਕਮਿਸ਼ਨਰ ਦੇ ਦਫਤਰ ਵਿਚ ਅਸ਼ੋਕ ਗੁਡੀਗਰ ਦੁਆਰਾ ਬਣਾਈ ਗਈ ਉਸ ਦੀ ਮੂਰਤੀ ਸਥਾਪਿਤ ਕੀਤੀ ਗਈ ਹੈ।

# ਸੰਵਿਧਾਨ ਸਭਾ ਦੀ ਇਕਲੌਤੀ ਦਲਿਤ ਔਰਤ "ਦਕਸ਼ਯਾਨੀ ਵੇਲਾਯੁਧਨ"

**ਇੰਜੀ ਹਰਦੀਪ ਸਿੰਘ ਚੁੰਬਰ**

ਸਾਲ 1946 ਸੀ। 19 ਦਸੰਬਰ ਦੇ ਸਰਦੀਆਂ ਵਾਲੇ ਦਿਨ,ਭਾਰਤ ਦੀ ਨਵੀਂ ਬਣੀ ਸੰਵਿਧਾਨ ਸਭਾ ਦਾ ਸੈਸ਼ਨਚਲ ਰਿਹਾ ਸੀ,ਛੇਤੀ ਹੀ ਸੱਜਾ ਦੇ ਪਰਿਵਰਤਨ ਹੋਣ ਵਾਲੇ ਦੇਸ਼ ਲਈ ਸਦਨ ਵਿੱਚ ਸੰਵਿਧਾਨ ਦਾ ਖਰੜਾ ਤਿਆਰ ਕਰਨ ਉੱਤੇ ਬਹਿਸ ਹੋ ਰਹੀ ਸੀ।ਅਜੇ ਦੁਪਹਿਰ ਦਾ ਸਮਾਂ ਬੀਤਿਆ ਹੀ ਸੀ ਜਦੋਂ ਇੱਕ ਅਸਾਧਾਰਨ ਭਾਰਤੀ ਔਰਤ ਨੇ ਆਪਣਾ ਬਹੁਤ ਪ੍ਰਭਾਵਸ਼ਾਲੀ ਭਾਸ਼ਨ ਸ਼ੁਰੂ ਕੀਤਾ,ਉਹ ਔਰਤ ਦਕਸ਼ਯਾਨੀ ਵੇਲਾਯੁਧਨ ਸੀ, ਜੋ ਸੰਵਿਧਾਨ ਸਭਾ ਦੀ ਪਹਿਲੀ ਅਤੇ ਇਕਲੌਤੀ ਦਲਿਤ ਔਰਤ ਸੀ। ਭਾਰਤੀ ਸੰਵਿਧਾਨ ਸਭਾ ਦੀਆਂ15 ਮਹਿਲਾਵਾਂ ਵਿੱਚੋਂ ਉਹ ਸਭ ਤੋਂ ਛੋਟੀ ਉਮਰ ਦੀ ਮੈਂਬਰਾਂ ਸੀ ਜਿਨ੍ਹਾਂ ਨੇ ਭਾਰਤੀ ਗਣਰਾਜ ਦੇ ਨਿਰਮਾਣ 'ਤੇ ਆਪਣੀ ਛਾਪ ਛੱਡੀ।ਉਸਦਾ ਪਹਿਲਾ ਨਾਮ ਕਲਲਾਚਮੁਰੀ ਕੁੰਜਨ ਦਕਸ਼ਯਾਨੀ (ਕੇ।ਕੇ। ਦਕਸ਼ਯਾਨੀ) ਸੀ।

ਮਨੁੱਖ ਦੇ ਰੋਜ਼ਾਨਾ ਜੀਵਨ ਦੀਆਂ ਜ਼ਰੂਰਤਾਂ ਦੀ ਭਾਲ ਵਿੱਚ ਸੰਸਾਰ ਦੇ ਹਰ ਕੋਨੇ ਜਾਣ ਦੀ ਪਹੁੰਚ ਕਰਦਾ ਰਿਹਾ ਹੈ। ਅੱਜ ਪੰਜਾਬ ਹੀ ਨਹੀਂ ਭਾਰਤ ਦੇ ਹਰ ਰਾਜ ਤੋਂ ਲੋਕਾਂ ਦਾ ਵਿਦੇਸ਼ਾਂ ਵਿੱਚ ਜਾ ਕੇ ਰੋਜ਼ਗਾਰ ਅਤੇ ਜੀਵਨ ਗੁਜ਼ਾਰਨ ਦੇ ਸਾਧਨਾਂ ਦੀ ਤਲਾਸ਼ ਕਰ ਰਹੇ ਹਨ। ਭਾਰਤ ਕੁਦਰਤ ਦੀਆਂ ਨਿਆਮਤਾਂ ਨਾਲ ਭਰਪੂਰ ਅਮੀਰ ਦੇਸ ਰਿਹਾ ਹੈ। ਭਾਰਤ ਦੇ ਰਹਿਣ ਵਾਲੇ ਮੂਲ ਲੋਕਾਂ ਦੀਆਂ ਸਾਰੀਆਂ ਜ਼ਰੂਰਤਾਂ ਇੱਥੇ ਹੀ ਪੂਰੀਆਂ ਹੋ ਜਾਂਦੀਆਂ ਸਨ। ਇਸੇ ਕਾਰਨ ਭਾਰਤ ਦੇ ਮੂਲਨਿਵਾਸੀ ਲੋਕਾਂ ਨੇ ਬਾਹਰੀ ਦੇਸ਼ਾਂ ਦਾ ਰੁੱਖ ਨਹੀਂ ਕੀਤਾ।

ਬਹੁਤ ਪੁਰਾਣੇ ਸਮੇਂ ਤੋਂ ਹੀ ਭਾਰਤ ਦੇ ਲੋਕਾਂ ਦਾ ਖ਼ੁਸ਼ਹਾਲ ਜੀਵਨ ਸਰਲ ਸੁਭਾ, ਜਲ, ਜੰਗਲ ਅਤੇ ਉਪਜਾਓ ਜ਼ਮੀਨ ਵਿਦੇਸ਼ੀ ਲੋਕਾਂ ਦੇ ਖਿੱਚ ਦਾ ਕੇਂਦਰ ਰਿਹਾ ਹੈ। ਆਰੀਆਂ ਤੋਂ ਲੈ ਕੇ ਅੰਗਰੇਜਾਂ ਤੱਕ ਭਾਰਤ ਵਿੱਚ ਅਣਗਿਣਤ ਵਿਦੇਸ਼ੀ ਲੋਕ ਭਾਰਤ ਆਉਂਦੇ ਜਾਂਦੇ ਰਹੇ ਅਤੇ ਬਹੁਤ ਸਾਰੇ ਪੱਕੇ ਤੌਰ ਤੇ ਹੀ ਭਾਰਤ ਵਿੱਚ ਵਸਦੇ ਰਹੇ। ਅੰਗਰੇਜਾਂ ਦਾ ਸ਼ਾਸਨ ਤੋਂ ਪਹਿਲਾਂ ਤੱਕ ਭਾਰਤ ਦੇ ਮੂਲਨਿਵਾਸੀ ਲੋਕਾਂ ਨੂੰ ਸਾਰੇ ਹੀ ਵਿਦੇਸ਼ੀਲੋਕਾਂ ਨੇ ਗੁਲਾਮ ਬਣਾ ਕੇ ਰੱਖਿਆ ਹੋਇਆ ਸੀ। ਸਾਮ, ਦਾਮ, ਦੰਡ, ਭੇਤ ਨਾਲ ਪਾੜੋ ਅਤੇ ਰਾਜ ਕਰੋ ਦੀ ਨੀਤੀ ਨਾਲ ਵਿਦੇਸ਼ੀ ਲੋਕ ਮੂਲ ਭਾਰਤੀਆਂ ਦਾ ਸ਼ੋਸ਼ਣ ਕਰਦੇ ਰਹੇ ਹਨ। ਭਾਰਤ ਦੇ ਮੂਲਨਿਵਾਸੀ ਗੁਲਾਮ ਹੀ ਨਹੀਂ ਉਹਨਾਂ ਨੂੰ ਅਛੂਤਬਣਾ ਕੇ ਰੱਖਿਆ।

ਅੰਗਰੇਜ ਸ਼ਾਸਕਾਂ ਨੇ ਇੰਡੀਅਨ ਸਲੇਵਰੀ ਐਕਟ, 1843 ਬਣਾ ਕੇਗੁਲਾਮੀ ਅਤੇ ਉਸ ਨਾਲ ਜੁੜੇ ਬਹੁਤ ਸਾਰੇ ਆਰਥਿਕ ਲੈਣ-ਦੇਣ ਨੂੰ ਗੈਰਕਾਨੂੰਨੀ ਠਹਿਰਾਇਆ ਸੀ। ਕਿਸੇ ਵਿਅਕਤੀ ਨੂੰ ਗੁਲਾਮ ਵਜੋਂ ਵੇਚਣ 'ਤੇ ਪਾਬੰਦੀ ਲੱਗਾਈ ਗਈ ਸੀ, ਅਤੇ ਜੋ ਕੋਈ ਵੀ ਗੁਲਾਮ ਖਰੀਦਣ ਜਾਂ ਵੇਚਦਾ ਹੈ, ਉਸ 'ਤੇ ਭਾਰਤੀ ਦੰਡਾਵਲੀ ਦੇ ਤਹਿਤ ਸਖ਼ਤ ਸਜ਼ਾ ਵਾਲਾ ਅਪਰਾਧ ਦਰਜ ਦੋ ਕਾਨੂੰਨ ਸੀ। 1947 ਦੇ ਸੱਤਾ ਤਬਾਦਲੇ ਬਾਅਦ ਭਾਰਤੀ ਸੰਵਿਧਾਨ ਦੇ ਦਰਜ ਕੀਤੇ ਆਰਟੀਕਲ 17 ਦੇ ਨਾਲ "ਛੂਤ-ਛਾਤ" ਨੂੰ ਖਤਮ ਕਰ ਦਿੱਤਾ ਅਤੇ "ਅਛੂਤਤਾ" ਤੋਂ ਪੈਦਾ ਹੋਣ ਵਾਲੀ ਕਿਸੇ ਵੀ ਪ੍ਰਭਾਵ ਨੂੰ ਲਾਗੂ ਕਰਨਾ ਕਾਨੂੰਨ ਦੇ ਅਨੁਸਾਰ ਸਜ਼ਾਯੋਗ ਅਪਰਾਧ ਹੋਵੇਗਾ, ਕਾਨੂੰਨ ਬਣਾ ਦਿੱਤਾ ਗਿਆ।

1912 ਵਿੱਚ ਜੰਮੀਦਕਸ਼ਯਾਨੀ ਵੇਲਾਯੁਧਨ ਦਾ ਭਾਰਤੀ ਸੰਵਿਧਾਨ ਦੇ ਨਿਰਮਾਣ ਵਿੱਚ ਅਹਿਮ ਯੋਗਦਾਨ ਹੈ। ਦਕਸ਼ਯਾਨੀ ਦੀ ਕਹਾਣੀ ਨੂੰ ਉਸਦੇ ਸਮੇਂ ਦੀਆਂ ਵੱਡੀਆਂ ਰਾਸ਼ਟਰੀ ਸ਼ਖਸੀਅਤ ਦੁਆਰਾ ਜਾਣੇ ਅਤੇ ਅਣਜਾਣੇ ਵਿੱਚ ਸਾਲਾਂ ਤੋਂ ਬੌਣਾ ਕਰ ਦਿੱਤਾ ਗਿਆ ਹੈ।ਹੁਣ ਸਮਾਂ ਆ ਗਿਆ ਹੈ ਕਿ ਅਸੀਂ ਭਾਰਤ ਨੂੰ ਇੱਕ ਆਧੁਨਿਕ ਅਤੇ ਰਾਜਨੀਤਿਕ ਤੌਰ 'ਤੇ ਸੰਤੁਲਿਤ ਰਾਸ਼ਟਰ ਰਾਜ ਵਿੱਚ ਬਦਲਣ ਵਿੱਚ ਕੀਤੀ ਮਦਦ ਕਰਨ ਵਿੱਚ ਉਸਦੀ ਮਾਰਗ ਦਰਸ਼ਕ ਭੂਮਿਕਾ ਨੂੰ ਸਵੀਕਾਰ ਕਰੀਏ।

4 ਜੁਲਾਈ, 1912 ਨੂੰ ਮੁਲਾਵੁਕਾਡ (ਕੋਚੀ ਦੇ ਤੱਟ ਤੋਂ ਇੱਕ ਛੋਟਾ ਜਿਹਾ ਟਾਪੂ) ਵਿੱਚ ਪੈਦਾ ਹੋਈ, ਦਕਸ਼ਯਾਨੀ ਦੱਬੇ-ਕੁਚਲੇ ਪੁਲਯਾ ਭਾਈਚਾਰੇ ਦੀ ਇੱਕ ਮੈਂਬਰ ਸੀ, ਇਹ ਭਾਈਚਾਰਾ ਭਾਰਤ ਅਤੇ ਕੇਰਲਾ ਦੇ ਸਭ ਤੋਂ ਮੁਢਲੇ ਵਸਨੀਕਾਂ ਵਿੱਚੋਂ ਹੈ, ਨੂੰ ਅਛੂਤ ਮੰਨਿਆ ਜਾਂਦਾ ਹੈ ਅਤੇ ਤ੍ਰਾਵਣਕੋਰ ਅਤੇ ਕੋਚੀਨ ਦੀਆਂ ਰਿਆਸਤਾਂ ਵਿੱਚ ਉੱਚ ਜਾਤੀਆਂ ਦੁਆਰਾ ਗੰਭੀਰ



ਵਿਤਕਰੇ ਦਾ ਸ਼ਿਕਾਰ ਰਿਹਾ ਹੈ। ਆਪਣੇ ਹੱਕਾਂ ਲਈ ਲੜਨ ਵਾਲੇ ਕੇਪੀ ਕਰੁਪਨ ਦੁਆਰਾ 1934 ਦੀ ਇੱਕ ਰਿਪੋਰਟ ਦੇ ਅਨੁਸਾਰ, ਪੁਲਯਾ ਭਾਈਚਾਰੇ ਦੇ ਮਰਦ ਅਤੇ ਔਰਤਾਂ ਆਪਣੇ ਕਮਰ ਤੋਂ ਉੱਪਰਲੇ ਧੜ ਨੂੰ ਢੱਕਣ ਉੱਤੇ ਸਖ਼ਤ ਪਾਬੰਦੀ ਸੀ ਅਤੇ ਆਪਣੇ ਵਾਲ ਨਹੀਂ ਕੱਟ ਸਕਦੇ ਸਨ। ਉਨ੍ਹਾਂ ਨੂੰ ਜਨਤਕ ਸੜਕਾਂ, ਜਨਤਕ ਖੂਹ, ਬਜ਼ਾਰਾਂ, ਸਰਕਾਰੀ ਸਕੂਲਾਂ ਅਤੇ ਇਥੋਂ ਤੱਕ ਕਿ ਹਸਪਤਾਲਾਂ ਤੱਕ ਵੀ ਜਾਣ ਦੀ ਇਜਾਜ਼ਤ ਨਹੀਂ ਸੀ।

ਉਸ ਸਮੇਂ ਪ੍ਰਚਲਿਤ ਵਿਤਕਰੇ ਦੇ ਵਿਨਾਸ਼ਕਾਰੀ ਨਿਯਮਾਂ ਬਣਾ ਹੁਕਮ ਸੀ ਕਿ ਇੱਕ ਪੁਲਯਾ ਨੂੰ ਉੱਚ ਜਾਤੀਆਂ ਤੋਂ 64 ਕਦਮਾਂ ਦੀ ਦੂਰੀ ਰੱਖਣੀ ਪੈਂਦੀ ਸੀ ਅਤੇ ਉਹਨਾਂ ਨੂੰ ਹਰ ਚਾਰ ਜਾਂ ਪੰਜ ਕਦਮ ਚਲਣ ਤੋਂ ਬਾਅਦ ਇੱਕ ਖਾਸ ਪ੍ਰਕਾਰ ਕਰਕੇ ਕੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣਾ ਪੈਂਦਾ ਸੀ।ਇਸ ਤਰ੍ਹਾਂ ਦੇ ਹਾਲਾਤਾਂ ਵਿੱਚਦਕਸ਼ਯਾਨੀ ਦਾ ਮੁਢਲਾ ਜੀਵਨ 20ਵੀਂ ਸਦੀ ਦੇ ਸ਼ੁਰੂ ਵਿੱਚ ਕੇਰਲਾ ਵਿੱਚ ਸਖ਼ਤ ਜਾਤੀਵਾਦੀ ਪ੍ਰਣਾਲੀ ਵਿੱਚ ਵਿਕਸਿਤ ਹੋਇਆ। ਆਪਣੇ ਬਚਪਨ ਦੇ ਦੌਰਾਨ, ਉਸਨੇ ਇਸ ਭਿਆਨਕ ਜਾਤੀਵਾਦ ਦੇ ਵਿਰੁੱਧ ਅੰਦੋਲਨਾਂ ਨੂੰ ਦੇਖਿਆ ਜੋ ਕੇਰਲਾ ਦੇ ਦੋ ਸਭ ਤੋਂ ਵੱਡੇ ਸੁਧਾਰਕਾਂ, ਸ੍ਰੀ ਨਰ-ਾਇਣ ਗੁਰੂ ਅਤੇ ਅਯੰਕਾਲੀ ਦੁਆਰਾ ਉਸਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਗਿਆ ਸੀ।ਸਿਵਲ ਨਾਫ਼ਰਮਾਨੀ ਅੰਦੋਲਨਾਂ ਵਿੱਚੋਂ ਇੱਕ ਦੀ ਸਥਾਪਨਾ ਵੀ ਦਕਸ਼ਯਾਨੀ ਦੇ ਚਾਚਾ, ਕਲਲਾਚ-ਮੁਰੀ ਕ੍ਰਿਸ਼ਨਾਦੀ ਆਸਣ, ਪੰਡਿਤ ਕਰੁਪਨ ਅਤੇ ਟੀਕੇ ਕ੍ਰਿਸ਼ਨਾ ਮੇਨਨ ਦੇ ਨਾਲ 1913 ਵਿੱਚ ਕੀਤੀ ਸੀ। ਉਸਦਾ ਭਰਾ, ਕੇਪੀ ਵੈਲੋਨ, ਵੀ ਸੰਗਠਨ (ਜਿਸ ਨੂੰ ਪੁਲਯਾ ਮਹਾਜਨ ਸਭਾ ਕਿਹਾ ਜਾਂਦਾ ਹੈ) ਦਾ ਇੱਕ ਪ੍ਰਮੁੱਖ ਮੈਂਬਰ ਸੀ।

2019 ਵਿੱਤ ਕੇਰਲ ਸਰਕਾਰ ਨੇ ਸੰਵਿਧਾਨ ਸਭਾ ਦੀ ਪਹਿਲੀ ਅਤੇ ਇਕੱਲੀ ਦਲਿਤ ਔਰਤ ਦਕਸ਼ਯਾਨੀ ਵੇਲਾਯੁਧਨ ਦੇ ਨਾਮ 'ਤੇ ਔਰਤਾਂ ਲਈ ਸਾਲਾਨਾ ਪੁਰਸਕਾਰ ਦੀ ਸਥਾਪਨਾ ਕੀਤੀ। ਉਸ ਸਮੇਂ ਦੀ ਰਾਜ ਦੇ ਸਿਹਤ ਮੰਤਰੀ ਕੇ ਕੇ ਸ਼ੈਲਜਾ ਨੇ ਇਹ ਪੁਰਸਕਾਰ ਦੀ ਸ਼ੁਰੂਆਤ ਕਰਵਾਈ ਸੀ, ਇਹ ਉਹਨਾਂ ਲਈ ਹੈ ਜੋ ਲੋੜਵੰਦ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕਰਦੀ ਹੈ ਅਤੇ ਉਨ੍ਹਾਂ ਵਿੱਚੋਂ ਹਾਸ਼ੀਏ'ਤੇ ਰਹਿ ਰਹੇ ਲੋਕਾਂ ਨੂੰ ਉੱਚਾ ਚੁੱਕਣ ਲਈ ਮਿਹਨਤ ਕਰਦੀ ਹੈ। ਇਸ ਸਨਮਾਨ ਵਿੱਚ ਇੱਕ ਲੱਖ ਰੁਪਏ ਦਾ ਨਕਦ ਇਨਾਮ, ਇੱਕ ਪ੍ਰਸੰਸਾ ਪੱਤਰ ਅਤੇ

**(ਬਾਕੀ ਅਗਲੇ ਸਫੇ 'ਤੇ)**

# ਦਲਿਤ ਸਕੂਲ

- ਗੁਰਮੀਤ ਕੜਿਆਲਵੀ

ਮੈਂ ਪਿੰਡ ਦਾ ਦਲਿਤ ਸਕੂਲ ਹਾਂ
ਇਹ ਮੈਂ ਨਹੀਂ ਕਹਿੰਦਾ
ਸਕੂਲ ਦੀ ਲਿੱਪੀ -ਪੋਚੀ ਭੈਣਜੀ ਆਖਦੀ ਹੈ,
"ਪੜਾਉਣ ਨੂੰ ਤਾਂ ਉੱਕਾ ਰੂਹ ਨਹੀਂ ਕਰਦੀ
ਕੋਈ ਚੱਜ ਦਾ ਜੁਆਕ ਤਾਂ
ਸਕੂਲੇ ਪੜਨ ਹੀ ਨਹੀਂ ਆਉਂਦਾ
ਐਂਵੇ ਨਿੱਕੀਆਂ ਸੁੱਕੀਆਂ ਜਾਤਾਂ ਆਲ਼ੇ
ਰਹਿਗੇ ਸਿਰ ਖਾਣ ਨੂੰ
ਭਲਾ ਇਹਨਾਂ ਨਾਲ ਕੌਣ ਮੱਥਾ ਮਾਰੇ?"

ਸਕੂਲ ਆਲ਼ੀ ਭੈਣਜੀ ਜਮਾਂ ਸੱਚ ਬੋਲਦੀ ਐ
ਨਿੱਕੀਆਂ ਸੁੱਕੀਆਂ ਜਾਤਾਂ ਦੇ ਪਚਾਧੇ ਨੂੰ ਪੜਾਉਂਦਿਆਂ
ਉਹਦੀ ਸੋਹਲ ਤੇ ਕੋਮਲ ਜਿੰਦ ਡੋਲਦੀ ਐ
ਏਸੇ ਕਰਕੇ ਉਹ ਹਰ ਰੋਜ਼
ਸਕੂਲੋਂ ਦੌੜਨ ਦਾ ਬਹਾਨਾ ਟੋਲਦੀ ਹੈ।

ਹੁਣ ਤਾਂ ਭੈਣਜੀ ਪੱਕੇ ਤੌਰ 'ਤੇ ਸ਼ਹਿਰ ਦੇ
ਸਕੂਲ ਵਿਚ ਪਰਵਾਸ ਕਰ ਗਈ ਹੈ
ਜੁਆਕ ਆਂਹਦੇ ਸਕੂਲ 'ਚੋਂ
ਇਤਰ ਫਲੇਲ ਦੀ ਮਹਿਕ ਈ ਉੱਡਗੀ ਐ

ਹੁਣ ਸਕੂਲ ਦੇ ਢਾਈ ਸੌ ਜੁਆਕਾਂ ਨੂੰ
ਇੱਕੋ (ਸਵਾ ਲੱਖ) ਮਾਸਟਰ ਪੜਾਉਂਦਾ ਹੈ
ਜੁਆਕਾਂ ਦੀਆਂ ਸ਼ਿਕਾਇਤਾਂ ਸੁਣਦਾ ਹੈ
ਉਹਨਾਂ ਨੂੰ "ਦਿਲ ਕੀ ਬਾਤ" ਸੁਣਾਉਂਦਾ ਹੈ
ਸਮਝ ਲਓ ਸਕੂਲ ਦੀ ਯਾਤਰਾ 'ਤੇ
ਕਦੀ ਕਦਾਈਂ ਆਉਂਦਾ ਹੈ
ਤੇ ਫਿਰ
ਅਗਲੇ ਦੌਰੇ ਲਈ ਨਿਕਲ ਤੁਰਦਾ ਹੈ
ਕਦੇ ਵੋਟਾਂ ਬਣਾਉਣ
ਕਦੇ ਰੰਗ ਬਰੰਗੇ ਕਾਰਡ ਵੰਡਣ
ਤੇ ਕਦੇ ਮਰਦਮਸ਼ੁਮਾਰੀ ਕਰਨ

ਕਦੇ ਕਦੇ ਮਾਸਟਰ ਵੀ ਮੈਨੂੰ
ਆਪਣੇ ਵਰਗਾ ਦਲਿਤ ਹੀ ਲਗਦਾ ਹੈ
ਆਪਣੀ ਨਿਗੂਣੀ ਤਨਖਾਹ ਦਾ ਰੋਣਾ ਰੋਂਦਾ
ਪੱਕੇ ਹੋਣ ਲਈ ਟੈਂਕੀਆਂ 'ਤੇ ਚੜਦਾ
ਧਰਨਿਆਂ ਮੁਜ਼ਾਹਰਿਆਂ 'ਤੇ
ਆਪਣੇ ਵਾ਼ਲੀ ਪੁਲਿਸ ਤੋਂ ਸੇਵਾ ਕਰਾਉਂਦਾ

ਇਹ ਇਕਲੌਤਾ ਮਾਸਟਰ
ਬੱਚਿਆਂ ਨੂੰ ਗਣਿਤ ਦੇ ਪਹਾੜੇ ਵੀ ਪੜਾਉਂਦਾ ਹੈ
ਤੇ ਚਾਚਿਆਂ ਬਾਪੂਆਂ ਦੇ ਲੇਖਾਂ ਨੂੰ
ਰੱਟਾ ਵੀ ਲੁਆਉਂਦਾ ਹੈ
ਸਾਇੰਸ ਦੇ ਲਾਭ ਹਾਨੀਆਂ ਦੱਸਦਿਆਂ
ਆਪਣੇ ਮੋਬਾਇਲ ਨਾਲ ਮਨ ਪਰਚਾਉਂਦਾ ਹੈ
ਤੇ ਮੇਰੇ ਜੁਆਕ ਜੋੜੀਆਂ ਬਣਾ
ਚਿੜੀ ਉੱਡ ਕਾਂ ਉੱਡ ਖੇਡਣ ਲਗਦੇ ਹਨ
ਜੁਆਕ ਮਾਸਟਰ ਨੂੰ ਡਿਸਟਰਬ ਨਹੀਂ ਕਰਦੇ
ਤੇ ਮਾਸਟਰ ਵੀ ਜੁਆਕਾਂ ਦੇ ਕੰਮ 'ਚ
ਦਖਲ ਨਹੀਂ ਦਿੰਦਾ
ਏਸ ਪੱਖੋਂ ਦੋਵੇਂ ਧਿਰਾਂ ਪੂਰੀਆਂ ਸ਼ਹਿਣਸ਼ੀਲ ਨੇ
ਸਦਭਾਵਨਾ ਏਨੀ ਕਿ ਅੱਧੀ ਛੁੱਟੀ ਵੇ਼ਲੇ
ਮਿਡ ਡੇ ਮੀਲ ਵੀ ਇਕੱਠੇ ਛਕਦੇ ਨੇ

ਇਕ ਦਿਨ ਮਾਸਟਰ ਨੇ
ਸੁਤੰਤਰਤਾ ਦਿਵਸ ਦੇ ਲੇਖ ਦਾ ਰੱਟਾ ਲਵਾਇਆ ਸੀ
ਅਗਲੇ ਦਿਨ ਬੱਕਰੀਆਂ ਆਲਿਆਂ ਦਾ ਠੋਲਾ
ਅਵੱਲੀ ਹੀ ਗੱਲ ਕੱਢ ਲਿਆਇਆ ਸੀ ,
"ਮਾਹਟਰ ਜੀ ਬਾਪੂ ਆਂਹਦਾ
ਥੋਡੇ ਮਾਹਟਰਾਂ ਨੂੰ ਤਾਂ ਭਕਾਈ ਮਾਰਨ ਦੀ ਵਾਦੀ ਐ
ਜਿਹੜੀ ਆਪਾਂ ਨੂੰ ਮਿਲੀ, ਸੱਚੀ ਨਹੀਂ
ਉਹ ਤਾਂ ਝੂਠੀ ਮੂਠੀ ਦੀ ਆਜ਼ਾਦੀ ਐ
ਬਾਪੂ ਆਂਹਦਾ ਰਾਜੇ ਤਾਂ ਪਹਿਲਾਂ ਆ਼ਲੇ ਈ ਨੇ
ਬਸ ਰੰਗ ਦਾ ਹੀ ਫਰਕ ਐ
ਕੁੱਝ ਘਰਾਣੇ ਹੀ ਅਮੀਰ ਹੋਏ ਨੇ
ਮੁਲਕ ਤਾਂ ਪਹਿਲਾਂ ਨਾਲੋਂ ਵੀ ਗਰਕ ਐ"

ਮੇਰੇ ਜੁਆਕ ਨਵੇਂ ਨਵੇਂ ਸੁਆਲ ਕਰਦੇ ਨੇ
ਮਾਸਟਰ ਦੇ ਗਿਆਨ 'ਚ ਮਣਾਮੂੰਹੀ ਵਾਧਾ ਕਰਦੇ ਨੇ

ਮਾਸਟਰ ਜੀ ਵਲੋਂ ਪਾਣੀ ਬਾਰੇ ਪੜਾਉਂਦਿਆਂ
"ਲਾਟੂ" ਦਾ ਗੇਅਰ ਇਕ ਗੱਲ 'ਤੇ ਅੜ ਗਿਆ ਸੀ
ਮਹਰਿਆਂ ਦਾ ਇਹ ਜੁਆਕ
ਮਾਸਟਰ ਅੱਗੇ ਸੁਆਲ ਬਣਕੇ ਖੜ ਗਿਆ ਸੀ
"ਮਾਸਟਰ ਜੀ ਕਹਿੰਦੇ ਧਰਤੀ ਉਤੇ ਤਿੰਨ ਹਿੱਸੇ ਪਾਣੀ ਐ
ਗੱਲ ਸੱਚੀ ਕਿ ਤੇਰੇ ਮੇਰੇ ਵਰਗਿਆਂ ਦੀ ਘੜੀ ਕਹਾਣੀ ਐ?"
ਮਾਸਟਰ ਐਨਕਾਂ ਨੂੰ ਨੱਕ ਦੀ ਘੋੜੀ 'ਤੇ ਲਿਆਇਆ ਸੀ
ਤੇ ਸ਼ਰਾਰਤੀ ਅੱਖਾਂ ਨਾਲ ਮੁਸਕਰਾਇਆ ਸੀ,
"ਊਂ ਮੇਰੇ ਹਿਸਾਬ ਨਾਲ ਤਾਂ
ਧਰਤੀ ਉਤੇ ਤਿੰਨ ਹਿੱਸੇ ਪਾਣੀ ਐ
ਫੇਰ ਵੀ ਆਵਦੀ ਬੀਬੀ ਨੂੰ ਪੁੱਛ ਕੇ ਆਵੀਂ
ਮੇਰੇ ਨਾਲੋਂ ਤਾਂ ਉਹ ਕਈ ਗੁਣਾ ਸਿਆਣੀ ਐ"

ਤੇ ਅਗਲੇ ਦਿਨ

"ਮਾਸਟਰ ਜੀ ਮਾਂ ਤਾਂ ਆਂਹਦੀ
ਥੋਡਾ ਮਾਟਰ ਧੜੀ ਧੜੀ ਦੇ ਗਪੌੜ ਛੱਡਦਾ
ਧਰਤੀ 'ਤੇ ਐਨਾ ਪਾਣੀ ਕਿਥੋਂ ਆ ਗਿਆ?
ਆਪਾਂ ਤਾਂ ਪੀਣ ਨੂੰ ਵੀ ਤਰਲੇ ਮਾਰਦੇ ਆਂ
ਕਈ ਕਈ ਦਿਨ ਨਾਉਣਾ ਧੋਣਾ ਟਾਲਦੇ ਆਂ
ਬਾਲਟੀ ਦੀ ਥਾਂ ਗਿਲਾਸ ਨਾਲ
ਤੇ ਗਿਲਾਸ ਦੀ ਥਾਂ ਚੂਲੀਆਂ ਨਾਲ ਸਾਰਦੇ ਆਂ"

ਸਾਂਸੀਆਂ ਦਾ ਦੌਲਤੀ ਇੰਡੀਆ ਆਲੇ ਨਕਸ਼ੇ 'ਤੇ
ਉਂਗਲ ਘੁਮਾਉਂਦਾ ਹੈ
ਮਾਸਟਰ ਨੂੰ ਆਪਣਾ ਦਰਦ ਸੁਣਾਉਂਦਾ ਹੈ
"ਮਾਹਟਰ ਜੀ ਆਹ ਸਾਰਾ ਮੁਲਕ ਆਪਣਾ ਈ ਐ?"
"ਕੋਈ ਸ਼ੱਕ?" ਮਾਸਟਰ ਫਿਲਮੀ ਡਾਇਲਾਗ ਮਾਰਦਾ ਹੈ
"ਹੱਛਾ!!" ਦੌਲਤੀ ਹੈਰਾਨ ਹੀ ਨਹੀਂ ਪਰੇਸ਼ਾਨ ਐ
ਕਿ ਦੇਸ਼ ਦਾ ਕਿਹੋ ਜਿਹਾ ਵਿਧੀ ਵਿਧਾਨ ਐ
ਐਡੇ ਮੁਲਕ ਵਿਚ ਵੀ ਸਾਡੇ ਰਹਿਣ ਲਈ
ਨਾ ਕੋਈ ਥਾਂ ਤੇ ਨਾ ਕੋਈ ਮਕਾਨ ਐ
ਫਿਰ ਰੇਡੂਆ ਐਵੇਂ ਰੋਜ਼ ਰੌ਼ਲਾ ਪਾਈ ਜਾਂਦਾ
ਕਿ ਮੇਰਾ ਭਾਰਤ ਮਹਾਨ ਐ?
ਦੌਲਤੀ ਇਉਂ ਹੀ ਦੇਸ਼ ਆ਼ਲੇ ਨਕਸ਼ੇ 'ਚੋਂ
ਆਪਣੇ ਰਹਿਣ ਲਈ ਅਕਸਰ ਥਾਂ ਭਾਲਦਾ ਹੈ)

ਘੁਮਿਆਰਾਂ ਦਾ ਘੰਮਾ ਤਾਂ ਬੜਾ ਵਹਿਬਤੀ ਐ
ਮਾਸਟਰ ਦੇ ਸੁਆਲ ਦਾ ਵੱਖਰਾ ਈ ਜੁਆਬ ਦਿੰਦਾ ਹੈ
"ਘੰਮਿਆ ਧਰਤੀ ਘੁੰਮਦੀ ਕਿ ਖੜੀ?"
"ਮਾਹਟਰ ਸੈਬ ਮੇਰਾ ਬਾਪੂ ਆਂਹਦਾ ਖੜੀ ਹੋਣੀ ਐ
ਜੇ ਘੁੰਮਦੀ ਹੁੰਦੀ ਤਾਂ
ਆਪਣਾ ਚੱਕ ਵੀ ਘੁੰਮਦੇ ਰਹਿਣਾ ਸੀ
ਤੇ ਚੱਕ ਦੇ ਘੁੰਮਣ ਨਾਲ ਹੀ
ਘਰਦੇ ਜੀਆਂ ਦੇ ਮੂੰਹ 'ਚ ਅੰਨ ਪੈਣਾ ਸੀ
ਹੁਣ ਦੀਵਾਲੀ ਵੇਲੇ ਦੀਵੇ ਨਹੀਂ
ਬਨੇਰਿਆਂ 'ਤੇ ਲੜੀਆਂ ਜਗਦੀਆਂ ਨੇ
ਕੀ ਦੱਸੀਏ ਮਾਟਰ ਜੀ ਕਿੰਨੀਆਂ ਬੁਰੀਆਂ ਲਗਦੀਆਂ ਨੇ
ਹਟੜੀਆਂ ਜਗਾਉਣ ਵਾਸਤੇ ਤਾਂ ਕੁੜੀਆਂ ਈ ਨਹੀਂ ਰਹੀਆਂ
ਸ਼ੋਹਦਿਆਂ ਢਿੱਡ ਅੰਦਰ ਈ ਮਾਰ ਸੁੱਟੀਆਂ ਨੇ
ਸੋ ਮਾਹਟਰ ਜੀ
ਬਾਪੂ ਦੀ ਗੱਲ 'ਚ ਸਚਾਈ ਬੜੀ ਐ
ਧਰਤੀ ਘੁੰਮਦੀ ਨੀ ਇਕੋ ਥਾਂਏ ਖੜੀ ਐ"

ਮਜਬੀਆਂ ਦੀ ਘੀਟੋ
ਸਕੂਲ ਲੰਗੇ ਡੰਗ ਆਉਂਦੀ ਐ
ਜ਼ਿਆਦਾ ਦਿਨ ਆਵਦੀ ਵਿਧਵਾ ਮਾਂ ਨਾ਼ਲ
ਲੋਕਾਂ ਦੇ ਘਰੀਂ ਗੋਹਾ ਕੂੜਾ ਕਰਾਉਂਦੀ ਐ
ਗੋਹੇ ਦੇ ਭਰੇ ਟੋਕਰੇ ਚੁੱਕਦਿਆਂ ਮੁਤਰਾਲ
ਵਰਦੀ 'ਤੇ ਭਾਰਤ ਮਾਤਾ ਦਾ ਨਕਸ਼ਾ ਬਣਾਉਂਦਾ ਹੈ
ਉਸਦੀਆਂ ਮਾਸੂਮ ਅੱਡੀਆਂ 'ਚ ਫਸਿਆ ਗੋਹਾ
ਰਾਜਧਾਨੀ ਦੀ ਸਿੱਖਿਆ ਨੀਤੀ ਨੂੰ ਦੰਦੀਆਂ ਚਿੜਾਉਂਦਾ ਹੈ

ਮੈਂ ਪਿੰਡ ਦਾ ਦਲਿਤ ਸਕੂਲ
ਰਾਜਧਾਨੀ ਦੀ ਮੀਸਣੀ ਅੱਖ ਦਾ ਸੁਪਨਾ ਹਾਂ
ਜੋ ਕੇਵਲ ਨੇਤਾਵਾਂ ਦੇ ਵਿਕਾਸਮੁਖੀ ਬਿਆਨਾਂ 'ਚ ਹੀ
ਚਮਕਦਾ ਤੇ ਦਮਕਦਾ ਹੈ
ਉਂਜ ਤਾਂ ਬਸ ਅਖਬਾਰਾਂ ਤੇ ਚੈਨਲਾਂ ਦੀਆਂ
ਖਬਰਾਂ 'ਚ ਹੀ ਲਟਕਦਾ ਹੈ
ਤੇ ਘੰਮਿਆਂ, ਘੋਟੀਆਂ, ਦੌਲਤੀਆਂ, ਠੋਲਿਆਂ ਨੂੰ
ਸਰਵਪੱਖੀ ਗਿਆਨ ਬਖਸ਼ਦਾ ਹੈ

ਮੇਰੇ ਮੱਥੇ 'ਤੇ ਉੱਕਰਿਆ,
"ਸਿੱਖਣ ਲਈ ਆਉ ਸੇਵਾ ਲਈ ਜਾਓ" ਦਾ ਨਾਅਰਾ
ਮੇਰੇ ਢਿੱਡ 'ਚ ਕੁਤਕਤਾੜੀਆਂ ਕੱਢਦਾ ਹੈ
ਸੂਟ-ਬੂਟ ਤੇ ਨੈਕਟਾਈ ਵਾਲਿਆਂ ਦੇ ਫਰਜੰਦਾਂ ਨੂੰ
ਮੇਰੇ ਤੋਂ ਭਿੱਟ ਚੜਦੀ ਹੈ
ਮੇਰੇ ਕੋ਼ਲੋਂ ਲੰਘਣ ਲੱਗਿਆਂ
ਮੁਸ਼ਕ ਨੱਕ ਨੂੰ ਚੜਦੀ ਐ
ਏਸੇ ਕਰਕੇ ਉਹਨਾਂ ਦੀ ਸਕੂਲ ਵੈਨ
ਮੇਰੇ ਕੋ਼ਲੋਂ ਦੂਰ ਦੂਰ ਹੋਕੇ ਲੰਘਦੀ ਹੈ
ਮੈਨੂੰ ਦੁਖੀ ਕਰਦੀ ਹੈ
ਮੇਰੇ ਲਾਡਲ਼ਿਆਂ ਦਾ ਕਲੇਜਾ ਡੰਗਦੀ ਹੈ

ਮੈਂ ਆਪਣੇ ਆਲ਼ਿਆਂ-ਭੋਲ਼ਿਆਂ ਦੀਆਂ ਅੱਖਾਂ 'ਚ
ਸੁਪਨੇ ਬੀਜਣਾਂ ਚਹੁੰਦਾ ਹਾਂ
ਇਸੇ ਕਰਕੇ ਆਏ ਸਾਲ
ਰਾਜਧਾਨੀ ਵੱਲ ਝੋ਼ਲੀ ਫੈਲਾਉਂਦਾ ਹਾਂ
ਮੈਂ ਪਿੰਡ ਦਾ ਦਲਿਤ ਸਕੂਲ ਹਾਂ।

# ਸੰਵਿਧਾਨ ਸਭਾ ਦੀ ਇਕਲੌਤੀ ਦਲਿਤ ਔਰਤ "ਦਕਸ਼ਯਾਨੀ ਵੇਲਾਯੁਧਨ"

(ਸਫਾ 28 ਦੀ ਬਾਕੀ)

ਇੱਕ ਮੂਰਤੀ ਹੈ।

ਅੰਗਰੇਜ ਸਰਕਾਰ ਦੁਆਰਾ ਚਲਾਏ ਸਮਾਜ ਸੁਧਾਰਾਂ ਦੇ ਪ੍ਰੋਗਰਾਮਾਂ ਨੂੰ ਅੱਗੇ ਵਧਾਉਂਦੇ ਫੂਲੇ ਦੰਮਪਤੀ ਦੇ ਦੱਬੇ-ਕੁਚਲੇ ਗੁਲਾਮ ਲੋਕਾਂ ਅਤੇ ਔਰਤਾਂ ਲਈ ਸਿੱਖਿਆ ਦੇ ਪ੍ਰਚਾਰ ਪਸਾਰ ਦਾ ਪ੍ਰਭਾਵ ਦੱਖਣ ਭਾਰਤ ਵਿੱਚ ਕਾਫੀ ਰਿਹਾ ਹੈ। ਉਹਨਾਂ 1848 ਵਿੱਚ ਹਿੰਦੂ ਸੰਸਕ੍ਰਿਤੀ ਨੂੰ ਪਰਨਾਏ ਸਮਾਜ ਦੇ ਲੋਕਾਂ ਦੇ ਘੋਰ ਵਿਰੋਧ ਦੇ ਚਲਦੇ ਉਹਨਾਂ ਨੇ ਦੱਬੇ-ਕੁਚਲੇ ਗੁਲਾਮ ਲੋਕਾਂ ਅਤੇ ਔਰਤਾਂ ਲਈ ਸਕੂਲ ਖੋਲਿਆ ਸੀ। ਦਕਸ਼ਯਾਨੀ ਵੇਲਾਯੁਧਨ ਦਾ ਜਨਮ ਇੱਕ ਨੀਵੀਂ ਜਾਤੀ ਦੇ ਪੁਲਯਾ ਪਰਿਵਾਰ ਵਿੱਚ ਹੋਇਆ ਸੀ। ਉਸ ਨੂੰ ਉੱਚ ਸਿੱਖਿਆ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਸੀ, ਅਤੇ ਪਹਿਲੀ ਮਹਿਲਾ ਅਨੁਸੂਚਿਤ ਜਾਤੀ ਗ੍ਰੈਜੂਏਟ ਹੋਣ ਦਾ ਮਾਣ ਪ੍ਰਾਪਤ ਕੀਤਾ ਗਿਆ ਸੀ। ਗ੍ਰੈਜੂਏਸ਼ਨ ਤੋਂ ਬਾਅਦ, ਉਹ ਤ੍ਰਿਸੂਰ ਵਿੱਚ ਇੱਕ ਅਧਿਆਪਕ ਬਣ ਗਈ।ਉਸ ਦੇ ਪਰਿਵਾਰਕ ਮੈਂਬਰਾਂ ਦੀ ਉੱਚ ਜਾਤੀ ਦੇ ਹੁਕਮਾਂ ਦੇ ਵਿਰੁੱਧ ਸਿਵਲ ਨਾਫ਼ਰਮਾਨੀ ਦੀਆਂ ਲਹਿਰਾਂ ਵਿੱਚ ਸਰਗਰਮ ਸ਼ਮੂਲੀਅਤ ਨੇ ਉਸਨੂੰ ਰਾਜਨੀਤੀ ਵਿੱਚ ਆਉਣ ਲਈ ਵੀ ਪ੍ਰੇਰਿਤ ਕੀਤਾ। ਬਾਅਦ ਵਿੱਚ1945 ਵਿੱਚ, ਉਸਨੂੰ ਕੋਚੀਨ ਵਿਧਾਨ ਪ੍ਰੀਸ਼ਦ ਲਈ ਨਾਮਜ਼ਦ ਕੀਤਾ ਗਿਆ।

ਵੇਲਾਯੁਧਨ ਮਦਰਾਸ ਹਲਕੇ ਤੋਂ ਸੰਵਿਧਾਨ ਸਭਾ ਲਈ ਚੁਣੇ ਗਏ ਸਨ। 34 ਸਾਲ ਦੀ ਉਮਰ ਵਿੱਚ, ਉਹ ਸੰਵਿਧਾਨ ਸਭਾ ਦੀ ਸਭ ਤੋਂ ਛੋਟੀ ਅਤੇ ਇੱਕੋ ਇੱਕ ਦਲਿਤ ਔਰਤ ਮੈਂਬਰ ਸੀ। ਉਸਨੇ ਛੂਤ-ਛਾਤ, ਜਬਰੀ ਮਜ਼ਦੂਰੀ, ਰਾਖਵੇਂਕਰਨ ਅਤੇ ਦਲਿਤਾਂ ਲਈ ਵੱਖਰੇ ਵੋਟਰਾਂ ਦੇ ਮੁੱਦਿਆਂ 'ਤੇ ਮੁੱਖ ਦਾ ਜੋਰਦਾਰ ਸਮਰਥਨ ਕੀਤਾ। ਉਸਨੇ ਅਨੁਸੂਚਿਤ ਜਾਤੀ ਦੇ ਨੇਤਾ ਆਰ। ਵੇਲਾਯੁਧਨ ਨਾਲ ਵਿਆਹ ਕੀਤਾ, ਅਤੇ ਬਾਅਦ ਵਿੱਚ ਉਹ ਸੰਸਦ ਮੈਂਬਰ। ਉਨ੍ਹਾਂ ਦਾ ਵਿਆਹ ਵਰਧਾ ਦੇ ਸੇਵਾਗ੍ਰਾਮ ਵਿਖੇ ਗਾਂਧੀ ਅਤੇ ਕਸਤੂਰਬਾ ਦੇ ਗਵਾਹਾਂ ਵਜੋਂ ਅਤੇ ਇੱਕ ਕੋੜ੍ਹੀ ਦੇ ਨਾਲ ਪੁਜਾਰੀ ਵਜੋਂ ਹੋਇਆ ਸੀ। ਇਸ ਜੋੜੇ ਦੇ ਪੰਜ ਬੱਚੇ ਸਨ। ਵੇਲਾਯੁਧਨ ਆਪਣੇ ਪਤੀ ਦੇ ਨਾਲ ਸੂਬਾਈ ਸੰਸਦ ਦਾ ਹਿੱਸਾ ਸੀ, ਉਨ੍ਹਾਂ ਨੂੰ ਸੰਸਦ ਵਿੱਚ ਪਹਿਲਾ ਦਲਿਤ ਜੋੜਾ ਸੀ।

ਇਤਿਹਾਸ ਦੇ ਪ੍ਰਸਿੱਧ ਬਿਰਤਾਂਤਾਂ ਨੇ ਸਾਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕੀਤਾ ਹੈ ਕਿ ਇਹ ਸਿਰਫ਼ ਮਰਦ ਹੀ ਸਨ ਜੋ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ। ਸੰਵਿਧਾਨ ਸਭਾ ਦੇ 299 ਮੈਂਬਰਾਂ ਵਿੱਚੋਂ 15ਵੀ ਔਰਤਾਂ ਸਨ। ਉਨ੍ਹਾਂ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ। ਉਹ ਜੀਵਨ ਦੇ ਵੱਖ-ਵੱਖ ਖੇਤਰਾਂ ਤੋਂ ਆਏ ਸਨ- ਵਕੀਲ, ਆਜ਼ਾਦੀ ਘੁਲਾਟੀਏ, ਸਿਆਸਤਦਾਨ, ਅਤੇ ਹੋਰ। ਭੀਮ ਰਾਓ ਰਾਮਜੀ ਅੰਬੇਡਕਰ ਦੀ ਅਗਵਾਈ ਵਿੱਚ ਉਹਨਾਂ ਨੇ ਉਹਨਾਂ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਦੇ ਹੋਏ ਵਿਚਾਰ-ਵਟਾਂਦਰਾ ਕੀਤਾ, ਬਹਿਸ ਕੀਤੀ ਅਤੇ ਆਪਣੇ ਵਿਚਾਰ ਰੱਖੇ।ਸੰਵਿਧਾਨ ਦੇ ਪਿੱਛੇ ਔਰਤਾਂ ਵਿੱਚੋਂ ਦਕਸ਼ਯਾਨੀ ਵੇਲਾਯੁਧਨ, ਸਭ ਤੋਂ ਛੋਟੀ ਅਤੇ ਇੱਕੋ-ਇੱਕ ਦਲਿਤ ਔਰਤ ਜਿਸ ਨੇ ਭਾਰਤ ਦੇ ਸੰਵਿਧਾਨ ਨੂੰ ਆਕਾਰ ਦੇਣ ਵਿੱਚ ਮਦਦ ਕੀਤੀ।

ਵੇਲਾਯੁਧਨ ਦੇ ਜਨਮ ਦੇ ਸਮੇਂ ਤੱਕ, ਇਸ ਭਿਆਨਕ ਜਾਤੀਵਾਦ ਦੇ ਵਿਰੁੱਧ ਅੰਦੋਲਨ ਸ਼ੁਰੂ ਹੋ ਚੁੱਕਾ ਸੀ। ਅਯੰਕਲੀ ਵਰਗੇ ਪੁਲਾਯਾ ਸੁਧਾਰਕਾਂ ਨੇ ਭਾਈਚਾਰੇ ਦਾ ਹੌਸਲਾ ਵਧਾਇਆ ਸੀ, ਪਰ ਇਹ ਅਜੇ ਵੀ ਲੰਬਾ ਰਾਹ ਸੀ। ਵੇਲਾਯੁਧਨ ਨੇ ਆਗਾਮੀ ਸਵੈ-ਜੀਵਨੀ ਵਿੱਚ ਆਪਣੇ ਸ਼ੁਰੂਆਤੀ ਬਚਪਨ ਬਾਰੇ ਲਿਖਿਆ ਹੈ- "ਕਿਸੇ ਗਰੀਬ ਪੁਲਯਾ ਪਰਿਵਾਰ ਵਿੱਚ ਪੈਦਾ ਹੋਈ" ਅਤੇ ਪੰਜ ਬੱਚਿਆਂ ਦੇ ਪਰਿਵਾਰ ਵਿੱਚ ਉਸਦੇ ਪਿਤਾ ਦੁਆਰਾ ਪਿਆਰ ਨਾਲ ਪਾਲਣ ਪੋਸ਼ਣ ਕੀਤਾ ਗਿਆ। ਵੇਲਾਯੁਧਨ ਨੂੰ ਬਾਅਦ ਵਿੱਚ ਇਸ ਲਈ ਵੀ ਜਾਣਿਆ ਜਾਂਦਾ ਹੈ -ਛਾਤੀਆਂ ਢਕਣ ਵਾਲੀ ਪਹਿਲੀ ਦਲਿਤ ਲੜਕੀ ਅਤੇ ਭਾਰਤ ਵਿੱਚ ਪਹਿਲੀ ਦਲਿਤ ਔਰਤ ਗ੍ਰੈਜੂਏਟ ਹੋਣ ਦੇ ਰੂਪ ਵਿੱਚ ਪਹਿਚਾਣ ਹੋਈ ਸੀ।

ਉਸ ਨੇ ਬੈਚਲਰ ਡਿਗਰੀ ਕਰਨ ਦੌਰਾਨ ਵੇਲਾਯੁਧਨ ਦੇ ਨਾਲ ਹੋਏ ਵਿਤਕਰੇ ਅਤੇ ਦੁਰਵਿਵਹਾਰ ਬਾਰੇ ਲਿਖਿਆ ਹੈ। ਪੂਰੇ ਵਿਗਿਆਨ ਵਿਭਾਗ ਵਿੱਚ ਉਹ ਇਕਲੌਤੀ ਵਿਦਿਆਰਥਣ ਸੀ ਅਤੇ ਇੱਕ ਉੱਚ ਜਾਤੀ ਦੇ ਅਧਿਆਪਕ ਨੇ ਉਸ ਨੂੰ ਪ੍ਰਯੋਗ ਦਿਖਾਉਣ ਤੋਂ ਇਨਕਾਰ ਕਰ ਦਿੱਤਾ। 1935 ਵਿੱਚ ਗ੍ਰੈਜੂਏਸ਼ਨ ਕਰਨ ਵਾਲੇ ਵੇਲਾਯੁਧਨ ਨੇ ਦੂਰੋਂ ਦੇਖ ਕੇ ਇਹ ਸਿੱਖਿਆ। ਇਸ ਅਵੱਗਿਆ ਅਤੇ ਜਬਰ ਨੇ ਵੇਲਾਯੁਧਨ ਦੇ ਜੀਵਨ ਦਾ ਬਹੁਤਾ ਹਿੱਸਾ ਚਿੰਨ੍ਹਿਤ ਕੀਤਾ।ਆਪਣੀ ਕਿਤਾਬ ਵਿੱਚ, ਵੇਲਾਯੁਧਨ ਇੱਕ ਘਟਨਾ ਬਾਰੇ ਲਿਖਦੀ ਹੈ ਜਦੋਂ ਤ੍ਰਿਚੂਰ ਜ਼ਿਲੇ ਦੇ ਇੱਕ ਸਰਕਾਰੀ ਹਾਈ ਸਕੂਲ ਵਿੱਚ ਅਧਿਆਪਕ ਦੇ ਰੂਪ ਵਿੱਚ ਉਹ ਸੜਕ 'ਤੇ ਇੱਕ ਨਾਇਰ ਔਰਤ ਨੂੰ ਮਿਲੀ ਜਿਸ ਨੇ ਵੇਲਾਯੁਧਨ ਨੂੰ ਰਸਤਾ ਬਣਾਉਣ ਦੀ ਮੰਗ ਕੀਤੀ। ਪੁਲਯਾ ਭਾਈਚਾਰੇ ਦੇ ਲੋਕਾਂ ਨਾਲ ਜਿਸ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਸੀ, ਉਸ ਕਾਰਨ ਇਹ ਅਜੇ ਵੀ ਪ੍ਰਚਲਿਤ ਸੀ। ਸੜਕ ਦੇ ਦੋਵੇਂ ਪਾਸੇ ਝੋਨੇ ਦੇ ਖੇਤ ਸਨ। ਵੇਲਾਯੁਧਨ ਨੇ ਇਨਕਾਰ ਕਰ ਦਿੱਤਾ ਅਤੇ ਅਡੋਲ ਰਹੀ। "ਮੈਂ ਉਸਨੂੰ ਉਸਦੇ ਚਿਹਰੇ 'ਤੇ ਸਿੱਧਾ ਕਿਹਾ, ਜੇ ਤੁਸੀਂ ਮੇਰੇ ਤੋਂ ਅੱਗੇ ਜਾਣਾ ਚਾਹੁੰਦੇ ਹੋ, ਤਾਂ ਤੁਸੀਂ ਮੈਦਾਨ ਵਿੱਚ ਉਤਰ ਸਕਦੇ ਹੋ ਅਤੇ ਜਾ ਸਕਦੇ ਹੋ," ਉਹ ਲਿਖਦੀ ਹੈ। ਖੇਤ ਸੜਕ ਦੇ ਪੱਧਰ ਤੋਂ ਚਾਰ ਤੋਂ ਪੰਜ ਫੁੱਟ ਹੇਠਾਂ ਸੀ। ਔਰਤ ਨੂੰ ਆਖਰਕਾਰ ਮੈਦਾਨ 'ਤੇ ਉਤਰਨ ਅਤੇ ਤੁਰਨ ਲਈ ਮਜਬੂਰ ਕੀਤਾ ਗਿਆ ਸੀ, "ਉਹ ਲਿਖਦੀ ਹੈ।

1942 ਵਿੱਚ, ਉਸਨੂੰ ਕੋਚੀਨ ਵਿਧਾਨ ਪ੍ਰੀਸ਼ਦ ਸੀਟ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ 1946 ਵਿੱਚ ਸੰਵਿਧਾਨ ਸਭਾ ਵਿੱਚ ਇਕੱਠ ਵਿੱਚ ਪਹਿਲੀ ਅਤੇ ਇੱਕੋ ਇੱਕ ਦਲਿਤ ਔਰਤ ਬਣੀ। ਉਸਦਾ ਵਿਸ਼ਵਾਸ ਸੀ ਕਿ "ਇੱਕ ਸੰਵਿਧਾਨ ਸਭਾ ਨਾ ਸਿਰਫ਼ ਇੱਕ ਸੰਵਿਧਾਨ ਬਣਾਉਂਦੀ ਹੈ, ਸਗੋਂ ਲੋਕਾਂ ਨੂੰ ਜੀਵਨ ਦਾ ਇੱਕ ਨਵਾਂ ਢਾਂਚਾ ਵੀ ਪ੍ਰਦਾਨ ਕਰਦੀ ਹੈ।"

ਦਕਸ਼ਯਾਨੀ ਦਾ ਜਨਮ 1912 ਵਿੱਚ ਏਰਨਾਕੁਲਮ ਜ਼ਿਲ੍ਹੇ ਦੇ ਕਨਯਨੂਰ ਤਾਲੁਕਾ ਦੇ ਪਿੰਡ ਮੁਲਾਵੁਕੜ ਵਿੱਚ ਹੋਇਆ ਸੀ। ਉਸਨੇ ਆਪਣੀ ਬੀ।ਏ। 1935 ਵਿੱਚ ਅਤੇ ਤਿੰਨ ਸਾਲ ਬਾਅਦ ਮਦਰਾਸ ਯੂਨੀਵਰਸਿਟੀ ਤੋਂ ਆਪਣੇ ਅਧਿਆਪਕਾਂ ਦਾ ਸਿਖਲਾਈ ਕੋਰਸ ਪੂਰਾ ਕਰਨ ਲਈ ਚਲੀ ਗਈ। ਉਸ ਦੀ ਪੜ੍ਹਾਈ ਨੂੰ ਕੋਚੀਨ ਰਾਜ ਦੀ ਸਰਕਾਰ ਦੁਆਰਾ ਵਜ਼ੀਫੇ ਦੁਆਰਾ ਸਮਰਥਨ ਕੀਤਾ ਗਿਆ ਸੀ। 1935 ਤੋਂ 1945 ਤੱਕ ਉਸਨੇ ਤ੍ਰਿਚੂਰ ਅਤੇ ਤ੍ਰਿਪੁਨੀਥੁਰਾ ਦੇ ਸਰਕਾਰੀ ਹਾਈ ਸਕੂਲਾਂ ਵਿੱਚ ਇੱਕ ਅਧਿਆਪਕ ਵਜੋਂ ਕੰਮ ਕੀਤਾ।

ਦਕਸ਼ਯਾਨੀ ਕਲਲਾਚਮੁਰੀ ਕੁੰਝਨ ਅਤੇ ਉਸਦੀ ਪਤਨੀ ਮਾਨੀ ਦੀ ਧੀ ਸੀ। ਜਿਵੇਂ ਕਿ ਦਕਸ਼ਯਾਨੀ ਦਾ ਘਰ-ਨਾਮ ਕਲਲਾਚਮੁਰੀ ਸੀ, ਉਸਦਾ ਪਹਿਲਾ ਨਾਮ ਕਲਲਾਚਮੁਰੀ ਕੁੰਜਨ ਦਕਸ਼ਯਾਨੀ (ਕੇਕੇਦਕਸ਼ਯਾਨੀ) ਸੀ। ਉਹ ਆਪਣੇ ਸਮਕਾਲੀ ਸਮਾਜ ਸੇਵਕ ਵਾਲਨ ਕੇ ਪੀ ਵੈਲੋਨ ਵਾਂਗ ਪੁਲਯਾ ਭਾਈਚਾਰੇ ਨਾਲ ਸਬੰਧਿਤ ਸੀ।ਉਸਨੇ ਅਨੁਸੂਚਿਤ ਜਾਤੀ ਦੇ ਨੇਤਾ ਅਤੇ ਬਾਅਦ ਵਿੱਚ ਸੰਸਦ ਮੈਂਬਰ ਆਰ। ਵੇਲਾਯੁਧਨ ਨਾਲ ਵਿਆਹ ਕੀਤਾ। ਉਨ੍ਹਾਂ ਦਾ ਵਿਆਹ ਵਰਧਾ ਦੇ ਸੇਵਾਗ੍ਰਾਮ ਵਿਖੇ ਗਾਂਧੀ ਅਤੇ ਕਸਤੂਰਬਾ ਸ਼ਾਮਿਲ ਹੋਏ। ਵਿਆਹ ਵਿੱਚ ਇੱਕ ਕੋੜ੍ਹੀ ਦਿੱਤੀ ਗਈ, ਇਹ ਪੁਜਾਰੀ ਨੇ ਕਰਵਾਇਆ ਸੀ। 1945 ਵਿੱਚ ਰਾਜ ਦੀ ਸਰਕਾਰ ਦੁਆਰਾ ਦਕਸ਼ਯਾਨੀ ਨੂੰ ਕੋਚੀਨ ਵਿਧਾਨ ਪ੍ਰੀਸ਼ਦ ਲਈ ਨਾਮਜ਼ਦ ਕੀਤਾ ਗਿਆ ਸੀ।

ਵੇਲਾਯੁਧਨ ਨੂੰ 1946 ਵਿੱਚ ਕੌਂਸਲ ਦੁਆਰਾ ਭਾਰਤ ਦੀ ਸੰਵਿਧਾਨ ਸਭਾ ਲਈ ਚੁਣਿਆ ਗਿਆ ਸੀ। ਉਹ ਸੰਵਿਧਾਨ ਸਭਾ ਲਈ ਚੁਣੀ ਜਾਣ ਵਾਲੀ ਪਹਿਲੀ ਅਤੇ ਇਕਲੌਤੀ ਅਨੁਸੂਚਿਤ ਜਾਤੀ ਦੀ ਔਰਤ ਸੀ। 1946-1952 ਤੱਕ ਉਸਨੇ ਸੰਵਿਧਾਨ ਸਭਾ ਅਤੇ ਭਾਰਤ ਦੀ ਅਸਥਾਈ ਸੰਸਦ ਦੀ ਮੈਂਬਰ ਵਜੋਂ ਸੇਵਾ ਕੀਤੀ। ਸੰਸਦ ਵਿੱਚ ਉਸਨੇ ਸਿੱਖਿਆ ਦੇ ਮਾਮਲਿਆਂ ਵਿੱਚ ਵਿਸ਼ੇਸ਼ ਤੌਰ 'ਤੇ ਦਿਲਚਸਪੀ ਲਈ, ਖਾਸ ਕਰਕੇ ਅਨੁਸੂਚਿਤ ਜਾਤੀਆਂ ਦੇ ਮਾਮਲਿਆਂ ਵਿੱਚ।ਹਾਲਾਂਕਿ ਉਹ ਕੱਟੜ ਗਾਂਧੀਵਾਦੀ ਸੀ ਪਰਦਕਸ਼ਯਾਨੀ ਨੇ ਸੰਵਿਧਾਨ ਸਭਾ ਦੀਆਂ ਬਹਿਸਾਂ ਦੌਰਾਨ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕਈ ਮੁੱਦਿਆਂ 'ਤੇ ਡਾ। ਬੀ।ਆਰ। ਅੰਬੇਡਕਰ ਦਾ ਪੂਰਾ ਸਾਥ ਦਿੱਤਾ। ਉਸਨੇ 29 ਨਵੰਬਰ 1948 ਨੂੰ, ਧਾਰਾ 11 ਦੇ ਡਰਾਫ਼ਟ 'ਤੇ ਵਿਚਾਰ-ਵਟਾਂਦਰੇ ਦੌਰਾਨ ਦੁਬਾਰਾ ਦਖ਼ਲ ਦਿੱਤਾ, ਜਿਸਦਾ ਉਦੇਸ਼ ਜਾਤ ਦੇ ਅਧਾਰ 'ਤੇ ਵਿਤਕਰੇ ਨੂੰ ਰੋਕਣਾ ਸੀ, ਅਤੇ ਸੰਵਿਧਾਨ ਸਭਾ ਦੇ ਉਪ ਪ੍ਰਧਾਨ ਦੁਆਰਾ ਸਮਾਂ ਸੀਮਾ ਤੋਂ ਵੱਧ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ਨੇ ਕਿਹਾ, "ਇਹ ਸਿਰਫ ਇਸ ਲਈ ਹੈ, ਤੁਸੀਂ ਇੱਕ ਔਰਤ ਹੋ ਜੋ ਮੈਂ ਤੁਹਾਨੂੰ ਇਜਾਜ਼ਤ ਦੇ ਰਿਹਾ ਹਾਂ।"ਵੇਲਾਯੁਧਨ ਨੇ ਜਨਤਕ ਸਿੱਖਿਆ ਦੁਆਰਾ ਵਿਤਕਰੇ ਦੇ ਪ੍ਰਬੰਧਾਂ ਨੂੰ ਖਤਮ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਸੰਵਿਧਾਨ ਸਭਾ ਜਾਤੀ ਵਿਤਕਰੇ ਦੀ ਨਿੰਦਾ ਕਰਨ ਵਾਲੇ ਮਤੇ ਦਾ ਸਮਰਥਨ ਕਰਦੀ ਹੈ ਤਾਂ ਇਹ ਇੱਕ ਮਹਾਨ ਜਨਤਕ ਸੰਕੇਤ ਹੋਵੇਗਾ। ਉਸਨੇ ਕਿਹਾ, "ਇਸ ਗੱਲ 'ਤੇ ਨਿਰਭਰ ਕਰੇਗਾ ਕਿ ਲੋਕ ਭਵਿੱਖ ਵਿੱਚ "ਸੰਵਿਧਾਨਨੂੰ ਕਿਵੇਂ ਵਰਤਦੇ ਅਤੇ ਕਾਨੂੰਨ ਉੱਤੇ ਕਿਦਾਂ ਅਮਲ ਕਰਦੇ ਹਨ"।

ਦਕਸ਼ਯਾਨੀ 1946-49 ਤੱਕ ਡਿਪਰੈਸਡ ਕਲਾਸਜ਼ ਯੂਥ ਫ਼ਾਈਨ ਆਰਟਸ ਕਲੱਬ ਦੀ ਪ੍ਰਧਾਨ ਅਤੇ ਮਦਰਾਸ ਵਿੱਚ ਕਾਮਨ ਮੈਨ ਦੀ ਪ੍ਰਬੰਧਕੀ ਸੰਪਾਦਕ ਸੀ। ਬਾਅਦ ਵਿੱਚ ਉਹ ਮਹਿਲਾ ਜਾਗ੍ਰਿਤੀ ਪ੍ਰੀਸ਼ਦ ਦੀ ਸੰਸਥਾਪਕ ਪ੍ਰਧਾਨ ਬਣੀ। ਜੁਲਾਈ 1978ਵਿੱਚ ਦਕਸ਼ਯਾਨੀ ਦੀ ਥੋੜਾ ਜਿਹਾ ਬਿਮਾਰ ਹੋਣ ਤੋਂ ਬਾਅਦ ਮੌਤ ਹੋ ਗਈ, ਉਸ ਸਮੇਂ ਉਹ 66 ਸਾਲ ਦੀ ਸੀ ।

# ਅਜ਼ਾਦੀ ਦੇ 75 ਸਾਲ ਤੇ 80 ਕਰੋੜ ਦਲਿਤਾਂ ਦੀ ਅਜ਼ਾਦੀ?

ਦੇਸ਼ ਅਜ਼ਾਦੀ ਦੀ 75ਵੀ ਵਰੇਗੰਡ ਬੜੇ ਸ਼ਾਨੋ-ਸ਼ੋਕਤ ਨਾਲ ਮਨਾ ਰਿਹਾ ਹੈ। ਪ੍ਰਧਾਨ ਮੰਤਰੀਂ ਨਰਿੰਦਰ ਮੋਦੀ, ਘਰ ਘਰ ਤਰੰਗਾ ਲਹਿਰਾਉਣ ਲਈ ਕਹਿ ਰਹੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ 'ਚ ਕੇਜਰੀਵਾਲ ਹੁਣ ਤਕ ਦੇ ਸਭ ਤੋਂ ਵੱਡੇ ਤਿਰੰਗੇ ਨੂੰ ਲਹਿਰਾਉਣ ਲਈ ਤਿਆਰੀ ਕਰ ਰਹੇ ਹਨ। ਸੂਬਿਆਂ ਦੇ ਮੁੱਖ ਮੰਤਰੀ ਰਾਜਧਾਨੀਆਂ 'ਚ, ਮਨਿਸਟਰ 650 ਜ਼ਿਲਾ ਹੈਡਕੁਆਟਰਾਂ 'ਚ, ਐਮ ਐਲ ਏ ਹਜਾਰਾਂ ਤਹਿਸੀਲਾਂ, ਬਲਾਕਾਂ ਅਤੇ ਲੱਖਾਂ ਸਕੂਲਾਂ ਕਾਲਜਾਂ ਵਿਚ ਤਿਰੰਗਾ ਝੰਡਾ ਲਹਿਰਾ ਕੇ 75ਵਾਂ ਅਜ਼ਾਦੀ ਦਿਵਸ ਮਨਾ ਰਹੇ ਹਨ। ਹਰ ਸਾਲ ਦੀ ਤਰਾਂ ਲਾਲ ਕਿਲੇ ਤੋਂ ਪ੍ਰਧਾਨ ਮੰਤਰੀਂ ਦੇਸ਼ ਦੇ ਵਿਕਾਸ ਦੇ ਮੀਲ ਪੱਥਰ ਗੱਡੇਣਗੇ, ਮਨਕੀ ਬਾਤ ਕਰਨਗੇ, ਭਾਰਤ ਨੂੰ ਚਮਕਾਉਣ ਤੇ ਮਹਾਂਸਕਤੀ ਬਣਾਉਣ ਦੇ ਸੁਪਨੇ ਦਿਖਾਉਣਗੇ। ਪਰ ਸਰਕਾਰਾਂ ਦੀ 75 ਸਾਲਾਂ ਦੀ ਕਾਰਗੁਜਾਰੀ ਤੋਂ ਦੇਸ਼ ਦੇ 80 ਕਰੋੜ ਦਲਿਤ ਸ਼ੋਸ਼ਿਤ ਮਜ਼ਦੂਰ ਆਦਿਵਾਸੀ ਤੇ ਘੱਟ ਗਿਣਤੀਆਂ ਨਿਰਾਸ਼ ਹਨ ਕਿਉਕਿ ਸਰਕਾਰਾਂ ਦੇਸ਼ ਵਾਸੀਆਂ ਦੀਆਂ ਜਰੂਰੀ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸੇਹਿਤ, ਨੌਕਰੀ ਦੇਣ ਅਤੇ ਅਜ਼ਾਦੀ ਸੰਗਰਾਮੀਆਂ ਦੇ ਸੁਪਨੇ 'ਅਜ਼ਾਦ ਭਾਰਤ ਵਿੱਚ ਨਾ ਕੋਈ ਅਮੀਰ ਤੇ ਨਾ ਕੋਈ ਗਰੀਬ, ਨਾ ਕੋਈ ਮਾਲਕ ਤੇ ਨਾ ਕੋਈ ਨੌਕਰ, ਨਾ ਕੋਈ ਜਿਮੀਂਦਾਰ ਤੇ ਨਾ ਕੋਈ ਮਜ਼ਾਹਰਾ, ਨਾ ਕੋਈ ਉੱਚ ਤੇ ਨਾ ਕੋਈ ਨੀਚ ਹੋਵੇਗਾ, ਅਜ਼ਾਦ ਭਾਰਤ ਵਿਚ ਸਭ ਭਾਰਤੀ ਅਜ਼ਾਦ ਅਤੇ ਬਰਾਬਰ ਹੋਣਗੇ' ਨੂੰ ਸਕਾਰ ਕਰਨ ਵਿਚ ਅਸਫ਼ਲ ਸਾਬਤ ਹੋਈਆਂ ਹਨ।

ਅਜ਼ਾਦੀ ਦੇ 75 ਸਾਲਾਂ ਬਾਅਦ ਵੀ ਦੇਸ਼ ਦੇ 80 ਕਰੋੜ ਦਲਿਤ ਸ਼ੋਸ਼ਿਤ ਮਜ਼ਦੂਰ ਆਦਿਵਾਸੀ ਘੱਟਗਿਣਤੀਆਂ ਅਜ਼ਾਦ ਨਹੀ ਹਨ। ਅਖੌਤੀ ਉਚ ਜਾਤੀ ਲੋਕਾਂ ਦੇ ਮਨਾਂ ਵਿੱਚੋਂ ਆਪਣੀ ਜਾਤ ਦੀ ਹਉਮੇਂ ਖਤਮ ਨਹੀਂ ਹੋ ਰਹੀ। ਦਲਿਤਾਂ ਨੂੰ ਸਮਾਜ 'ਚੋਂ ਬਾਹਰ ਕੱਢੇ ਹੋਏ 'ਅਛੂਤ' ਹੋਣ ਦਾ ਅਹਿਸਾਸ ਕਰਾਉਣ ਲਈ ਬਾਰ ਬਾਰ ਜ਼ਲੀਲ ਤੇ ਅਪਮਾਨਤ ਕਰਨ ਦਾ ਸਿਲਸਿਲਾ ਲਗਾਤਾਰ ਅੱਜ ਵੀ ਜਾਰੀ ਹੈ। ਫਿਰੋਜ਼ਾਬਾਦ ਜਿਲੇ ਦਾ ਇਕ ਦਲਿਤ ਨੌਜ਼ਵਾਨ ਫੌਜੀ ਵੀਰ ਸਿੰਘ ਜੰਮੂ ਅਤੇ ਕਸ਼ਮੀਰ ਵਿੱਚ ਦੇਸ਼ ਦੀ ਰੱਖਿਆ ਕਰਦੇ ਹੋਏ, ਅੱਤਵਾਦੀਆਂ ਨਾਲ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ। ਫੌਜੀ ਵੀਰ ਸਿੰਘ ਦੀ ਲਾਸ਼ ਸੰਸਕਾਰ ਲਈ ਜਦੋਂ ਉਸ ਦੇ ਆਪਣੇ ਪਿੰਡ ਵਿੱਚ ਲਿਆਂਦੀ ਗਈ ਤਾਂ ਅਖੌਤੀ ਉਚ ਜਾਤ ਦੇ ਲੋਕਾਂ ਨੇ ਉਸ ਦੇ ਸੰਸਕਾਰ ਲਈ ਆਪਣੇ ਪਿੰਡ ਵਿੱਚ ਥਾਂ ਦੇਣ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿਉਂਕਿ ਉਹ (ਅਛੂਤ) ਦਲਿਤ ਹੈ। ਦਲਿਤ ਜੋ ਦੇਸ਼ ਲਈ ਜਾਨ ਦੀ ਬਾਜ਼ੀ ਵੀ ਲਾ ਦਿੰਦਾ ਹੈ ਪਰ ਅਖੌਤੀ ਉਚ ਜਾਤੀ ਸਮਾਜ ਦੇ ਲੋਕ ਉਸ ਨੂੰ ਇਨਸਾਨ ਮੰਨਣ ਲਈ ਤਿਆਰ ਨਹੀ ਹੋਏ।

ਉਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਇੱਕ ਪਿੰਡ ਦੀ 19 ਸਾਲਾ ਦਲਿਤ ਲੜਕੀ ਨੂੰ ਚਾਰ ਮਰਦ ਚੁੱਕ ਕੇ ਲੈ ਗਏ, ਉਸ ਨਾਲ ਸਮੂਹਿਕ ਬਲਾਤਕਾਰ ਕਰਕੇ ਵਹਿਸ਼ੀਆਨਾ ਢੰਗ ਨਾਲ ਉਸ ਨੂੰ ਕਤਲ ਕਰ ਦਿੱਤਾ ਗਿਆ। ਉਸ ਦੀ ਜੀਭ ਕੱਟ ਦਿੱਤੀ ਗਈ, ਉਸ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਗਈ। ਉਹ ਤੜਪ-ਤੜਪ ਕੇ ਮਰ ਗਈ। ਉਸ ਦੇ ਪਰਿਵਾਰ ਨੂੰ ਉਸ ਦੇ ਮ੍ਰਿਤਕ ਸਰੀਰ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ। ਪੁਲੀਸ ਨੇ ਅੱਧੀ ਰਾਤ ਨੂੰ ਉਸ ਕੁੜੀ ਦੀ ਮ੍ਰਿਤਕ ਦੇਹ ਨੂੰ ਅਗਨ ਭੇਟ ਕਰ ਦਿੱਤਾ। ਰੋਹਤਕ ਦੀ ਇੱਕ ਦਲਿਤ ਵਿਦਿਆਰਥਣ ਨਾਲ ਮੁੜ ਦੁਬਾਰਾ ਸਮੂਹਿਕ ਬਲਾਤਕਾਰ ਹੋਣ ਨੂੰ ਲੈ ਕੇ ਦੇਸ਼ ਭਰ 'ਚ ਤਰਥੱਲੀ ਮਚੀ ਰਹੀ। ਮਾਪੇ ਵਿਲਕਦੇ ਰਹੇ। ਦਲਿਤ ਲੜਕੇ ਜਾਂ ਲੜਕੀ ਦਾ ਕਿਸੇ ਹੋਰ ਜਾਤ ਦੇ ਲੜਕੇ ਜਾਂ ਲੜਕੀ ਨਾਲ ਵਿਆਹ ਨੂੰ ਅਣਖ ਦਾ ਸਵਾਲ ਬਣਾਕੇ ਪਰਿਵਾਰ ਤੇ ਸਮਾਜ ਦੇ ਦਬੰਗ ਖ਼ੁਦ ਹੀ ਕੰਗਾਰੋ ਕੋਰਟਾਂ ਲਾ ਕੇ ਸਜਾ ਦੇ ਦਿੰਦੇ ਹਨ। ਦੱਸੋ! ਦਲਿਤਾਂ ਲਈ ਆਜ਼ਾਦੀ ਕਿੱਥੇ ਹੈ?

ਬਦਾਊ ਜ਼ਿਲ੍ਹੇ ਦੇ ਪਿੰਡ 'ਕਾਤੜਾ' ਦੀਆਂ ਤਿੰਨ ਦਲਿਤ ਮਜ਼ਦੂਰ ਲੜਕੀਆਂ ਨੇ ਆਪਣੇ ਠੇਕੇਦਾਰ ਕੋਲੋਂ ਆਪਣੀ ਦਿਹਾੜੀ 25 ਰੁਪਏ ਤੋਂ ਵਧਾ ਕੇ 28 ਰੁਪਏ ਕਰਨ ਦੀ ਮੰਗ ਕੀਤੀ ਸੀ ਤੇ ਮੰਗ ਨਾ ਮੰਨਣ ਤੇ ਕੰਮ ਨਾ ਕਰਨ ਲਈ ਕਹਿ ਦਿੱਤਾ। ਦਬੰਗ ਠੇਕੇਦਾਰ ਨੇ ਦਲਿਤ ਮਜ਼ਦੂਰ ਕੁੜੀਆਂ ਨੂੰ ਉਨ੍ਹਾਂ ਦੀ ਔਕਾਤ ਸਮਝਾਉਣ ਲਈ ਅਤੇ ਅੱਗੇ ਤੋਂ ਕੋਈ ਹੋਰ ਇਸ ਤਰ੍ਹਾਂ ਦੀ ਜੁਰਰਤ ਕਰਨ ਦੀ ਹਿੰਮਤ ਹੀ ਨਾ ਕਰ ਸਕੇ ਤਾਂ ਉਸ ਨੇ ਤਿੰਨੇ ਨਾਬਾਲਗ ਕੁੜੀਆਂ ਨੂੰ ਚੁਕਵਾ ਲਿਆ ਤੇ ਫਿਰ ਪਹਿਲਾਂ ਬੜੀ ਬੇਸ਼ਰਮੀ ਨਾਲ ਉਹਨਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਫਿਰ ਉਹਨਾਂ ਨੂੰ ਮਾਰਕੇ, ਉਹਨਾਂ ਦੇ ਨਗਨ ਸਰੀਰਾਂ ਨੂੰ ਦਰੱਖਤ ਉੱਤੇ ਲਟਕਾ ਦਿੱਤਾ ਗਿਆ। ਸਮਾਜ ਦੀਆਂ ਅੱਖਾਂ ਖੋਲਣ ਲਈ ਉਪਰੋਕਤ ਘਟਨਾਵਾਂ 'ਤੇ ਅਧਾਰਤ ਅਦਾਕਾਰ ਆਯੁਸ਼ਮਾਨ ਖੁਰਾਨਾ ਤੇ ਨਿਰਦੇਸ਼ਕ ਅਨੁਭਵ ਸਿਨਹਾ ਨੇ ਫਿਲਮ 'ਆਰਟੀਕਲ 15' ਬਣਾਈ, ਪਰ ਸਮਾਜ ਦੇ ਦਬੰਗਾਂ ਨੇ ਫਿਲਮ ਚੱਲਣ ਨਹੀ ਦਿੱਤੀ।

ਮਹਾਂਰਾਸ਼ਟਰ ਦੇ ਜਿਲਾ ਭੰਡਾਰਾ ਦੇ ਪਿੰਡ ਖੈਰਲਾਂਜੀ ਦੇ ਇੱਕ ਦਲਿਤ ਭਈਆ ਲਾਲ ਭੋਤਮਾਂਗੇ ਨੇ ਜ਼ਮੀਨ ਖਰੀਦ ਲਈ ਤਾਂ ਗੁੱਸੇ 'ਚ ਆਏ ਸਵਰਨਾ ਲੋਕਾਂ ਕਿਹਾ, "ਤੇਰੀ ਇਹ ਜੁਰਰਤ! ਉਚ ਜਾਤੀਆਂ ਦੇ ਇੱਕ ਦਰਜਨ ਤੋਂ ਵੱਧ ਆਦਮੀਆਂ ਸ਼ਰਾਬ ਦੇ ਨਸ਼ੇ ਵਿੱਚ ਮਸਤ ਹੋ ਕੇ ਭੋਤਮਾਂਗੇ ਦਲਿਤ ਦੇ ਘਰ ਪਹੁੰਚੇ। ਉਸਦੀ ਪਤਨੀ ਸੁਰੇਖਾ (45) ਧੀ ਪ੍ਰਿਯੰਕਾ (17) ਅਤੇ ਪੁੱਤਰਾਂ ਰੋਸ਼ਨ (23) ਤੇ ਸੁਧੀਰ (21) ਨੂੰ ਧੂਹ ਕੇ ਪਿੰਡ ਦੇ ਚੌਪਾਲ 'ਚ ਲੈ ਆਏ। ਉਹਨਾਂ ਚੌਹਾਂ ਨੂੰ ਅਲਫ਼ ਨੰਗਾ ਕਰਕੇ ਪਿੰਡ ਵਿੱਚ ਧੁਮਾਇਆ ਗਿਆ। ਫ਼ਿਰ ਸੁਰੇਖਾ ਤੇ ਉਸਦੀ ਸਕੂਲ ਪੜ੍ਹਦੀ ਬੱਚੀ ਨਾਲ ਦਰਿੰਦਿਆਂ ਨੇ ਵਹਿਸ਼ੀਪੁਣਾ ਕੀਤਾ। ਪ੍ਰਿਯਕਾ ਦੇ ਸਕੇ ਭਰਾ ਨੂੰ ਭੈਣ ਨਾਲ ਬਲਾਤਕਾਰ ਕਰਨ ਲਈ ਕਿਹਾ ਗਿਆ। ਅਜਿਹਾ ਨਾ ਕਰਨ 'ਤੇ ਭੋਤਮਾਂਗੇ ਦੇ ਪੁੱਤਰਾਂ, ਪਤਨੀ ਅਤੇ ਧੀ ਨੂੰ ਰਾਡਾਂ ਤੇ ਚੇਨਾਂ ਨਾਲ ਤਦ ਤਕ ਮਾਰਿਆ ਗਿਆ ਜਦ ਤਕ ਉਹਨਾਂ ਸਾਰਿਆਂ ਦੀ ਮੌਤ ਨਹੀ ਹੋ ਗਈ। ਉਹਨਾਂ ਦੀਆਂ ਲਾਸ਼ਾਂ ਪਿੰਡ ਦੇ ਬਾਹਰ ਨਹਿਰ ਵਿਚ ਸੁੱਟ ਦਿੱਤੀਆਂ ਗਈਆਂ। ਫਿਰ ਸਵਰਨਾ ਨੇ ਪਿੰਡ ਵਿੱਚ ਬੈਠਕ ਕੀਤੀ ਅਤੇ ਸਾਰਿਆਂ ਨੂੰ ਆਪਣਾ ਮੂੰਹ ਬੰਦ ਰੱਖਣ ਦੀ ਚੇਤਾਵਨੀ ਦਿੱਤੀ ਗਈ।

ਕਰਨਾਟਕਾ ਦੇ ਗੁਲਬਰਗਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਬੰਦੀਅੱਪਾ ਨਾਂ ਦੇ ਇੱਕ ਦਲਿਤ ਦੀ ਅੱਧੀ ਸੜੀ ਹੋਈ ਲਾਸ਼ ਸਾਰਾ ਦਿਨ ਰੁਲਦੀ ਰਹੀ। ਕਿਉਂਕਿ ਮੁਰਦੇ ਨੂੰ ਸਾੜਨ ਲਈ ਉਹਨਾਂ ਪਾਸ ਲੱਕੜਾਂ ਦਾ ਇੰਤਜ਼ਾਮ ਕਰਨ ਲਈ ਪੈਸੇ ਨਹੀ ਸਨ। ਸੰਸਕਾਰ ਲਈ ਜਦੋਂ ਬੰਦੀਅੱਪਾ ਨੂੰ ਦਫਨਾਇਆ ਜਾ ਰਿਹਾ ਸੀ, ਤਾਂ ਉੱਚ-ਜਾਤੀ ਲੋਕਾਂ ਨੇ ਆ ਕੇ ਦਲਿਤਾਂ ਨੂੰ ਜਬਰੀ ਰੋਕ ਦਿੱਤਾ ਕਿ ਇਥੇ ਦਲਿਤ ਦਾ ਸੰਸਕਾਰ ਨਹੀ ਹੋ ਸਕਦਾ। ਫਿਰ ਸੁਸ਼ੀਲਾ ਬਾਈ ਤੇ ਉਸ ਦੇ ਸਬੰਧੀ ਬੰਦੀਅੱਪਾ ਦੀ ਮ੍ਰਿਤਕ ਦੇਹ ਨੂੰ ਇੱਕ ਨਾਲੇ ਕੋਲ ਦਫਨਾਉਣ ਲਈ ਲੈ ਗਏ। ਨਾਲੇ ਦੇ ਨਾਲ ਉੱਚ ਜਾਤ ਦੇ ਲਿੰਗਾਯਤਾਂ ਦੀ ਜ਼ਮੀਨ ਲਗਦੀ ਸੀ, ਉਹਨਾਂ ਨੇ ਦਫਨਾਉਣ ਤੋਂ ਰੋਕ ਦਿੱਤਾ। ਉਹਨਾਂ ਕਿਹਾ ਕਿ ਜੇ ਸਾਡੀ ਜ਼ਮੀਨ ਦੇ ਕੋਲ ਇੱਕ ਦਲਿਤ ਨੂੰ ਦਫਨਾਇਆ ਜਾਵੇਗਾ ਤਾਂ ਸਾਡੀ ਸਾਰੀ ਜ਼ਮੀਨ ਭਿੱਟੀ ਜਾਵੇਗੀ। ਇਸ ਤਰ੍ਹਾਂ ਬੰਦੀਅੱਪਾ ਦੀ ਲਾਸ਼ ਰੁਲਦੀ ਰਹੀ।

ਹਰਿਆਣਾ ਦੇ ਝੱਜ਼ਰ ਜਿਲੇ ਦੇ ਦੁਲੀਨਾ ਪਿੰਡ ਵਿੱਚ ਪੰਜ ਦਲਿਤਾਂ ਨੂੰ ਕੋਹ ਕੋਹ ਕੇ ਮਾਰ ਦਿੱਤਾ ਗਿਆ। ਉਹਨਾਂ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ। ਉਹਨਾਂ ਦੇ ਸ਼ਰੀਰ ਸਾੜ ਦਿੱਤੇ ਗਏ। ਘਟਨਾ ਨੂੰ ਫਿਰਕੂ ਰੰਗਤ ਦਿੱਤੀ ਗਈ। ਫਿਰਕਾਪ੍ਰਸਤ ਆਗੂਆਂ ਨੇ ਦਲਿਤਾਂ ਨੂੰ ਮਾਰੇ ਜਾਣ ਦੇ ਹੱਕ ਵਿੱਚ ਜਲੂਸ ਕੱਢਿਆ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਨੂੰ ਫੜਨ ਦਾ ਯਤਨ ਕੀਤਾ ਗਿਆ ਤਾਂ ਪ੍ਰਸ਼ਾਸ਼ਨ ਨੂੰ ਵੀ ਲੋਕਾਂ ਦੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ। ਉਹਨਾਂ ਕਾਨੂੰਨ ਛਿੱਕੇ ਟੰਗ ਦਿੱਤਾ। ਲੋਕਤੰਤਰ ਨੂੰ ਧੌਂਸਤੰਤਰ 'ਚ ਬਦਲ ਲਿਆ। ਹਰਿਆਣਾ ਸਰਕਾਰ ਘਟਨਾ ਦੇ ਇਕ ਹਫਤਾ ਬੀਤ ਜਾਣ ਦੇ ਬਾਅਦ ਵੀ ਦੋਸ਼ੀਆਂ ਨੂੰ ਫੜਨ ਨਹੀਂ ਗਈ। ਮ੍ਰਿਤਕ ਦਲਿਤ ਲਾਈਸੈਂਸ ਸ਼ੁਦਾ ਚਮੜਾ ਵਿਉਪਾਰੀ ਸਨ। ਉਹ ਹੱਡਾ ਰੋੜੀਆਂ ਵਿੱਚੋਂ ਕੱਚੀਆਂ ਖੱਲ੍ਹਾਂ ਖਰੀਦ ਕੇ ਮੰਡੀਆਂ ਵਿੱਚ ਵੇਚਣ ਲਿਜਾਂਦੇ ਸਨ।

ਪੰਜ ਦਿਨ ਵੀਹ ਦਰਿੰਦੇ ਲਗਾਤਾਰ ਫੂਲਨ ਨਾਲ ਬਲਾਤਕਾਰ ਕਰਦੇ ਰਹੇ। ਇਸ ਅਣਮਨੁੱਖੀ ਘਨੌਣੀ ਘਟਨਾ 'ਤੇ ਕਿਸੇ ਦੀ ਅਣਖ ਨਹੀਂ ਜਾਗੀ! ਕਿਸੇ ਨੂੰ ਮਰਯਾਦਾ ਯਾਦ ਨਹੀਂ ਆਈ! ਦਰਿੰਦਿਆਂ ਦੀਆਂ ਮਾਵਾਂ, ਭੈਣਾਂ ਘਰੀਂ ਸਨ, ਉਹਨਾਂ ਦੇ ਸਾਹਮਣੇ ਜੀ ਭਰਕੇ ਬਲਾਤਕਾਰ ਹੁੰਦਾ ਰਿਹਾ! ਕਿਸੇ ਨੇ ਵੀ ਦਰਿੰਦਿਆਂ ਨੂੰ ਦੁਰ ਫਿਟੇ ਮੂੰਹ ਨਹੀਂ ਕਿਹਾ! ਕਿਸੇ ਵੀ ਮਰਦ ਨੇ ਫੂਲਨ ਦੇ ਚੀਰ ਹਰਣ 'ਤੇ ਮਰਦਾਨਗੀ ਨਹੀਂ ਵਿਖਾਈ! ਪਿੰਡ ਦੀ ਪੰਚਾਇਤ ਨੇ ਬਲਾਤਕਾਰੀਆਂ ਨੂੰ ਵਰਜਿਆ ਨਹੀਂ! ਬਲਾਤਕਾਰੀ, ਸ਼ਰੇਆਮ ਇਲਾਕੇ ਵਿੱਚ ਘੁੰਮਦੇ ਰਹੇ, ਕਿਸੇ ਪੁਲਿਸ ਨੇ ਉਹਨਾਂ ਨੂੰ ਪਕੜਿਆ ਨਹੀਂ! ਕਿਸੇ ਕਾਨੂੰਨ ਦੇ ਕੰਨ 'ਤੇ ਜੂੰ ਨਹੀਂ ਸਰਕੀ! ਕੋਈ ਅਮਨ ਕਾਨੂੰਨ ਦੀ ਸਮੱਸਿਆ ਪੈਦਾ ਨਹੀਂ ਹੋਈ! ਕੋਈ ਛੂਆ ਛਾਤ ਨਾਲ ਅਪਵਿੱਤਰ ਨਹੀਂ ਹੋਇਆ! ਕੋਈ ਕਿਸੇ ਸਵਰਨ ਦਾ ਧਰਮ ਭਰਿਸ਼ਟ ਨਹੀਂ ਹੋਇਆ?

ਦੇਸ਼ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਅਤੇ ਸੱਤਵੇਂ ਨੰਬਰ ਤੇ ਆਮਦਨ ਵਿੱਚ ਤਰੱਕੀ ਜਾਬਤਾ ਸੂਬੇ ਕੇਰਲ ਦੇ ਪ੍ਰਫੁੱਲਤ ਜਿਲ੍ਹੇ ਕਨੌਰ ਦੀ 39 ਸਾਲਾ ਏਰਾਮੰਗਾਲਾਥੂ ਚਿਤਰਾਲੇਖਾ ਔਰਤ ਨੇ ਆਪਣੇ ਜੀਵਨ ਨਿਰਬਾਹ ਲਈ ਜੱਦੀ ਅਪਮਾਨਤ ਕਿੱਤੇ ਗੰਦਗੀ ਉਠਾਉਣ ਨੂੰ ਤਿਆਗ ਕੇ ਆਟੋ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ। ਅਖੌਤੀ ਉੱਚ ਜਾਤੀ ਲੋਕਾਂ ਨੇ ਉਸ ਨੂੰ ਡਰਾਇਆ ਤੇ ਧਮਕਾਇਆ ਕਿ ਉਹ ਆਟੋ ਰਿਕਸ਼ਾ ਚਲਾਉਣਾ ਛੱਡ ਦੇਵੇ ਅਤੇ ਦਲਿਤਾਂ ਵਾਲਾ ਅਪਮਾਨਤ ਸਫਾਈ ਦਾ ਕੰਮ ਹੀ ਕਰੇ, ਨਹੀ ਤਾਂ ਗੰਭੀਰ ਸਿੱਟੇ ਭੁਗਤਨ ਲਈ ਤਿਆਰ ਰਹੇ। ਜਦ ਚਿਤਰਾਲੇਖਾ ਆਟੋ ਰਿਕਸ਼ਾ ਚਲਾਉਣ ਤੋਂ ਨਾ ਹਟੀ ਤਾਂ ਇੱਕ ਦਿਨ ਉੱਚ ਜਾਤੀ ਲੋਕਾਂ ਨੇ ਉਸ ਦੇ ਆਟੋ ਰਿਕਸ਼ਾ ਨੂੰ ਅੱਗ ਲਗਾ ਦਿੱਤੀ। ਚਿਤਰਾਲੇਖਾ ਨੇ ਜਿਲ੍ਹਾ ਕੁਲੈਕਟਰ ਕੇਲ ਸ਼ਿਕਾਇਤ ਕੀਤੀ ਤਾਂ ਉਸ ਨੇ ਉਸ ਨੂੰ ਨਵਾਂ ਰਿਕਸ਼ਾ ਖਰੀਦ ਕੇ ਦੇ ਦਿੱਤਾ। ਪ੍ਰੰਤੂ ਗੁੰਡੇ ਇਸ ਨਾਲ ਹੋਰ ਤੈਸ਼ 'ਚ ਆ ਗਏ ਤੇ ਉਹਨਾਂ ਨੇ ਚਿਤਰਾਲੇਖਾ ਦੇ ਨਵੇਂ ਆਟੋ ਰਿਕਸ਼ਾ ਦੀ ਜੀ ਭਰਕੇ ਪਹਿਲਾਂ ਭੰਨ ਤੋੜ ਕੀਤੀ ਤੇ ਫਿਰ ਤਬਾਹ ਕਰ ਦਿੱਤਾ।

ਚਿੱਤਰਾਲੇਖਾ ਦਾ ਕਹਿਣਾ ਹੈ ਕਿ ਉੱਚ ਜਾਤੀ ਦੇ ਲੋਕਾਂ ਨੇ ਮੇਰਾ ਘਰ ਢਾਹ ਦਿੱਤਾ। ਅਪਮਾਨਿਤ ਕਿੱਤਾ ਤਿਆਗਣ ਕਰਕੇ ਮੇਰੇ ਅੱਠਵੀਂ ਜਮਾਤ ਵਿੱਚ ਪੜ੍ਹਦੇ ਪੁੱਤਰ ਨੂੰ ਬੇਇੱਜਤ ਕਰਕੇ ਸਕੂਲ ਵਿੱਚੋਂ ਕੱਢਵਾ ਦਿੱਤਾ ਗਿਆ। ਮੈਂ ਗੁੰਡਿਆਂ ਦੇ ਖ਼ਿਲਾਫ ਸ਼ਿਕਾਇਤ ਦਰਜ਼ ਕਰਵਾਈ ਪਰ ਪੁਲਿਸ ਨੇ ਉਹਨਾਂ ਨੂੰ ਛੱਡ ਦਿੱਤਾ। ਫਿਰ ਮੈਂ ਦੂਜੀ ਵਾਰ ਸਿਕਾਇਤ ਦਰਜ ਕਰਵਾਈ ਤਾਂ ਇੰਸਪੈਕਟਰ ਨੇ ਧਮਕੀ ਦਿੱਤੀ ਕਿ ਜੇ ਤੂੰ ਨਾ ਹਟੀ ਤਾਂ ਮੈਂ ਤੈਨੂੰ ਹੀ ਚੁੱਕ ਕੇ ਜੇਲ 'ਚ ਬੰਦ ਕਰ ਦੇਵਾਂਗਾ। ਅਸੀਂ ਪਿੰਡ ਦੇ ਸਾਂਝੇ ਖੂਹ ਤੋਂ ਪਾਣੀ ਨਹੀਂ ਭਰ ਸਕਦੇ। ਹੋਟਲਾਂ, ਢਾਬਿਆਂ ਤੇ ਆਮ ਪਲੇਟਾਂ ਕੱਪਾਂ ਵਿੱਚ ਖਾ-ਪੀ ਨਹੀਂ ਸਕਦੇ। ਅਸੀਂ ਤਾਂ ਅਜਾਦੀ ਦੇ 70 ਸਾਲ ਬਾਅਦ ਵੀ ਉਚ ਜਾਤੀਆਂ ਦੇ ਗੁਲਾਮ ਹੀ ਨਹੀ ਨੀਚ ਤੇ ਅਛੂਤ ਵੀ ਹਾਂ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਡਾਟਾ ਨੇ ਇਸ ਨੂੰ ਦਲਿਤਾਂ ਉੱਤੇ ਅੱਤਿਆਚਾਰ ਦੀ ਅੱਤ ਘਿਨਾਉਣੀ ਘਟਨਾਂ ਦੱਸਿਆ।

ਗੁਜਰਾਤ ਦੇ ਜਿਲਾ ਅਹਿਮਦਾਬਾਦ ਦੇ ਇਲਾਕੇ ਵਿੱਚ ਇੱਕ ਦਲਿਤ ਨੌਜ਼ਵਾਨ ਦੇ ਮੁੱਛ ਰੱਖਣ 'ਤੇ ਹਮਲਾ ਕਰਕੇ ਉਸ ਨੂੰ ਲਹੂ-ਲੁਹਾਨ ਕਰ ਦਿੱਤਾ। ਦਬੰਗਾਂ ਦਾ ਕਹਿਣਾ ਹੈ ਕਿ ਛੋਟੀ ਜਾਤ ਦਾ ਆਦਮੀ ਰਾਜਪੂਤਾਂ ਵਾਂਗ ਪਹਿਰਾਵਾ ਤੇ ਮੁੱਛਾਂ ਨਹੀ ਰੱਖ ਸਕਦਾ। ਗੁਜਰਾਤ ਦੇ ਹੀ ਆਨੰਦ ਜ਼ਿਲ੍ਹੇ ਵਿੱਚ 20 ਸਾਲਾ ਨੌਜਵਾਨ ਜਏਸ਼ ਸੋਲੰਕੀ ਨੂੰ ਇਸ ਲਈ ਜਾਨੋ ਮਾਰ ਦਿੱਤਾ, ਕਿਉਂਕਿ ਉਸ ਨੇ ਸੋਮੇਸ਼ਵਰ ਮੰਦਰ ਵਿੱਚ ਪਟੇਲਾਂ ਦਾ ਗਰਬਾ ਨਾਚ ਦੇਖਣ ਦੀ ਜੁਰਰਤ ਕੀਤੀ ਸੀ। ਗੁਜਰਾਤ ਦੇ ਹੀ ਦਯਾਰਾਮ ਅਹੀਰਵਾਰ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਕਿ ਕੁਰਮੀ ਜਾਤ ਦੇ ਸਰਪੰਚ ਤੇ ਉਸ ਦੇ ਭਰਾਵਾਂ ਨੇ ਉਸ ਨੂੰ ਬੁਰੀ ਤਰ੍ਹਾ ਇਸ ਕਰਕੇ ਕੁੱਟਿਆ ਮਾਰਿਆ ਕਿ ਤੂੰ ਨੀਵੀਂ ਜਾਤ ਦਾ ਹੋ ਕੇ ਆਪਣਾ ਮੋਟਰਸਾਈਕਲ ਉਨ੍ਹਾਂ ਦੇ ਘਰਾਂ ਅੱਗਿਓ ਚਲਾ ਕੇ ਲੰਘਦਾ ਹੈ, ਇਹ ਉਚ ਜਾਤੀਆਂ ਦਾ ਅਪਮਾਨ ਹੈ। ਇਸ ਲਈ ਮੋਟਰਸਾਈਕਲ ਨੂੰ ਬੰਦ ਕਰਕੇ ਘੜੀਸ ਕੇ ਆਪਣੇ ਘਰ ਨੂੰ ਲਿਜਾਇਆ ਕਰ।

ਪਿੰਡਾਂ ਦੇ ਉਚ ਜਾਤੀ ਲੋਕ ਆਪਣੇ ਘਰਾਂ ਦੇ ਮੂਹਰਿਓ ਦਲਿਤਾਂ ਦੀ ਬਰਾਤ ਨਹੀਂ ਲੰਘਣ ਦਿੰਦੇ। ਪਟਨਾ ਨੇੜੇ ਸੇਹਪੂ ਵਿਖੇ ਦਲਿਤ ਬੱਚੇ ਖੇਡਦੇ-ਖੇਡਦੇ ਸਹਿਮਨ ਮੰਦਿਰ 'ਚ ਚਲੇ ਗਏ। ਉੱਚ ਜਾਤੀਆਂ ਨੇ ਮਾਸੂਮ ਬੱਚਿਆਂ ਨੂੰ ਨਾ ਸਿਰਫ ਬੇਰਹਿਮੀ ਨਾਲ ਕੁੱਟਿਆ-ਮਾਰਿਆ, ਬਲਕਿ ਉਹਨਾਂ ਅਤੇ ਉਹਨਾਂ ਦੀਆਂ ਮਾਵਾਂ ਉੱਪਰ ਉੱਬਲਦੀ ਹੋਈ ਦਾਲ ਪਾ ਕੇ ਸਾੜ ਦਿੱਤਾ, ਕਹਿੰਦੇ ਇਹਨਾਂ ਮੰਦਰ ਭਿੱਟ ਦਿੱਤਾ। ਦੁਮਾਰੀ ਪੰਚਾਇਤ ਦੇ ਦਲਿਤ ਮੁਖੀ ਸਿਨਹਾਸ ਨੂੰ ਅਜ਼ਾਦੀ ਦਿਵਸ ਮੌਕੇ ਤਿਰੰਗਾ ਨਹੀਂ ਲਹਿਰਾਉਣ ਦਿੱਤਾ ਗਿਆ। ਨੈਸ਼ਨਲ ਬਿਊਰੋ ਆਫ਼ ਕਰਾਈਮ ਬ੍ਰਾਂਚ ਦੀ 2016 ਦੀ ਰਿਪੋਰਟ ਅਨੁਸਾਰ ਹਰ ਹਫ਼ਤੇ 13 ਦਲਿਤਾਂ ਦੀ ਹੱਤਿਆ, 6 ਦਲਿਤਾਂ ਦਾ ਅਪਹਰਣ, 3 ਦਲਿਤਾਂ ਔਰਤਾਂ ਨਾਲ ਹਰ ਰੋਜ਼ ਬਲਾਤਕਾਰ, 11 ਦਲਿਤਾਂ ਦਾ ਹਰ ਰੋਜ਼ ਉਤਪੀੜਨ, 18 ਮਿੰਟ 'ਚ ਇੱਕ ਦਲਿਤ 'ਤੇ ਘਨੋਣਾ ਅੱਤਿਆਚਾਰ ਅਤੇ 5 ਦਲਿਤਾਂ ਦੇ ਘਰ ਬਾਰ ਸਾੜ ਦਿੱਤੇ ਜਾਂਦੇ ਹਨ।

ਗੋਰਖਪੁਰ, ਪੜਰੌਣਾ ਤੇ ਕੁਸ਼ੀ ਨਗਰ ਜ਼ਿਲ੍ਹਿਆਂ 'ਚ ਦਲਿਤ ਮੁਸਹਰਾਂ ਦੀ ਬਸਤੀ ਪਿੰਡਾਂ ਤੋਂ ਦੂਰ ਹੁੰਦੀ ਹੈ। ਰੋਟੀ ਰੋਜ਼ੀ ਤੇ ਭੋਜਨ ਦੀ ਘਾਟ ਸਮੇਂ ਇਹ ਲੋਕ ਚੂਹੇ ਖਾ ਕੇ ਗੁਜਾਰਾ ਕਰਨ ਲਈ ਮਜਬੂਰ ਹਨ। ਬਾਂਸਗਾਂਵ ਪਿੰਡ ਦੇ 50 ਸਾਲਾ ਮੰਗਵਾ ਮੁਸਹਰ ਦਾ ਕਹਿਣਾ ਹੈ ਕਿ ਭੁੱਖ ਦੇ ਦਿਨਾਂ 'ਚ ਉਹ ਲੋਕ ਚੂਹਿਆਂ ਦੀਆਂ ਖੁੱਡਾਂ ਪੁੱਟ ਕੇ ਉਹਨਾਂ 'ਚੋਂ ਅਨਾਜ ਕੱਢ ਕੇ ਖਾਂਦੇ ਹਨ। ਸਿਰਫ਼ ਖੇਤੀ 'ਚ ਬਿਜਾਈ-ਕਟਾਈ ਸਮੇਂ 10 ਰੁਪਏ ਤੋਂ ਲੈ ਕੇ 25-30 ਰੁਪਏ ਦੀ ਦਿਹਾੜੀ ਮਿਲਦੀ ਹੈ ਅਤੇ ਉਹ ਵੀ ਸਾਲ 'ਚ ਵੱਧ ਤੋਂ ਵੱਧ 30-40 ਦਿਨ। ਬਾਕੀ ਦਿਨ ਫਾਕਾ ਕੱਟਦੇ ਆ। ਸਨਹੂ ਦਾ ਕਹਿਣਾ ਹੈ ਕਿ ਜਦ ਖੇਤੀ ਦਾ ਸੀਜਨ ਖ਼ਤਮ ਹੋ ਜਾਂਦੈ ਤਾਂ ਸਾਡਾ ਮੌਤ ਦਾ ਸੀਜ਼ਨ ਸ਼ੁਰੂ ਹੋ ਜਾਂਦਾ ਹੈ। ਹਰ ਸਾਲ ਸੈਕੜੇ ਇਹ ਭੁੱਖ ਨਾਲ ਮਰ ਜਾਂਦੇ ਹਨ।






ਐਸ ਐਲ ਵਿਰਦੀ ਐਡਵੋਕੇਟ
91-98145-17499

ਦੇਸ਼ ਵਿੱਚ 4 ਕਰੋੜ 51 ਲੱਖ ਬਾਲ ਮਜ਼ਦੂਰ ਹਨ। ਜਿਹਨਾਂ ਬਾਲਾਂ ਦਾ ਖੇਡਣਾ ਮੱਲ੍ਹਣਾ ਮਨ ਦਾ ਚਾਓ ਹੋਣਾ ਚਾਹੀਦਾ ਹੈ। ਉਹਨਾਂ ਬਾਲਾਂ ਨੂੰ ਪੇਟ ਪੂਜਾ ਦੇ ਸੰਧੇ ਪਏ ਹੋਏ ਹਨ। ਜਿਹਨਾਂ ਹੱਥਾਂ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਵਧੀਆਂ ਤੋਂ ਵਧੀਆ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਉਹਨਾਂ ਹੱਥਾਂ ਵਿੱਚ ਧੋਣ ਲਈ ਜੂਠੇ ਭਾਂਡੇ ਹਨ। ਉਹ ਘਟੀਆ ਤੋਂ ਘਟੀਆ ਟੀ ਸਟਾਲਾਂ, ਢਾਬਿਆਂ, ਦੁਕਾਨਾਂ ਅਤੇ ਫੈਕਟਰੀਆਂ ਵਿੱਚ ਝਿੜਕਾਂ ਖਾਂਦੇ ਹਨ। ਬਾਲ ਮਜਦੂਰੀ ਵਿਰੁੱਧ ਬਣਾਇਆ ਕਨੂੰਨ ਕਿਧਰੇ ਲਾਗੂ ਨਹੀ ਕੀਤਾ ਜਾ ਰਿਹਾ। ਬੱਚੇ ਦੇਸ਼ ਦਾ ਭਵਿੱਖ ਹਨ, ਪਰ ਦਲਿਤ ਬੱਚਿਆਂ ਦਾ ਭਵਿੱਖ ਕਿੱਥੇ ਹੈ?

ਪੰਜਾਬ ਵਿਚ ਵੀ ਦਲਿਤ ਸ਼ੋਸ਼ਿਤ ਮਜ਼ਦੂਰ ਸਮਾਜ ਦੀ ਕੀ ਸਥਿਤੀ ਹੈ? ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਗੜ੍ਹਸ਼ੰਕਰ ਦੇ ਪਿੰਡ ਦੀ ਇੱਕ 14 ਸਾਲਾ ਨੌਂਵੀ ਜਮਾਤ ਵਿੱਚ ਪੜ੍ਹਦੀ ਲੜਕੀ ਅਤੇ ਉਸ ਦੀ ਤਾਏ ਦੀ ਲੜਕੀ ਖੇਤਾਂ ਵਿੱਚ ਜੰਗਲ ਪਾਣੀ ਗਈਆਂ। ਜਦ ਉਹ ਜੰਗਲ ਪਾਣੀ ਬੈਠੀਆਂ ਸਨ ਤਾਂ ਪਿੱਛੋਂ ਜ਼ਿਮੀਂਦਾਰਾਂ ਨੇ ਹਮਲਾ ਕਰਕੇ ਉਹਨਾਂ ਨੂੰ ਡੰਡਿਆਂ ਨਾਲ ਕੁੱਟਿਆ-ਮਾਰਿਆ, ਜਾਤੀ ਗਾਲ੍ਹਾਂ ਕੱਢੀਆਂ ਅਤੇ ਉਹਨਾਂ ਤੋਂ ਹੱਥੀਂ ਗੰਦ ਚੁਕਵਾ ਕੇ ਉਸ ਦੀ ਚੁੰਨੀ ਦੇ ਪੱਲੇ ਵਿੱਚ ਪੁਆਇਆ। ਅਜਿਹੀ ਹੀ ਘਟਨਾ ਜਿਲਾ ਫਤਿਹਗੜ ਦੇ ਇਕ ਪਿੰਡ ਵਿਚ ਵਾਪਰੀ। ਅਜ਼ਾਦੀ ਦਿਵਸ ਦੇ ਦਿਨ ਉਹਨਾਂ ਨਾਲ ਜੋ ਵਾਪਰਿਆ, ਉਸ ਨੂੰ ਜਾਣ ਕੇ ਮਨੁੱਖ ਸਿਰਫ਼ ਭਾਵੁਕ ਹੀ ਨਹੀਂ ਹੁੰਦਾ ਬਲਕਿ, ਸ਼ਰਮ ਨਾਲ ਸਿਰ ਵੀ ਝੁਕ ਜਾਂਦਾ ਹੈ।

ਭਾਰਤ ਸਰਕਾਰ ਦੇ ਮਾਨਵ ਸੰਸਾਧਨ ਮੰਤਰਾਲੇ ਵਲੋਂ ਤਿਆਰ ਕੀਤੀ ਗਈ ਮਿਡ-ਡੇ-ਮੀਲ ਪ੍ਰਤੀ ਤਿਆਰ ਕੀਤੀ ਗਈ ਇਕ ਤਾਜ਼ਾ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਦੇਸ਼-ਵਿਦੇਸ਼ ਦੀਆਂ 41 ਨਿਰਪੱਖ ਏਜੰਸੀਆਂ ਵਲੋਂ ਇਸ ਯੋਜਨਾਂ ਦਾ ਮੱਧ ਪ੍ਰਦੇਸ਼, ਉੜੀਸਾ, ਰਾਜਸਥਾਨ, ਉਤਰ ਪ੍ਰਦੇਸ਼ ਅਤੇ ਗੁਜਰਾਤ ਰਾਜਾਂ ਦੇ 180 ਸਕੂਲਾਂ ਦਾ ਨਿਰੀਖਣ ਕਰਦਿਆਂ ਇਹ ਗੱਲ ਆਮ ਦੇਖੀ ਗਈ ਹੈ ਕਿ ਉਥੇ ਜਾਤ-ਪਾਤ ਦੇ ਅਤੇ ਮੁੰਡੇ ਕੁੜੀ ਦੇ ਅਧਾਰ 'ਤੇ, ਬੱਚਿਆਂ ਨੂੰ ਭੋਜਨ ਦੇਣ ਲਈ ਵੱਖ-ਵੱਖ ਰਖਿਆ ਜਾਦਾਂ ਹੈ। ਜਿਹੜੇ ਸਕੂਲਾਂ ਵਿਚ, ਦਲਿਤ ਰਸੋਈਏ ਖਾਣਾ ਤਿਆਰ ਕਰਦੇ ਹਨ, ਉਥੇ ਉਚ ਜਾਤੀਆਂ ਦੇ ਬੱਚੇ ਤੇ ਉਨ੍ਹਾਂ ਦੇ ਮਾਪੇ ਵੀ ਭੋਜਨ ਲੈਣ ਤੋਂ ਇੰਨਕਾਰ ਕਰ ਦੇਂਦੇ ਹਨ। ਉਹ ਐਲਾਨੀਆ ਕਹਿੰਦੇ ਹਨ, ਕਿ ਉਹ ਦਲਿਤਾਂ ਦੇ ਹੱਥਾਂ ਦਾ ਤਿਆਰ ਕੀਤਾ ਭੋਜਨ ਨਹੀ ਖਾਣਗੇ। ਰੋਹਤਾਸ ਦੇ ਸਕੂਲ 'ਚ ਮਿਡ-ਡੇ-ਮੀਲ ਬਣਾਉਣ ਵਾਲੀ ਦਲਿਤ ਔਰਤ ਨੂੰ ਸਵਰਨਾ ਨੇ ਘਸੀਟ ਕੇ ਰਸੋਈ ਵਿੱਚੋਂ ਬਾਹਰ ਕੱਢ ਦਿੱਤਾ।

ਦੇਸ਼ ਦੇ 10 ਕਰੋੜ ਤੋਂ ਵੀ ਵੱਧ ਆਦਿਵਾਸੀ ਹਮੇਸ਼ਾ ਤੋਂ ਹਾਸ਼ੀਏ 'ਤੇ ਰਹੇ ਹਨ, ਉਨ੍ਹਾਂ ਦੀਆਂ ਸਮੱਸਿਅਵਾਂ ਅਤੇ ਵਿਕਾਸ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਸਰਕਾਰਾਂ ਨੇ ਕਦੇ ਵੀ ਇਨ੍ਹਾਂ ਦੇ ਕਲਿਆਣ ਲਈ ਠੋਸ ਕਦਮ ਨਹੀਂ ਉਠਾਏ। ਅੱਜ ਵੀ ਉਨ੍ਹਾਂ 'ਚੋਂ ਜ਼ਿਆਦਾਤਰ ਤਰਸਯੋਗ ਹਾਲਾਤ 'ਚ ਜ਼ਿੰਦਗੀ ਬਸਰ ਕਰ ਰਹੇ ਹਨ। ਜਦਕਿ ਆਦਿਵਾਸੀ ਭਾਰਤ ਦੇਸ਼ ਦੇ ਧਰਤੀ ਪੁੱਤਰ ਹਨ। ਉਹਨਾਂ ਦੇ ਜੀਵਨ ਨਿਰਬਾਰ ਦਾ, ਇੱਕੋ-ਇੱਕ ਵਸੀਲਾ ਜੰਗਲ-ਪਹਾੜ ਹਨ। ਸੈਂਕੜੇ ਵਰ੍ਹਿਆਂ ਤੋਂ ਉਹਨਾਂ ਦਾ ਜੀਵਨ ਅੱਜ ਵੀ ਪੁਰਾਣੀ ਤਰਜ 'ਤੇ ਹੀ ਚੱਲ ਰਿਹਾ ਹੈ। ਦੇਸ਼ ਦੀ 75 ਸਾਲ ਦੀ ਅਜ਼ਾਦੀ ਨੇ ਵੀ ਉਹਨਾਂ ਦੀਆਂ ਘੁੱਪ ਹਨੇਰੀਆਂ ਝੁੱਗੀਆਂ-ਝੌਂਪੜੀਆਂ ਵਿੱਚ ਚਾਨਣ ਨਹੀਂ ਕੀਤਾ। ਉਹਨਾਂ ਦੀ ਸੁੱਖ-ਸੁਵਿਧਾ ਲਈ ਪੀਣ ਵਾਲਾ ਪਾਣੀ, ਸਕੂਲ, ਹਸਪਤਾਲ, ਬੁਨਿਆਦੀ ਸਹੂਲਤਾਂ ਨਹੀਂ ਦਿੱਤੀਆਂ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਜਿਹਨਾਂ ਜ਼ਮੀਨਾਂ, ਜੰਗਲਾਂ, ਪਹਾੜਾਂ 'ਚ ਆਦਿਵਾਸੀ ਰਹਿ ਰਹੇ ਹਨ, ਉਹ ਬੇਸ਼ੁਮਾਰ ਖਣਿਜਾਂ, ਧਾਤਾਂ, ਲੋਹਾ, ਕੋਲਾ, ਸੋਨਾ, ਹੀਰੇ ਜਵਾਹਰ ਆਦਿ ਕੁਦਰਤੀ ਵਸੀਲਿਆਂ ਨਾਲ ਭਰੇ ਪਏ ਹਨ। ਅਜ਼ਾਦੀ ਤੋਂ ਪਹਿਲਾਂ ਆਦਿਵਾਸੀ ਜਿਹੜੀ ਵੀ ਜ਼ਮੀਨ ਖੂੰਨ-ਪਸੀਨਾਂ ਵਹਾਕੇ, ਪੱਥਰ ਤੋੜਕੇ, ਜੰਗਲ ਸਾਫ ਕਰਕੇ ਉਪਜਾਓ ਬਣਾਉਦੇ, ਸਵਰਨ ਧਨਾਡ ਜ਼ਿਮੀਦਾਰ, ਸਮੰਤ ਮੁਗਲ-ਅੰਗਰੇਜ਼ ਸ਼ਾਸ਼ਕਾਂ ਨਾਲ ਮਿਲਕੇ ਉਸ ਨੂੰ ਸਾਜ਼ਿਸ਼ਾਂ ਰਚਕੇ, ਹੜੱਪਦੇ ਰਹੇ ਅਤੇ ਹੁਣ ਬਹੁਕੌਮੀ ਕੰਪਨੀਆਂ ਨੂੰ ਜੰਗਲਾਂ ਵਿੱਚੋਂ ਖਣਿਜ ਪਦਾਰਥ ਹਾਸਲ ਕਰਨ ਲਈ ਠੇਕੇ ਦੇ ਕੇ ਆਪਣੇ ਹੀ ਦੇਸ਼ ਦੇ ਸਤਾ 'ਤੇ ਕਾਬਜ ਆਗੂਆਂ ਦੀ ਸ਼ਹਿ 'ਤੇ ਮਿਲੀਭੁਗਤ ਕਰਕੇ ਬਹੁਕੌਮੀ ਕਾਰਪੋਰੇਸ਼ਨਾਂ ਆਦਿਵਾਸੀਆਂ ਦੀਆਂ ਜ਼ਮੀਨਾਂ ਨੂੰ ਹੜੱਪ ਰਹੀਆਂ ਹਨ।

ਸਮਾਜਿਕ ਹੀ ਨਹੀ, ਆਰਥਿਕ ਤੌਰ 'ਤੇ ਵੀ ਦੇਸ਼ ਦੇ ਗਰੀਬੀ ਰੇਖਾ 'ਤੇ 75 ਕਰੋੜ ਲੋਕ ਗੁਰਬਤ ਦੀ ਮਾਰ ਹੇਠ ਰੀਂਗ ਰਹੇ ਹਨ। ਦੇਸ਼ ਦੇ 82 ਕਰੋੜ ਲੋਕ ਰੋਜ਼ਾਨਾਂ 10 ਰੁਪਏ 'ਚ ਗੁਜਾਰਾ ਕਰਦੇ ਹਨ। ਇਸੇ ਸਾਲ ਔਕਸਫੈਮ (ਇਕ ਗ਼ੈਰ-ਮੁਨਾਫ਼ਾਕਾਰੀ ਸੰਸਥਾ) ਨੇ ਸੰਸਾਰ ਵਿੱਚ ਵੱਧ ਰਹੀਆਂ ਆਰਥਿਕ ਅਸਮਾਨਤਾਵਾਂ, ਗਰੀਬੀ-ਅਮੀਰੀ ਬਾਰੇ ਇੱਕ ਰਿਪੋਰਟ ਜਾਰੀ ਕੀਤੀ ਹੈ। ਇਸ ਰਿਪੋਰਟ ਵਿੱਚ ਭਾਰਤ ਵਿੱਚ

**(ਬਾਕੀ ਅਗਲੇ ਸਫੇ 'ਤੇ)**

# ਗੀਤ / ਇਹੋ ਜਹੀ ਆਜ਼ਾਦੀ

ਕਾਮੇ ਸਾਰਾ ਦਿਨ ਕੰਮ ਕਰਦੇ ਕਾਰਖਾਨਿਆਂ ਦੇ ਵਿੱਚ,
ਥੋੜ੍ਹਾ ਕੰਮ ਹੋਇਆ ਵੇਖ ਮਾਲਕ ਜਾਂਦਾ ਏ ਖਿੱਝ,
ਜਦ ਮੰਗਣ ਮਜ਼ਦੂਰੀ, ਉਹ ਅੱਖਾਂ ਲਾਲ ਕਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਪਿੰਡ, ਪਿੰਡ ਖੁੱਲ੍ਹ ਗਏ ਨੇ ਸ਼ਰਾਬ ਦੇ ਠੇਕੇ,
ਸ਼ਰਾਬੀ ਪਤੀਆਂ ਤੋਂ ਅੱਕ ਪਤਨੀਆਂ ਤੁਰੀ ਜਾਣ ਪੇਕੇ,
ਸੁਪਨੇ ਪੜ੍ਹਨ ਦੇ ਬੱਚਿਆਂ ਦੇ ਪੂਰੇ ਕੌਣ ਕਰੇ?
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਮੁੱਠੀ ਭਰ ਪਰਿਵਾਰਾਂ ਦਾ ਇੱਥੇ ਰੱਖਿਆ ਜਾਏ ਖਿਆਲ,
ਉਨ੍ਹਾਂ ਨੂੰ ਮਿਲੇ ਸਭ ਕੁੱਝ, ਬਾਕੀ ਵਜਾਣ ਖਾਲੀ ਥਾਲ,
ਅੱਕੀ ਜਨਤਾ ਪਤਾ ਨਹੀਂ ਕਿਹੜੇ ਰਾਹ ਤੁਰ ਪਵੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਹਰ ਮਹਿਕਮੇ ਚੋਂ ਨੌਕਰੀਆਂ ਖਤਮ ਕੀਤੀਆਂ ਜਾ ਰਹੀਆਂ,
ਪਹਿਲਾਂ ਲੱਗਿਆਂ ਦੀਆਂ ਤਨਖਾਹਾਂ ਘਟਾਈਆਂ ਜਾ ਰਹੀਆਂ,
ਬੇਰੁਜ਼ਗਾਰ ਮੁੰਡੇ, ਕੁੜੀਆਂ ਤੇ ਕੋਈ ਤਰਸ ਨਾ ਕਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਪੂਰੀ ਮਿਹਨਤ ਕਰਕੇ ਕਿਸਾਨ ਫਸਲ ਉਗਾਵੇ,
ਔਖਾ ਹੋ ਕੇ ਉਹ ਮੰਡੀ 'ਚ ਫਸਲ ਲੈ ਕੇ ਜਾਵੇ,
ਹੋਵੇ ਡਾਢਾ ਨਿਰਾਸ਼, ਜਦ ਉੱਥੇ ਪੂਰਾ ਮੁੱਲ ਨਾ ਮਿਲੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।
ਕਹਿੰਦੇ ਆਇਆ ਪੰਦਰਾਂ ਅਗਸਤ, ਖੁਸ਼ੀਆਂ ਮਨਾਓ,
ਸਭ ਕੁੱਝ ਭੁੱਲ ਕੇ, ਸਾਰੇ ਰਲ ਭੰਗੜੇ ਪਾਓ,
ਢਿੱਡੋਂ ਭੁੱਖੇ ਢਿੱਡ ਭਰਨ ਲਈ ਜਾਣ ਕਿਸ ਦੇ ਘਰੇ।
ਇਹੋ ਜਹੀ ਆਜ਼ਾਦੀ ਨਾ ਕਿਸੇ ਨੂੰ ਮਿਲੇ।



**– ਮਹਿੰਦਰ ਸਿੰਘ ਮਾਨ**
91-99158-03554

# ਅਧੂਰੇ ਖੁਆਬ

ਪਝੱਤਰ ਸਾਲਾ ਤੋਂ ਹੁਣ ਵੀ ਅਧੂਰੇ ਨੇ,
ਦੇਸ਼ ਭਗਤਾਂ ਨੇ ਜੋ ਵੇਖੇ ਸਨ ਖੁਆਬ।
ਮਨੁੱਖ ਨੂੰ ਮਨੁੱਖ ਦਾ ਵਿਰੋਧੀ ਬਣਾਤਾ,
ਨਿੱਤ ਕਤਲ ਹੋਣ ਲੱਗੇ ਹੁਣ ਬੇਹਿਸਾਬ।
ਆਮ ਲੋਕਾਂ ਲਈ ਤਾਂ ਬੰਦ ਨੌਕਰੀਆਂ,
ਵਜ਼ੀਰਾਂ ਦੇ ਕਾਕੇ ਹੀ ਲੱਗਦੇ ਨੇ ਸਾਬ੍ਹ।
ਗਰੀਬ ਬੰਦੇ ਨੂੰ ਦਿਹਾੜੀ ਨਾ ਜੁੜਦੀ ,
ਲੀਡਰਾਂ ਦੇ ਫਿਰੇ ਈ ਡੀ ਦਿਨ ਰਾਤ।
ਪਬਲਿਕ ਦੇ ਵਿੱਚ ਪਾਈਆਂ ਵੰਡੀਆਂ,
ਨੇਤਾਵਾਂ ਲਗਾ ਕੇ ਧਰਮਾਂ ਉੱਪਰ ਦਾਗ।
ਗੈਂਗਸਟਰਾਂ ਦੀ ਬਦਮਾਸ਼ੀ ਵੱਧ ਗਈ,
ਪੁਲਿਸ ਪਹੁੰਚੇ ਵਾਰਦਾਤ ਤੋਂ ਬਾਅਦ।
ਅਖ਼ੀਰ ਨੌਜਵਾਨਾਂ ਹਥਿਆਰ ਚੁੱਕ ਲਏ,
ਕੰਮ ਆਈ ਨਹੀਂ ਜਦੋਂ ਕੋਈ ਕਿਤਾਬ।
ਦੇਸ਼ ਭਗਤਾਂ ਨੂੰ ਅੱਤਵਾਦੀ ਕਹੀ ਜਾਂਦੇ,
ਸਰਕਾਰ ਕੋਲ ਨਹੀਂ ਕੋਈ ਵੀ ਜਵਾਬ।
ਘਰ ਘਰ ਅੰਦਰ ਚਿੱਟਾ ਪਹੁੰਚ ਗਿਆ,
ਨਜ਼ਰ ਕਿਤੇ ਆਉਂਦੇ ਨਾ ਫਲ ਦੇ ਬਾਗ।
ਪਵਨ ਤੇ ਪਾਣੀ ਪ੍ਰਦੂਸ਼ਿਤ ਕਰ ਦਿੱਤਾ,
ਕਿਸੇ ਜੋਗਾ ਨਹੀਂ ਛੱਡਿਆ ਪੰਜ ਆਬ।
ਸ਼ਹੀਦਾਂ ਦੀਆਂ ਬਦ ਦੁਆਵਾਂ ਲੱਗਣ ,
ਜਿਨ੍ਹਾਂ ਉਜਾੜਿਆਂ ਹੈ ਹਰਾ ਭਰਾ ਬਾਗ।
ਅਜ਼ਾਦੀ ਦਿਵਸ ਵੀ ਤਾਂਹੀ ਸੋਭਦੇ ਨੇ,
ਜੇ ਸ਼ਹੀਦਾਂ ਦੀ ਸੋਚ ਤੇ ਕਰੀਏ ਨਾਜ਼।
ਮੁੜ ਕਿਸੇ ਨੇ ਦੇਸ਼ ਭਗਤ ਨਾ ਬਣਨਾ,
ਭਾਵੇਂ ਲੱਖ ਕਰੀ ਜਾਇਓ ਫਰਿਆਦ।
ਪਝੱਤਰ ਸਾਲਾ ਤੋਂ ਹੁਣ ਵੀ ਅਧੂਰੇ ਨੇ,
ਦੇਸ਼ ਭਗਤਾਂ ਨੇ ਜੋ ਵੇਖੇ ਸਨ ਖੁਆਬ

**– ਚਮਨਦੀਪ ਸ਼ਰਮਾ**
91-95010 33005



# ਸੱਭਿਆਚਾਰ ਦਾ ਅਨਿੱਖੜਵਾਂ ਅੰਗ ਨੇ ਪੰਜਾਬ ਦੇ ਲੋਕ ਗੀਤ

**(ਸਫਾ 26 ਦੀ ਬਾਕੀ)**

ਦੀ ਇੱਕ ਅਹਿਮ ਰਸਮ ਹੁੰਦੀ ਹੈ।ਇਸ ਨੂੰ ਨਹਾਈ ਧੋਈ ਦੀ ਰਸਮ ਵੀ ਕਿਹਾ ਜਾਂਦਾ ਹੈ। ਇਸ ਸਮੇਂ ਮੁੰਡੇ ਅਤੇ ਕੁੜੀ ਦੇ ਘਰ ਦੀਆਂ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ ਗੀਤ :-

"ਆਂਗਨ ਸਾਡੇ ਚੀਕਣਾ ਵੇ,
ਕੀਹਨੇ ਡੋਲ੍ਹਿਆ ਪਾਣੀ।
ਬਾਬੇ ਦਾ ਪੋਤਾ ਨਾਤੜਾ ਵੇ,
ਉਹਨੇ ਡੋਲ੍ਹਿਆ ਪਾਣੀ।

ਬਾਬਲ ਦਾ ਬੇਟਾ ਨਾਤੜਾ ਵੇ
ਉਹਨੇ ਡੋਲ੍ਹਿਆ ਪਾਣੀ।"
"ਫੁੱਲਾਂ ਭਰੀ ਚੰਗੇਰ ਇੱਕ ਤੋੜੀ ਦਾ ,
ਜੀ ਐਸ ਵੇਲੇ ਜਰੂਰ ਮਾਮਾ ਲੋੜੀਦਾ।"
"ਨ੍ਹਾਈ ਧੋਈ ਹੋਗੀ ਵੀਰਾ ਵੇ
ਭੈਣਾਂ ਨੇ ਗਾਏ ਗੀਤ।
ਮਾਮੇ ਨੇ ਪਟੜਿਓਂ ਲਾਹ ਲਿਆ
ਪੂਰੀ ਹੋ ਗਈ ਜੱਗ ਦੀ ਰੀਤ
ਵੇ ਵੀਰ ਪਿਆਰਿਆ ਵੇ।"

ਬਰਾਤ ਵਾਲੇ ਦਿਨ ਲਾੜੇ ਦੀਆਂ ਭੈਣਾਂ ਵੱਲੋਂ ਲਾੜੇ ਦੇ ਸਿਹਰਾ ਸਜਾਇਆ ਜਾਂਦਾ ਹੈ।ਅਤੇ ਲੋਕ ਗਾਇਆ ਜਾਂਦਾ ਹੈ:-

"ਮੱਥੇ ਤੇ ਚਮਕਣ ਵਾਲ
ਮੇਰੇ ਬੰਨੜੇ ਦੇ "

ਇੱਕ ਹੋਰ ਸਿਹਰਾ ਦਾ ਲੋਕ ਗੀਤ ਹੈ:-

"ਲੈ ਮੇਰੀ ਮਾਲਣ ,ਬੰਨ੍ਹ ਨੀਂ ਸਿਹਰਾ
ਬੰਨ੍ਹ ਨੀਂ ਲਾਲ ਜੀ ਦੇ ਮੱਥੇ।
ਹਰਿਆ ਨੀਂ ਮਾਲਣ ,ਹਰਿਆ ਨੀ ਭੈਣੇ
ਹਰਿਆ ਤੇ ਬਾਗੀ ਭਰਿਆ।"

ਲੜਕੀ ਵਾਲਿਆਂ ਦੇ ਘਰ ਜੰਞ ਢੁੱਕਣ ਤੇ ਲਾੜੀ ਦੀ ਸਹੇਲੀਆਂ ਇਉਂ ਸੁਨੇਹਾ ਦਿੰਦੀਆਂ ਹਨ:-

"ਆਇਆ ਲਾੜੀਏ ਨੀ,
ਤੇਰਾ ਸਿਹਰਿਆਂ ਵਾਲਾ ਵਿਆਹਣ ਆਇਆ।
ਆਇਆ ਤੇ ਸਦਾ ਰੰਗ ਲਾਇਆ ਨੀ,
ਤੇਰਾ ਸਿਹਰਿਆਂ ਵਾਲਾ ਵਿਆਹਵਣ ਆਇਆ।"

ਸਿੱਠਣੀਆਂ ਦੇ ਗੀਤ :-

ਕੁੜੀ ਵਾਲੇ ਘਰ ਬਰਾਤੀਆਂ, ਵਿ-ਚੋਲੇ ,ਲਾੜੇ ਅਤੇ ਲਾੜੇ ਦੇ ਬਾਪ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ, ਜਿਵੇ:-

"ਮੱਕੀ ਦਾਣਾ ਟਿੰਡ ਵਿੱਚ ਨੀ ,
ਵਿਚੋਲਾ ਨੀ ਰੱਖਣਾ ਪਿੰਡ ਵਿੱਚ ਨੀ।"

ਡੋਲੀ ਦੇ ਗੀਤ-

ਸਾਡੇ ਲੋਕ ਗੀਤ ਡੋਲੀ ਤੋਰਨ ਵੇਲੇ ਵਿਆਹੀ ਜਾਣ ਵਾਲੀ ਕੁੜੀ ਦੇ ਦਿਲ ਦੀ ਹੂਕ ਅਤੇ ਭਾਵਨਾਵਾਂ ਨੂੰ ਵੀ ਪ੍ਰਗਟਾਉਂਦੇ ਹਨ।

"ਮੇਰੀ ਡੋਲੀ ਤੇ ਪਾ ਦਿਉ ਲੋਈ,
ਮੈਂ ਅੱਜ ਪ੍ਰਦੇਸਣ ਹੋਈ।
ਮੇਰੀ ਡੋਲੀ ਤੇ ਪਾ ਦਿਉ ਖੇਸ
ਮੈਂ ਜਾਣਾ ਬਿਗਾਨੇ ਦੇਸ।"

ਭੈਣ ਭਰਾ ਦੇ ਰਿਸ਼ਤੇ ਦੇ ਗੀਤ-

ਭੈਣ ਅਤੇ ਭਰਾ ਦੇ ਰਿਸ਼ਤੇ ਵਿੱਚ ਅੰਤਾਂ ਦਾ ਪਿਆਰ ਛੁਪਿਆ ਹੁੰਦਾ ਹੈ।ਲੋਕ ਗੀਤਾਂ ਵਿੱਚ ਇਸ ਰਿਸ਼ਤੇ ਨੂੰ ਵਿਸ਼ੇਸ਼ ਦਰਜਾ ਹਾਸਿਲ ਹੈ।ਛੋਟੀ ਉਮਰ ਤੋਂ ਹੀ ਭੈਣ ਗੀਤਾਂ ਵਿੱਚ ਭਰਾ ਦੀਆਂ ਸੁੱਖਾ ਮੰਗਦੀ ਹੈ।

"ਇੱਕ ਵੀਰ ਦੇਈਂ ਵੇ ਰੱਬਾ
ਸੌਂਹ ਖਾਣ ਨੂੰ ਬੜਾ ਚਿੱਤ ਕਰਦਾ।"

ਭੈਣਾਂ ਜਦੋਂ ਵਿਆਹੀਆਂ ਜਾਂਦੀਆਂ ਹਨ ਤਾਂ ਸਭਨਾਂ ਅੰਗਾਂ ਸਾਕਾਂ ਵਿੱਚੋਂ ਕੇਵਲ ਆਪਣੇ ਵੀਰ ਉੱਤੇ ਹੀ ਆਸ ਹੁੰਦੀ ਹੈ, ਜੋ ਉਸਦੇ ਦੁੱਖ ਦਰਦ ਵਿੱਚ ਬਹੁੜਦਾ ਹੈ।

"ਉੱਡੀਂ-ਉੱਡੀਂ ਵੇ ਕਾਵਾਂ, ਜਾਈਂ ਬਾਬਲ ਦੇ ਦੇਸ।
ਇੱਕ ਨਾ ਦੱਸੀਂ ਮੇਰੀ ਮਾਂ ਰਾਣੀ ਨੂੰ, ਰੋਊਗੀ ਗੁੱਡੀਆਂ ਫੋਲ ਕੇ।
ਇੱਕ ਨਾ ਦੱਸੀ ਮੇਰੇ ਰਾਜੇ ਬਾਬਲ ਨੂੰ ,ਰੋਊਗਾ ਕਚਿਹਰੀ ਛੱਡ ਕੇ"

ਗਿੱਧੇ ਦੇ ਲੋਕ ਗੀਤ-

ਪੰਜਾਬ ਦਾ ਗਿੱਧਾ, ਭੰਗੜਾ, ਲੋਕ-ਨਾਚ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਦੀ ਸ਼ਾਨ ਅਤੇ ਵਿਲੱਖਣਤਾ ਪੇਸ਼ ਕਰਦੇ ਹਨ।ਪੰਜਾਬ ਦੀਆਂ ਹੁਸਨ ਮੱਤੀਆਂ ਗਹਿਣਿਆਂ ਨਾਲ ਲੱਦੀਆਂ ਅੱਲ੍ਹੜ ਮੁਟਿਆਰਾਂ ਜਦੋਂ ਨੱਚਦੀਆਂ-ਟੱਪਦੀਆਂ ਅਤੇ ਦੂਹਰੀਆਂ ਹੋ ਹੋ ਕੇ ਬੋਲੀਆਂ ਪਾਉਂਦੀਆਂ ਹਨ ਤਾਂ ਧਰਤੀ ਤੇ ਭੂਝਾਲ ਲਿਆ ਦਿੰਦੀਆਂ ਹਨ।

"ਕੱਠੀਆਂ ਹੋਕੇ ਆਈਆਂ ਗਿੱਧੇ ਵਿੱਚ ਇੱਕੋ ਜਿਹੀਆਂ ਮੁਟਿਆਰਾਂ,
ਚਾਨਣ ਦੇ ਵਿੱਚ ਏਦਾਂ ਚਮਕਣ ਜਿਉ ਸੋਨੇ ਦੀਆਂ ਤਾਰਾਂ।
ਦੂਹਰੀਆਂ ਹੋ ਹੋ ਨੱਚਣ ਕੁੜੀਆਂ, ਜਿਉਂ ਹਰਨਾਂ ਦੀਆਂ ਡਾਰਾਂ,
ਜੋਰ ਜਵਾਨੀ ਦਾ ਲੁੱਟ ਲੈ ਮੌਜ ਬਹਾਰਾਂ।"

ਇਸੇ ਤਰ੍ਹਾਂ ਪੰਜਾਬੀ ਗੱਭਰੂਆਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਅਤੇ ਭਰਵੇਂ ਜੁੱਸੇ ,ਪਹਿਰਾਵੇ ਆਦਿ ਨੂੰ ਵੀ ਲੋਕ ਗੀਤਾਂ ਵਿੱਚ ਬਿਆਨ ਕੀਤਾ ਗਿਆ ਹੈ।

"ਸਾਡੇ ਪਿੰਡ ਦੇ ਮੁੰਡੇ ਦੇ ਲਓ, ਜਿਉਂ ਟਾਹਲੀ ਦੇ ਪਾਵੇ।
ਕੰਨੀਦਾਰ ਮੁੰਡੇ ਬੰਨਦੇ ਚਾਦਰੇ,ਜਿਉਂ ਪਿੰਜਣੀ ਨਾਲ ਸੁਹਾਵੇ।
ਗਿੱਧਾ ਪਾਉਂਦੇਂ ਮੁੰਡਿਆਂ ਦੀ ਸਿਫਤ ਕਰੀ ਨਾ ਜਾਵੇ।"

ਇਸ ਤੋਂ ਇਲਾਵਾ ਪੰਜਾਬ ਦੇ ਹੁਸਨ ਦੀ ਚਰਚਾ ਵੀ ਸਾਡੇ ਲੋਕ ਵਿੱਚ ਕੀਤੀ ਗਈ ਹੈ।

"ਹੁਸਨ ਕੁਆਰੀ ਦਾ
ਜਿਉਂ ਦਿਨ ਚੜ੍ਹਦੇ ਦੀ ਲਾਲੀ।"
"ਦੁੱਧ ਰਿੜਕੇ ਝਾਂਜਰਾਂ ਵਾਲੀ
ਕੈਂਠੇ ਵਾਲਾ ਧਾਰ ਕੱਢਦਾ"

ਆਰਥਿਕ ਮੰਦਹਾਲੀ ਦੇ ਗੀਤ –

ਸਾਡੇ ਲੋਕ ਗੀਤ ਪੰਜਾਬੀ ਸਮ-ਾਜਿਕ ਦਸ਼ਾ ਦੀ ਸੁਚੱਜੀ ਤਰਜਮਾਨੀ ਕਰਦੇ ਹਨ।ਲੋਕ ਗੀਤਾਂ ਵਿੱਚ ਆਰਥਿਕ ਦਸ਼ਾ ਦਾ ਜ਼ਿਕਰ ਵੀ ਮਿਲਦਾ ਹੈ।

"ਜੱਟ ਜੱਟੀ ਨੂੰ ਲੈਣ ਨਾ ਜਾਵੇ,
ਡਰਦਾ ਕਬੀਲਦਾਰੀਉਂ।"

ਇਸ ਤੋਂ ਇਲਾਵਾ ਹੋਰ ਵੀ ਬਹੁਤ ਲੋਕ ਗੀਤ ਹਨ, ਕਿਉਂਕਿ ਪੰਜਾਬੀ ਸਾਹਿਤ ਬਹੁਤ ਹੀ ਅਮੀਰ ਅਤੇ ਵਿਲੱਖਣਤਾ ਭਰਿਆ ਹੈ।

**ਸਾਡਾ ਚਿੜੀਆਂ ਦਾ ਚੰਬਾ ਵੇ
ਬਾਬਲ ਅਸਾਂ ਉੱਡ ਜਾਣਾ।
**ਲੈ ਦਿਉਰਾ ਤੈਨੂੰ ਅੱਡ ਕਰ ਦੇਨੀ ਆ
ਦੇ ਕੇ ਸੇਰ ਕੁ ਆਟਾ।
ਵੇ ਨਿੱਤ ਕੌਣ ਲੜੇ
ਕੌਣ ਪਵਾਵੇ ਝਾਟਾ।
**ਆਉਣ ਪੇਕਿਆਂ ਤੋਂ ਠੰਡੀਆਂ ਹਵਾਵਾਂ
ਵੀਰ ਮੇਰੇ ਰਹਿਣ ਵਸਦੇ।
**ਬਾਪੂ ਵੇ ਅੱਡ ਹੁੰਨੀ ਆਂ
ਗਾਂ ਲੈ ਦੇ ,ਇੱਕ ਮਹਿੰ ਲੈ ਦੇ ,
ਇੱਕ ਬੋਤੀ ਝਾਂਜਰਾਂ ਵਾਲੀ ਵੇ
ਅੱਡ ਹੁੰਨੀ ਆਂ।
"ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ,
ਕਰਦੀਆਂ ਗਾਲੜੀਆਂ।
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ।"

**ਰੁੱਤਾਂ ਦੇ ਗੀਤ:-** ਪੰਜਾਬ ਦੀ ਹਰ ਰੁੱਤ ਵੰਨ ਸੁਵੰਨਤਾ ਅਤੇ ਸੁਹਾਵਣਾਪਣ ਲੈ ਕੇ ਆਉਦੀ ਹੈ।

"ਚੇਤਰ ਨਾ ਜਾਈਂ ਚੰਨਾਂ
ਖਿੜ੍ਹੀ ਬਹਾਰ ਵੇ।
ਵਿਸਾਖ ਨਾ ਜਾਈਂ ਚੰਨਾਂ
ਕੰਮਾਂ ਦੀ ਮਾਰ ਵੇ।"

ਤੀਆਂ ਦੇ ਗੀਤ:-

"ਰਲ ਆਓ ਸਈਓ ਨੀ,
ਸਭ ਤੀਆਂ ਖੇਡਣ ਜਾਈਏ।
ਚੜ੍ਹ ਆ ਗਿਆ ਸਾਵਣ ਨੀ,
ਪੀਘਾਂ ਪਿੱਪਲੀਂ ਜਾ ਕੇ ਪਾਈਏ।"

ਸੱਥਰ ਵੇਲੇ ਦੇ ਵੈਣ-

ਪੰਜਾਬੀ ਸੁਆਣੀ ਦੁਖੀ ਦਿਲ ਦੀਆਂ ਅਸਹਿ ਸੱਟਾਂ ਨੂੰ ਮਰਨ ਸਮੇਂ ਵੈਣ ਪਾ ਕੇ ਦੁਨੀਆਂ ਦੀ ਬੇਸਬਾਸੀ, ਮੌਤ ਦੇ ਅੱਲਟ ਹੁਕਮ ਤੇ ਮਰਨ ਵਾਲੇ ਦੀਆਂ ਸਿਫਤਾਂ ਮਿਲਵੀ ਹੇਕ ਵਿੱਚ ਦਰਸਾਉਂਦੀ ਹੈ।

"ਤੈਨੂੰ ਮੌਤ ਪੁਛੇਂਦੀ ਆਈ, ਧੀਏ!
ਹਾਇਆ ਧੀਏ!
ਤੈਨੂੰ ਕੀ ਹੋਇਆ ਕੀ ਹੋਇਆ,
ਬੀਬੋ ਮੋਰਨੀਏ!
ਹਾਇਆ ਧੀਏ ਮੋਰਨੀਏ!"

ਨਸੀਹਤ ਵਾਲੇ ਗੀਤ:-

ਢਾਈਏ ਢਾਈਏ ਢਾਈਏ,
ਮਾਪੇ ਹੁੰਦੇ ਰੱਬ ਵਰਗੇ
ਸਦਾ ਰੱਬ ਦਾ ਨਾਮ ਧਿਆਈਏ।"

ਇਸ ਤੋਂ ਸਾਡੀ ਆਸਤਾ, ਇਤਿਹਾਸ ਅਤੇ ਧਰਮ ਦੀ ਸਹੀ ਤਰਜਮਾਨੀ ਕਰਦੇ ਗੀਤ ਵੀ ਸਾਡਾ ਸਾਹਿਤ ਸਮੋਈ ਬੈਠਾ ਹੈ। ਪੰਜਾਬੀ ਲੋਕ ਗੀਤ ਪੰਜਾਬੀ ਸਾਹਿਤ, ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਦੀ ਜਿੰਦ ਜਾਨ ਹਨ। ਇਹ ਸਾਡੀ ਸੱਭਿਆਚਾਰਕ ਅਮੀਰੀ, ਸਮਾਜਿਕ ਕਦਰਾਂ ਕੀਮਤਾਂ, ਸਾਡੀ ਸ਼ਾਨ ਅਤੇ ਮਾਣ ਦਾ ਪ੍ਰਤੀਕ ਹਨ। ਇਹਨਾਂ ਨੂੰ ਸੰਭਾਲਣ ਲਈ ਬਹੁਤ ਲੋੜ ਹੈ, ਨਹੀਂ ਤਾਂ ਅਸੀਂ ਇੱਕ ਦਿਨ ਸਾਡੀ ਇਸ ਅਮੀਰ ਵਿਰਾਸਤ ਤੋਂ ਵਿਰਵੇ ਹੋ ਜਾਵਾਂਗੇ।

# ਅਜ਼ਾਦੀ ਦੇ 75 ਸਾਲ ਤੇ 80 ਕਰੋੜ ਦਲਿਤਾਂ ਦੀ ਅਜ਼ਾਦੀ?

**(ਸਫਾ 30 ਦੀ ਬਾਕੀ)**

ਤੇਜ਼ੀ ਨਾਲ ਵੱਧ ਰਹੀ ਗਰੀਬੀ-ਅਮੀਰੀ ਬਾਰੇ ਜੋ ਰਿਪੋਰਟ ਪੇਸ਼ ਕੀਤੀ ਗਈ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਦੀ ਧੰਨ ਦੌਲਤ ਉਤੇ ਅਮੀਰਾਂ ਦਾ ਕਬਜ਼ਾ ਤੇਜ਼ੀ ਨਾਲ ਵੱਧ ਰਿਹਾ ਹੈ। ਭਾਰਤ ਵਿਚ ਅਮੀਰ ਅਰਬਪਤੀਆਂ ਦਾ ਧੰਨ 23.14 ਲੱਖ ਕਰੋੜ ਰੁਪਏ ਤੋਂ ਵੱਧ ਕੇ 53.16 ਲੱਖ ਕਰੋੜ ਰੁਪਏ ਹੋ ਗਿਆ ਹੈ। ਐਕਸਫੈਮ ਦੀ ਇਸ ਰਿਪੋਰਟ ਅਨੁਸਾਰ ਦੇਸ਼ ਦੇ ਸਭ ਤੋਂ ਅਮੀਰ 98 ਵਿਅਕਤੀਆਂ ਦੀ ਧੰਨ ਦੌਲਤ ਵਿੱਚ ਪੰਜਵਾਂ ਹਿੱਸਾ ਸਿਰਫ਼ ਕਾਰਪੋਰੇਟ ਅਡਾਨੀ ਘਰਾਣੇ ਦਾ ਹੈ। ਇਹ ਅਮੀਰ ਘਰਾਣਾ ਦੌਲਤ ਦੇ ਪੱਖੋਂ ਭਾਰਤ ਵਿੱਚ ਦੂਜੇ ਅਤੇ ਵਿਸ਼ਵ ਵਿੱਚ 24ਵੇਂ ਨੰਬਰ ਉਤੇ ਹੈ। ਇਸ ਘਰਾਣੇ ਦੀ ਦੌਲਤ 2020 ਵਿੱਚ 8.9 ਅਰਬ ਅਮਰੀਕਨ ਡਾਲਰ ਸੀ, ਜਿਹੜੀ 2021 ਵਿੱਚ ਵੱਧ ਕੇ 50.5 ਅਰਬ ਅਮਰੀਕਨ ਡਾਲਰ ਹੋ ਗਈ। ਮੁਕੇਸ਼ ਅੰਬਾਨੀ ਦੀ ਧੰਨ ਦੌਲਤ 36.8 ਅਰਬ ਅਮਰੀਕਨ ਡਾਲਰ ਤੋਂ ਵੱਧ ਕੇ 85.5 ਅਮਰੀਕਨ ਡਾਲਰ ਹੋ ਗਈ ਹੈ। ਰਿਪੋਰਟ ਮੁਤਾਬਿਕ ਦੇਸ਼ ਦੇ 10 ਫ਼ੀਸਦੀ ਲੋਕਾਂ ਕੋਲ ਕੌਮੀ ਆਮਦਨ ਦਾ 57 ਫ਼ੀਸਦੀ ਸਰਮਾਇਆ ਹੈ ਤੇ ਇਸ ਦੇ ਉਲਟ 50 ਫ਼ੀਸਦੀ ਲੋਕਾਂ ਕੋਲ 13 ਫ਼ੀਸਦੀ ਧੰਨਰਾਸ਼ੀ ਹੈ। ਕੋਵਿਡ ਮਹਾਂਮਾਰੀ ਨੇ ਗਰੀਬੀ ਅਮੀਰੀ ਨੂੰ ਹੋਰ ਵੀ ਦਿੱਤਾ ਹੈ। 2021 ਵਿੱਚ ਅਮੀਰ ਅਰਬਪਤੀਆਂ ਦੀ ਗਿਣਤੀ 102 ਤੋਂ ਵੱਧ ਕੇ 142 ਹੋ ਗਈ ਹੈ, ਦੂਜੇ ਪਾਸੇ ਗਰੀਬ 84ਗ਼ ਪਰਿਵਾਰਾਂ ਦੀ ਆਮਦਨ ਘਟੀ ਹੈ। ਜਿਸ ਕਾਰਨ ਗਰੀਬ ਆਦਮੀ ਸਮੱਸਿਆਵਾਂ ਵਿੱਚ ਪਿਸ ਰਿਹਾ ਹੈ। ਇਹਨ੍ਹਾਂ ਦੀ ਆਮਦਨ ਏਨੀ ਘੱਟ ਹੈ ਕਿ ਉਹ ਆਪਣੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ। ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਵਿੱਚ ਗਰਬੀ/ਅਮੀਰੀ ਦਾ ਪਾੜਾ ਦਿਨੋ-ਦਿਨ ਵੱਧ ਰਿਹਾ ਹੈ। ਸਰਕਾਰਾਂ ਨੂੰ ਹਰ ਹਾਲਤ ਵਿੱਚ ਇਸ ਪਾੜੇ ਨੂੰ ਘੱਟ ਕਰਨ ਲਈ ਅਜਿਹੀਆਂ ਨੀਤੀਆਂ ਬਣਾਉਣੀਆ ਚਾਹੀਦੀਆ ਹਨ। ਇਸ ਬਾਰੇ ਬਿਆਨਬਾਜੀ ਹੀ ਕਾਫੀ ਨਹੀਂ, ਬਲਕਿ ਇਸ ਦੇ ਲਈ ਕੋਈ ਠੋਸ ਯੋਜਨਾਬੰਦੀ ਤਿਆਰ ਕਰਨੀ ਹੋਵੇਗੀ।

ਦਲਿਤ ਸ਼ੋਸ਼ਿਤ ਮਜ਼ਦੂਰ ਔਰਤਾਂ ਵੀ ਅਜ਼ਾਦੀ ਦਾ ਨਿੱਘ ਮਾਣ ਸਕਣ ਇਸ ਲਈ ਦਬੰਗਾਂ ਨੂੰ ਸਜਾ ਦੇਣ ਵਾਸਤੇ 'ਸਿਵਲ ਅਧਿਕਾਰਾਂ ਦੀ ਹਿਫ਼ਾਜਿਤ ਐਕਟ 1955', 'ਕਨੂੰਨੀ ਸੇਵਾਵਾਂ ਅਥਾਰਟੀਜ ਐਕਟ 1987' ਅਤੇ 'ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਕਬੀਲੇ (ਅੱਤਿਆਚਾਰ ਨਿਵਾਰਨ) ਐਕਟ 1989 ਅਤੇ 2015 'ਚ ਇਸ ਨੂੰ ਸੋਧ ਕੇ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ। ਪਰ ਉਪਰੋਕਤ ਵਿਸ਼ੇਸ਼ ਕਨੂੰਨਾਂ ਅਤੇ ਉਪਰਾਲਿਆਂ ਦੇ ਬਾਵਜੂਦ ਵੀ ਦਲਿਤਾਂ ਉੱਤੇ ਅੱਤਿਆਚਾਰ ਬੰਦ ਨਹੀਂ ਹੋ ਰਹੇ ਹਨ। ਨੈਸ਼ਨਲ ਬਿਊਰੋ ਆਫ਼ ਕਰਾਈਮ ਬ੍ਰਾਂਚ ਦੀ 2016 ਦੀ ਰਿਪੋਰਟ ਅਨੁਸਾਰ ਹਰ ਹਫ਼ਤੇ 13 ਦਲਿਤਾਂ ਦੀ ਹੱਤਿਆ, 6 ਦਲਿਤਾਂ ਦਾ ਅਪਹਰਣ, 3 ਦਲਿਤਾਂ ਔਰਤਾਂ ਨਾਲ ਹਰ ਰੋਜ਼ ਬਲਾਤਕਾਰ, 11 ਦਲਿਤਾਂ ਦਾ ਹਰ ਰੋਜ਼ ਉਤਪੀੜਨ, 18 ਮਿੰਟ 'ਚ ਇੱਕ ਦਲਿਤ 'ਤੇ ਘਨੋਣਾ ਅੱਤਿਆਚਾਰ ਅਤੇ 5 ਦਲਿਤਾਂ ਦੇ ਘਰ ਬਾਰ ਸਾੜ ਦਿੱਤੇ ਜਾਂਦੇ ਹਨ। ਦੇਸ਼ ਵਿਚ 80 ਕਰੋੜ ਲੋਕ ਦਲਿਤ ਹਨ।

ਦੇਸ਼ ਦੀ ਸਰਬਉਚ ਅਦਾਲਤ ਸੁਪਰੀਮਕੋਰਟ ਵਿਚ ਉਹਨਾਂ ਦਾ ਕੋਈ ਜੱਜ ਨਹੀ ਹੈ। ਦੇਸ਼ ਦੀਆਂ ਹਾਈਕੋਰਟਾਂ ਦੇ 750 ਵਿਚੋਂ ਸਿਰਫ਼ 15 ਜੱਜ ਹਨ। ਪ੍ਰਸਾਸਨਿਕ ਔਹਦੇ ਗਵਰਨਰ, ਵਾਈਸ ਚਾਂਸਲਰ, ਸੈਕਟਰੀ ਆਦਿ 'ਚ ਨਾ ਮਾਤਰ ਹਨ। ਰਿਜ਼ਰਬ ਸੀਟਾਂ 'ਤੇ ਲੋਕ ਸਭਾ 'ਚ ਜਿੱਤੇ 131 ਐਮ ਪੀ ਅਤੇ ਵਿਧਾਨ ਸਭਾਵਾਂ ਵਿਚ ਜਿੱਤੇ 1050 ਦੇ ਕਰੀਬ ਐਮ ਐਲ ਏ ਸ਼ਡੂਲਡਕਾਸਟ ਆਗੂ ਨਿੱਜੀ ਸਵਾਰਥਾਂ ਲਈ ਰਾਜਨੀਤਕ ਪਾਰਟੀਆਂ ਦੇ ਹੱਥ ਠੋਕਾ ਬਣੇ ਹੋਏ?

ਅੱਤਿਆਚਾਰ ਅਤੇ ਸ਼ੋਸ਼ਣ ਦੇ ਖਿਲਾਫ ਦਲਿਤ ਸ਼ੋਸ਼ਿਤ ਮਜ਼ਦੂਰ ਚਾਰ ਤਰ੍ਹਾਂ ਦੀ ਪ੍ਰਤਿਕਿਰਿਆ ਕਰਦੇ ਹਨ। (1) ਜੁਲਮ ਅਤੇ ਸ਼ੋਸ਼ਣ ਨੂੰ ਆਪਣੀ ਕਿਸਮਤ ਮੰਨ ਕੇ ਚੁੱਪ ਚਾਪ ਸਹਿਣ ਕਰ ਲੈਂਦੇ ਹਨ। (2) ਜਾਂ ਫਿਰ ਜੁਲਮ ਅਤੇ ਸ਼ੋਸ਼ਣ ਤੋਂ ਬਚਣ ਲਈ ਪਿੰਡ ਛੱਡ ਕੇ ਸ਼ਹਿਰ ਦੀ ਸਲੱਮਬਸਤੀ ਵਿੱਚ ਜੀਵਨ ਢੋਣ ਲੱਗ ਜਾਂਦੇ ਹਨ। (3) ਜਾਂ ਫਿਰ ਜੁਲਮ ਅਤੇ ਸ਼ੋਸ਼ਣ ਤੋਂ ਬਚਣ ਲਈ ਇਕੱਲਾ ਕਹਿਰਾ ਆਤਮ ਹੱਤਿਆ ਕਰ ਲੈਂਦਾ ਹੈ। (4) ਅਣਖੀ ਲੋਕ ਹਥਿਆਰ ਚੁੱਕ ਲੈਂਦੇ ਹਨ। ਸਰਕਾਰ ਉਹਨਾਂ ਨੂੰ ਹਥਿਆਰਾਂ ਨਾਲ ਦਬਾਉਂਦੀ ਹੈ ਤਾਂ ਹਿੰਸਾ ਹੁੰਦੀ ਹੈ। ਉਹ ਹਿੰਸਾ ਦਾ ਜਵਾਬ ਹਿੰਸਾ 'ਚ ਦਿੰਦੇ ਹਨ। ਹਿੰਸਾ ਕੋਈ ਸਮੱਸਿਆ ਦਾ ਹਲ ਨਹੀ ਹੈ। ਸਰਕਾਰਾਂ ਨੂੰ ਦਲਿਤ ਸ਼ੋਸ਼ਿਤ ਮਜ਼ਦੂਰ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਇਸ ਦੇ ਹੱਲ ਲੱਭਣੇ ਚਾਹੀਦੇ ਹਨ।

ਦੇਸ਼ ਭਾਰਤ ਵਿਚ ਮੁਸਲਮਾਨਾਂ ਦੀ ਆਬਾਦੀ 19 ਕਰੋੜ ਹੈ, ਜੋ ਕਿ ਭਾਰਤ ਦੀ ਕੁੱਲ ਆਬਾਦੀ ਦਾ 14.2 ਪ੍ਰਤੀਸ਼ਤ ਹੈ। ਮੁਸਲਮਾਨਾਂ ਨੂੰ ਉਹਨਾਂ ਦਾ ਬਣਦਾ ਮਾਨ ਸਨਮਾਨ ਨਹੀਂ ਮਿਲ ਰਿਹਾ। ਲੋਕ ਸਭਾ ਵਿੱਚ ਕੇਵਲ 23 ਮੁਸਲਮਾਨ ਮੈਂਬਰ ਹਨ ਜਿਹੜਾ ਕਿ ਸਦਨ ਦੇ ਕੁੱਲ ਮੈਂਬਰਾਂ ਦੀ ਸੰਖਿਆ ਦਾ 4 ਪ੍ਰਤੀਸ਼ੱਤ ਹਨ। ਸੱਤਾਧਾਰੀ ਦਲ ਦਾ ਇੱਕ ਵੀ ਲੋਕ ਸਭਾ ਮੈਂਬਰ ਮੁਸਲਮਾਨ ਨਹੀਂ ਹੈ।

ਕੇਂਦਰੀ ਮੰਤਰੀ ਮੰਡਲ ਵਿੱਚ ਕੈਬਨਿਟ ਦਰਜੇ ਦਾ ਇੱਕ ਵੀ ਮੁਸਲਮਾਨ ਨਹੀਂ ਹੈ। ਉਤਰ ਪ੍ਰਦੇਸ਼ ਦੀ ਮਜੂਦਾ ਵਿਧਾਨ ਸਭਾ ਚੋਣ 'ਚ ਭਾਜਪਾ ਨੇ ਇੱਕ ਵੀ ਮੁਸਲਿਮ ਉਮੀਦਵਾਰ ਖੜ੍ਹਾ ਨਹੀਂ ਕੀਤਾ। ਕੇਵਲ 24 ਮੁਸਲਮਾਨ (5.9 ਪ੍ਰਤੀਸ਼ਤ) ਉਤਰ ਪ੍ਰਦੇਸ਼ ਵਿਧਾਨ ਸਭਾ ਲਈ ਚੁਣੇ ਗਏ। ਮੁਸਲਮਾਨਾਂ ਦੀ ਨੁਮਾਇੰਦਗੀ ਘੱਟਦੀ ਜਾ ਰਹੀ ਹੈ।

ਮਾਨਯੋਗ ਦਿੱਲੀ ਹਾਈਕੋਰਟ ਦਾ ਹਰਿਆਣਾ ਦੇ 'ਮਿਰਚਪੁਰ ਕਾਂਡ' ਬਾਰੇ ਦਿੱਤਾ ਫੈਸਲਾਂ ਸਲਾਉਣਯੋਗ ਤਾਂ ਹੈ ਹੀ, ਪਰ ਜਸਟਿਸ ਐਸ ਮੁਰਲੀ ਧਰਨ ਤੇ ਜਸਟਿਸ ਆਈ ਐਸ ਮਹਿਤਾ ਅਧਾਰਤ ਬੈਂਚ ਦੀ ਬੇਬਾਕ ਟਿੱਪਣੀ ਕਿ 'ਅਜ਼ਾਦੀ ਦੇ 71 ਸਾਲ ਬਾਅਦ ਵੀ ਦੇਸ਼ ਵਿਚ ਦਲਿਤਾਂ ਨਾਲ ਭੇਦ-ਭਾਵ ਅਤੇ ਅੱਤਿਆਚਾਰਾਂ ਦੀਆਂ ਘਟਨਾਵਾਂ ਬੇਹੱਦ ਗੰਭੀਰ ਹਨ' ਦੇਸ਼ਵਾਸੀਆਂ ਅਤੇ ਸਰਕਾਰਾਂ ਲਈ ਚਿਤਾਵਨੀ ਵੀ ਹੈ। ਮਾਨਯੋਗ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਹੁਣ ਸਮਾਂ ਹੈ ਜਦੋਂ ਸੱਭਿਅਕ ਸਮਾਜ ਨੂੰ ਅੱਗੇ ਹੋ ਕੇ ਜਾਤ ਦੇ ਨਾਂ 'ਤੇ ਕੀਤੇ ਜਾਂਦੇ ਇਨ੍ਹਾਂ ਭਿਆਨਕ ਅਪਰਾਧਾਂ ਦਾ ਪੂਰੀ ਮਜ਼ਬੂਤੀ ਨਾਲ ਵਿਰੋਧ ਕਰਨਾ ਚਾਹੀਦਾ ਹੈ। ਇਸ ਲਈ ਸਰਕਾਰਾਂ ਨੂੰ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਗੰਭੀਰਤਾ ਨਾਲ ਰੋਕਣਾ ਹੋਵੇਗਾ।

ਉੜੀਸਾ ਦੇ ਕਟਕ ਇਲਾਕੇ ਦੇ ਦਿਹਾੜੀਦਾਰ ਮਜ਼ਦੂਰ ਵਿਪਨ ਗਜਰਾਈ ਨੂੰ ਆਪਣੀ ਪਤਨੀ ਗੁਰੂਵਾਰੀ (ਜੋ ਬੱਚਾ ਪੈਦਾ ਕਰਨ ਸਮੇਂ ਮਰ ਗਈ ਸੀ) ਦੀ ਲਾਸ਼ ਦੇ ਸੰਸਕਾਰ ਲਈ ਨਵੇਂ ਪੈਦਾ ਹੋਏ ਬੱਚੇ ਨੂੰ 12 ਸੌ ਰੁਪਏ ਵਿੱਚ ਵੇਚਣਾ ਪਿਆ। ਉੱਤਰ ਪ੍ਰਦੇਸ਼ ਦੇ ਜੌਨਪੁਰ ਜ਼ਿਲ੍ਹੇ ਵਿੱਚ ਬਖੇੜ ਸੋਨਕਰ ਨੂੰ ਆਪਣੀ ਜ਼ਿੰਦਾ ਲੜਕੀ ਸੰਗੀਤਾ ਨੂੰ ਗੋਮਤੀ ਨਦੀ ਵਿੱਚ ਇਸ ਕਰਕੇ ਵਹਾਉਣਾ ਪਿਆ ਕਿਉਂਕਿ ਉਸ ਦੇ ਗੁਰਦਿਆਂ ਦੇ ਇਲਾਜ ਲਈ ਉਸ ਪਾਸ ਪੈਸੇ ਨਹੀਂ ਸਨ।

ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਅਸੀਂ ਜਾਤੀਵਾਦ ਤੇ ਸ਼ੋਸ਼ਣ ਨੂੰ ਅਜੇ ਤੱਕ ਜੜ੍ਹੋਂ ਨਹੀਂ ਪੁੱਟ ਸਕੇ। ਉਪਰੋਕਤ ਜਾਤੀ ਅਧਾਰਿਤ ਹਿੰਸਕ ਘਟਨਾਵਾਂ ਅਤੇ ਘਿਨਾਉਣਾ ਆਰਥਿਕ ਸ਼ੋਸ਼ਣ ਇਹ ਸਵਾਲ ਪੈਦਾ ਕਰਦਾ ਹੈ ਕਿ ਦੇਸ਼ ਦੇ 80 ਕਰੋੜ ਦਲਿਤ ਸ਼ੋਸ਼ਿਤ ਮਜ਼ਦੂਰ ਆਦਿਵਾਸੀ ਤੇ ਘੱਟ ਗਿਣਤੀਆਂ ਲਈ ਅਜ਼ਾਦੀ ਕਿੱਥੇ ਹੈ?

ਇੱਥੇ ਡਾਕਟਰ ਅੰਬੇਡਕਰ ਦੀ ਦੇਸ਼ਵਾਸੀਆ ਨੂੰ ਸੰਵਿਧਨ ਦਿੰਦੇ ਹੋਏ 25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿਚ ਦਿੱਤੀ ਚੇਤਾਵਨੀ, "26 ਜਨਵਰੀ 1950 ਨੂੰ ਅਸੀਂ ਇਕ ਟਕਰਾਵੀ ਜ਼ਿੰਦਗੀ ਵਿਚ ਪ੍ਰਵੇਸ਼ ਕਰਾਂਗੇ। ਰਾਜਨੀਤੀ ਵਿਚ ਅਸੀਂ ਬਰਾਬਰ ਹੋਵਾਂਗੇ।

ਪਰ ਸਮਾਜੀ ਅਤੇ ਮਾਲੀ ਜੀਵਨ ਵਿਚ ਨਾਬਰਾਬਰ। ਕਿੰਨੀ ਦੇਰ ਤੱਕ ਅਸੀਂ ਸਮਾਜੀ ਅਤੇ ਮਾਲੀ ਜੀਵਨ ਵਿਚ ਬਰਾਬਰੀ ਤੋਂ ਇਨਕਾਰ ਕਰਦੇ ਰਹਾਂਗੇ? ਜੇਕਰ ਅਸੀਂ ਲਗਾਤਾਰ ਕਾਫੀ ਚਿਰ ਇਨਕਾਰ ਕਰਦੇ ਰਹੇ ਤਾਂ ਅਸੀਂ ਅਜਿਹੀ ਸਿਆਸੀ ਜਮਹੂਰੀਅਤ ਨੂੰ ਖਤਰੇ ਵਿਚ ਪਾ ਕੇ ਰਹਾਂਗੇ। ਸਾਨੂੰ ਇਸ ਫਰਕ ਨੂੰ ਛੇਤੀ ਤੋਂ ਛੇਤੀ ਦੂਰ ਕਰ ਦੇਣਾ ਚਾਹੀਦਾ ਹੈ ਵਰਨਾ ਉਹ ਲੋਕ ਜੋ ਨਾਬਰਾਬਰੀ ਤੋਂ ਪੀੜਤ ਹੋਣਗੇ, ਉਹ ਸਿਆਸੀ ਜਮਹੂਰੀਅਤ ਦੇ ਢਾਂਚੇ ਨੂੰ ਉਖਾੜ ਦੇਣਗੇ ਜੋ ਇਸ ਵਿਧਾਨ ਸਭਾ ਨੇ ਇੰਨੀ ਮਿਹਨਤ ਨਾਲ ਬਣਾਇਆ ਹੈ। ਦੇਸ਼ ਦੀ ਆਜ਼ਾਦੀ ਦੀ ਰੱਖਿਆ ਲਈ ਸਾਨੂੰ ਆਪਣੇ ਖ਼ੂਨ ਦਾ ਆਖਰੀ ਕਤਰਾ ਤੱਕ ਡੋਲਣਾ ਹੋਵੇਗਾ। ਨਵੇ ਸੰਵਿਧਾਨ ਵਿਚ ਜੇ ਹਲਾਤ ਵਿਗੜੇ, ਤਾਂ ਕਾਰਨ ਇਹ ਨਹੀ ਹੋਵੇਗਾ ਕਿ ਸੰਵਿਧਾਨ ਮਾੜਾ ਹੈ, ਸਗੋਂ ਸਾਨੂੰ ਇਹ ਕਹਿਣਾ ਹੋਵੇਗਾ ਕਿ ਲਾਗੂ ਕਰਨ ਵਾਲੇ ਨਿਕੰਮੇ ਨਿਕਲੇ।''

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

### ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES

### WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

### ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust